ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ: ੬੮ ਪੋਹ-ਮਾਘ ਸੰਮਤ ਨਾਨਕਸ਼ਾਹੀ ੫੫੬ ਜਨਵਰੀ ੨੦੨੫ ਅੰਕ : ੧੦
Vol. : 68 January 2025 Issue : 10



ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ (ਬਿਹਾਰ)



ਗੁਰਦੁਆਰਾ ਬਾਲ ਲੀਲਾ ਮੈਣੀ ਸੰਗਤ, ਪਟਨਾ (ਬਿਹਾਰ)



ਗੁਰਦੁਆਰਾ ਕੰਗਣ ਘਾਟ, ਪਟਨਾ (ਬਿਹਾਰ)

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਪੋਹ-ਮਾਘ, ਸੰਮਤ ਨਾਨਕਸ਼ਾਹੀ ੫੫੬ ਜਨਵਰੀ 2025

ਜਿਲਦ ੬੮ (Vol. 68) ਅੰਕ ੧੦ (Issue 10)

*ਸੰਪਾਦਕ*

**ਸਤਵਿੰਦਰ ਸਿੰਘ**

*ਸਹਾਇਕ ਸੰਪਾਦਕ*

**ਬਿਕਰਮਜੀਤ ਸਿੰਘ**

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | S 5 | ਸਾਲਾਨਾ | S 1250 |
| ਸਾਲਾਨਾ | S 50 | ਪੰਜ ਸਾਲ | S 5000 |
| ਪੰਜ ਸਾਲ | S 250 | ਲਾਈਫ਼ | S 10000 |
| ਲਾਈਫ਼ | S 500 | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Sri Amritsar-143006

ਫੋਨ : 0183-2553956-59 ਐਕਸ 304 ਫੈਕਸ : 0183-2553919

website : www.sgpc.net

e-mail :gurmatparkashmonthly@gmail.com,
gyan_gurmat@yahoo.com

ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਸੰਖੇਪ ਜੀਵਨ: ਸ੍ਰੀ ਗੁਰੂ ਗੋਬਿੰਦ ਸਿੰਘ ਜੀ | -ਸ. ਬਲਵਿੰਦਰ ਸਿੰਘ ਕਾਹਲਵਾਂ | ੮ |
| ਹਮ ਇਹ ਕਾਜ ਜਗਤ ਮੋ ਆਏ | -ਸਤਵਿੰਦਰ ਸਿੰਘ ਫੂਲਪੁਰ | ੧੬ |
| ਨੂਰ ਦਰ ਹਰ ਚਸ਼ਮ ਗੁਰ ਗੋਬਿੰਦ ਸਿੰਘ | -ਡਾ. ਸਰਬਜੀਤ ਕੌਰ ਸੰਧਾਵਾਲੀਆ | ੧੯ |
| ਭਾਈ ਨੰਦ ਲਾਲ ਜੀ ਦੀ ਦ੍ਰਿਸ਼ਟੀ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ | | ੨੩ |
| ਦਸਮ ਪਾਤਸ਼ਾਹ ਜੀ ਦੀਆਂ ਮਹਾਨ ਸਿੱਖਿਆਵਾਂ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੩੧ |
| ਜਨਵਰੀ ਅਤੇ ਫਰਵਰੀ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ | | ੩੩ |
| ਇਨਸਾਨੀਅਤ ਦੇ ਪਹਿਰੇਦਾਰ : ਬਾਬਾ ਮੋਤੀ ਰਾਮ ਮਹਿਰਾ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੩੪ |
| ਸ੍ਰੀ ਸ਼ਸਤ੍ਰ ਨਾਮ ਮਾਲਾ | -ਸ. ਸੇਵਾ ਸਿੰਘ ਸੇਵਕ | ੪੧ |
| ਸਿਧਾਂਤ, ਸੰਵਾਦ ਤੇ ਸਾਖੀ | -ਡਾ. ਰੂਪ ਸਿੰਘ | ੪੬ |
| ਚਾਲ਼ੀ ਮੁਕਤੇ | -ਡਾ. ਜਸਵੰਤ ਸਿੰਘ ਨੇਕੀ | ੫੨ |
| ਗੁਰਦੁਆਰਾ ਪਾਤਸ਼ਾਹੀ ਦਸਵੀਂ, ਰਾਇਪੁਰ ਰਾਣੀ | -ਡਾ. ਪਰਮਵੀਰ ਸਿੰਘ | ੫੫ |
| ਇਤਿਹਾਸ ਸਿੱਖ ਰਹਿਤ ਮਰਯਾਦਾ... | -ਸ. ਗੁਰਚਰਨਜੀਤ ਸਿੰਘ ਲਾਂਬਾ | ੫੮ |
| ਸੁਹਾਗਣ | -ਸ. ਨਰਿੰਦਰ ਸਿੰਘ ਸੋਚ | ੬੨ |
| ਜਹ ਮੁਸਕਲ ਹੋਵੈ ਅਤਿ ਭਾਰੀ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥ | -ਭਾਈ ਰੇਸ਼ਮ ਸਿੰਘ | ੬੫ |
| ਭਾਰਤੀ ਸੰਵਿਧਾਨ: ਸਿੱਖਾਂ ਲਈ ਗਹਿਣਾ ਜਾਂ ਸੁਨਹਿਰੀ ਜ਼ੰਜੀਰ | -ਸ. ਗੁਰਚਰਨਜੀਤ ਸਿੰਘ ਲਾਂਬਾ | ੬੭ |
| ਸਹਿਣਸ਼ੀਲਤਾ | -ਡਾ. ਰਾਜਵਿੰਦਰ ਸਿੰਘ ਜੋਗਾ | ੭੩ |
| ਅਰਦਾਸ ਵਿਚਲੇ ਸੱਤ ਦਾਨ | -ਭਾਈ ਪਰਦੀਪ ਸਿੰਘ | ੭੬ |
| ਸੱਚੀ ਸਰਕਾਰ (ਕਵਿਤਾ) | -ਗਿ. ਸਰਮ ਸਿੰਘ | ੮੦ |
| ਪਰਮਾਤਮਾ ਦੀ ਬਖਸ਼ੀ ਸਰਵਉੱਚ ਪਦਵੀ : ਗੁਰਸਿੱਖੀ | -ਡਾ ਸਤਿੰਦਰ ਪਾਲ ਸਿੰਘ | ੮੧ |
| ਅੰਤਰ ਧਾਰਮਿਕ ਸੰਵਾਦ ਸਭਾ-ਈਸਾਈ ਅਤੇ ਸਿੱਖ ਭਾਈਚਾਰਾ... | | ੮੪ |
| ਰਾਗੁ ਆਸਾ | -ਮਾ. ਬਲਬੀਰ ਸਿੰਘ ਹੰਸਪਾਲ | ੮੭ |
| ਮਤੇ | | ੮੯ |
| ਦਸਮ ਪਾਤਸ਼ਾਹ ਦੇ ਵਾਰੀ ਜੇਰਿਆਂ ਤੋਂ... (ਕਵਿਤਾ) | -ਸ. ਸਤਿਨਾਮ ਸਿੰਘ ਕੋਮਲ | ੯੦ |
| ਖ਼ਬਰਨਾਮਾ | | ੯੧ |

# ਗੁਰਬਾਣੀ ਵਿਚਾਰ

*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥*
*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥*
*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥*
*ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥*
*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥*
*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥*
*ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥*
*ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ॥*
*ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਪਾਵਨ ਪਉੜੀ ਦੇ ਅੰਦਰ ਮਾਘ ਮਹੀਨੇ ਦੀ ਬਹਾਰ ਅਤੇ ਵਾਤਾਵਰਨ ਦਾ ਸੰਕੇਤਕ ਵਰਣਨ ਕਰਦਿਆਂ ਮਨੁੱਖ ਨੂੰ ਵਿਕਾਰਾਂ ਤੇ ਔਗੁਣਾਂ ਨੂੰ ਤਿਆਗਣ ਅਤੇ ਗੁਣਾਂ ਨੂੰ ਅਪਣਾਉਣ ਦੀ ਨਿਰਮਲ ਗੁਰਮਤਿ ਸਿੱਖਿਆ ਬਖ਼ਸ਼ਿਸ਼ ਕਰਦੇ ਹਨ। ਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਭਾਈ! ਮਾਘ ਦੇ ਮਹੀਨੇ ਵਿਚ ਸਾਧੂਆਂ ਜਾਂ ਭਲੇ ਮਨੁੱਖਾਂ ਦੀ ਸੰਗਤ ਰੂਪ ਧੂੜੀ ਦਾ ਅਤਿਅੰਤ ਨਿਮਰਤਾ ਤੇ ਹਲੀਮੀ ਧਾਰਨ ਕਰ ਕੇ ਇਸ਼ਨਾਨ ਕਰੋ। ਇਸ ਮਹੀਨੇ ਪਰਮਾਤਮਾ ਦਾ ਨਾਮ ਧਿਆਵੋ। ਪਾਵਨ-ਪਵਿੱਤਰ ਨਾਮ ਨੂੰ ਸੁਣ ਕੇ ਪ੍ਰਾਪਤ ਹੋਇਆ ਨਾਮ-ਦਾਨ ਅੱਗੋਂ ਸਾਰਿਆਂ ਸੰਗ-ਸਾਥ ਵਾਲਿਆਂ ਨੂੰ ਵੰਡੋ। ਗੁਰੂ ਜੀ ਕਥਨ ਕਰਦੇ ਹਨ ਕਿ ਉਕਤ ਵਰਣਿਤ ਗੁਰਮਤਿ ਉਪਦੇਸ਼ ਅਮਲ ਵਿਚ ਲਿਆਓਗੇ ਤਾਂ ਜਨਮਾਂ-ਜਨਮਾਂ ਦੇ ਕੀਤੇ ਮਾੜੇ ਕਰਮਾਂ ਦੀ ਮੈਲ ਉਤਰ ਜਾਏਗੀ ਅਤੇ ਮਨ ਤੋਂ ਅਹੰਕਾਰ ਚਲਾ ਜਾਏਗਾ। ਕਾਮ ਅਤੇ ਕ੍ਰੋਧ ਵਰਗੇ ਵਿਕਾਰ ਤਦੋਂ ਨਹੀਂ ਖਿੱਚਣਗੇ। ਮਨੁੱਖੀ ਮਨ ਅੰਦਰੋਂ ਲੋਭ ਰੂਪੀ ਕੁੱਤਾ ਵੀ ਖ਼ਤਮ ਹੋ ਜਾਵੇਗਾ। ਇਹ ਸੱਚਾ ਰਸਤਾ ਹੈ ਜਿਸ ’ਤੇ ਤੁਰਨ ਨਾਲ ਸੁਭਾਵਿਕ ਹੀ ਸੰਸਾਰ ਵੀ ਸੱਚੀ ਪ੍ਰਸੰਸਾ ਕਰਦਾ ਹੈ। ਮਨੁੱਖ ਲਈ ਦਇਆ-ਭਾਵਨਾ ਭਾਵ ਗਰੀਬ ਦੇ ਪ੍ਰਤੀ ਤਰਸ ਅਤੇ ਲੋੜਵੰਦਾਂ ਦੀਆਂ ਲੋੜਾਂ ਦੀ ਪੂਰਤੀ ਦਾ ਖਿਆਲ ਕਰਨਾ ਬਹੁਤ ਮਹੱਤਵਪੂਰਨ ਹੈ, ਜਿਸ ’ਚ ਅਠਾਹਠ ਤੀਰਥਾਂ ਦਾ ਇਸ਼ਨਾਨ ਅਤੇ ਉੱਥੇ ਜਾ ਕੇ ਕਮਾਏ ਜਾਣ ਵਾਲੇ ਪੁੰਨ-ਕਰਮ ਸਹਿਜੇ ਹੀ ਸ਼ਾਮਲ ਹੁੰਦੇ ਹਨ ਭਾਵ ਇਨ੍ਹਾਂ ਦੇ ਕਰਨ ਦੀ ਲੋੜ ਹੀ ਨਹੀਂ ਰਹਿੰਦੀ। ਨਾਮ-ਸਿਮਰਨ ਦੀ ਉੱਚੀ ਵਸਤੂ ਜਿਸ ਮਨੁੱਖ ਨੂੰ ਪ੍ਰਭੂ-ਦਇਆ ਨਾਲ ਮਿਲ ਜਾਂਦੀ ਹੈ। ਉਹ ਮਨੁੱਖ ਸਿਆਣਾ ਹੋ ਜਾਂਦਾ ਹੈ। ਹੇ ਨਾਨਕ! ਨਾਮ-ਸਿਮਰਨ ਕਰ ਕੇ ਜਿਨ੍ਹਾਂ ਨੂੰ ਮਾਲਕ ਮਿਲ ਗਿਆ ਹੈ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ। ਗੁਰਮਤਿ ਦੀ ਕਸਵੱਟੀ ਅਨੁਸਾਰ ਮਾਘ ਦੇ ਮਹੀਨੇ ਵਿਚ ਸੁੱਚੇ ਭਾਵ ਇਸ਼ਨਾਨ ਕਰਨ ਵਾਲੇ ਉਹ ਹੀ ਹਨ ਜਿਨ੍ਹਾਂ ਉੱਪਰ ਪੂਰਨ ਸਮਰੱਥ ਗੁਰੂ ਦੀ ਕਿਰਪਾ ਹੈ ਭਾਵ ਜੋ ਗੁਰੂ ਦੀ ਅਗਵਾਈ ’ਚ ਜੀਵਨ ਸਫ਼ਲਾ ਕਰ ਰਹੇ ਹਨ। ■

ਸੰਪਾਦਕੀ...

# ਗੁਰਬਾਣੀ ਦੇ ਲੜ ਲੱਗ ਕੇ ਹੀ ਹੋਵੇਗਾ ਜਗਤ ਦਾ ਕਲਿਆਣ

*ਸ੍ਰੀ ਗੁਰੂ ਨਾਨਕ ਸਾਹਿਬ ਨੇ ਇਸ ਜਗਤ ਅੰਦਰ ਸੰਪੂਰਨ ਮਨੁੱਖ ਦੀ ਘਾੜਤ ਲਈ ਨਾਨਕ ਨਿਰਮਲ ਪੰਥ ਦੀ ਸਥਾਪਨਾ ਕੀਤੀ ਅਤੇ ਆਪ ਆਪਣੀਆਂ ਉੱਚਤਮ ਆਦਰਸ਼ਕ ਮਿਸਾਲਾਂ ਨਾਲ ਇਸ ਨੂੰ ਉਚੇਰਾ ਤੇ ਚੰਗੇਰਾ ਬਣਾਇਆ। ਉਨ੍ਹਾਂ ਦੇ ਸਮੇਂ ਸਮਾਜ ਅੰਦਰ ਜੋ ਧਾਰਮਿਕ, ਸਮਾਜਿਕ ਕਦਰਾਂ-ਕੀਮਤਾਂ ਅਤੇ ਨੈਤਿਕ ਮੁੱਲਾਂ ਵਿਚ ਗਿਰਾਵਟ ਆ ਚੁੱਕੀ ਸੀ ਉਸ ਦੀ ਗੁਰੂ ਜੀ ਨੇ ਬੜੇ ਹੀ ਸਖਤ ਪਰ ਭਾਵ-ਪੂਰਿਤ ਸ਼ਬਦਾਂ ਵਿਚ ਨਿਖੇਧੀ ਕੀਤੀ। ਵਿਸ਼ੇਸ਼ ਕਰਕੇ ਧਾਰਮਿਕ ਆਗੂਆਂ, ਕਾਜ਼ੀਆਂ, ਮੁੱਲਾਂ-ਮੁਲਾਣਿਆਂ, ਅਖੌਤੀ ਪ੍ਰੋਹਿਤ ਵਰਗ, ਜੋਗੀਆਂ, ਨਾਥਾਂ, ਸਾਧਾਂ ਅਤੇ ਭੇਖਧਾਰੀ-ਪਖੰਡੀਆਂ ਨੂੰ ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਸੱਚ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਕੀਤੀ।*

*ਗੁਰੂ ਜੀ ਨੇ ਹੱਕ-ਸੱਚ ਤੇ ਧਰਮ ਦਾ ਉਪਦੇਸ਼ ਕਰਨ ਲਈ ਜਿੱਥੇ ਆਪ ਬਾਣੀ ਦੀ ਰਚਨਾ ਕੀਤੀ, ਉੱਥੇ ਆਪਣੀਆਂ ਪ੍ਰਚਾਰ ਯਾਤਰਾਵਾਂ ਦੌਰਾਨ ਭਾਰਤ ਦੇ ਵੱਖ-ਵੱਖ ਸਥਾਨਾਂ ਤੋਂ ਵੱਖ-ਵੱਖ ਮਹਾਂਪੁਰਖਾਂ ਦੀ ਬਾਣੀ ਜੋ ਗੁਰੂ ਆਸ਼ੇ ਨਾਲ ਮੇਲ ਖਾਂਦੀ ਸੀ, ਨੂੰ ਇਕੱਤਰ ਕਰ ਕੇ ਆਪਣੇ ਤੋਂ ਬਾਅਦ ਅਗਲੇ ਗੁਰੂ ਸਾਹਿਬਾਨ ਦੇ ਸਪੁਰਦ ਕਰਨ ਦੀ ਪ੍ਰਥਾ ਤੋਰੀ। ਇਹ ਇਕ ਮਹਾਨ ਕਾਰਜ ਸੀ, ਜਿਸ ਨਾਲ ਲਗਾਤਾਰ ਅਗਲੇਰੇ ਗੁਰੂ ਸਾਹਿਬਾਨ ਦੀ ਬਾਣੀ ਸ਼ਾਮਲ ਹੁੰਦੀ ਗਈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦੂਜੇ, ਤੀਜੇ, ਚੌਥੇ ਪਾਤਸ਼ਾਹ ਸਮੇਤ ਆਪਣੀ ਅਤੇ ਭਗਤ ਸਾਹਿਬਾਨ, ਭੱਟ ਸਾਹਿਬਾਨ ਅਤੇ ਗੁਰਸਿੱਖਾਂ ਦੀ ਬਾਣੀ ਦਾ ਸੰਕਲਨ ਕਰ ਕੇ ਆਦਿ (ਸ੍ਰੀ ਗੁਰੂ) ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ। ਇਸ ਤੋਂ ਬਾਅਦ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਦਰਜ ਕੀਤਾ।*

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੁੱਚੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈਣ ਵਾਲੇ ਜਾਗਤ-ਜੋਤ ਸ਼ਬਦ ਗੁਰੂ ਹਨ। ਇਸ ਅੰਦਰ ਦਰਜ ਚਹੁੰ ਵਰਨਾਂ ਨੂੰ ਸਾਂਝਾ ਉਪਦੇਸ਼ ਕਰਨ ਵਾਲੀ ਕਲਿਆਣਕਾਰੀ ਬਾਣੀ ਸਰਬ-ਸਾਂਝਾ ਮਨੁੱਖੀ ਭਾਈਚਾਰਾ ਸਿਰਜਣ ਦੇ ਸਮਰੱਥ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਨੂੰ ਵਿਵਹਾਰਕ ਜੀਵਨ ਵਿਚ ਅਪਣਾਅ ਕੇ ਹੀ ਵਿਸ਼ਵ-ਵਿਆਪੀ ਸਮੱਸਿਆਵਾਂ ਦੇ ਹੱਲ ਲੱਭੇ ਜਾ ਸਕਦੇ ਹਨ। ਇਸ ਲਈ ਅੱਜ ਲੋੜ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਨੂੰ ਵਿਸ਼ਵ ਭਰ ਵਿਚ ਪ੍ਰਚਾਰਨ ਦੀ।*

*ਅੱਜ ਆਧੁਨਿਕ ਯੁੱਗ ਅੰਦਰ ਮਨੁੱਖ ਨੇ ਆਪਣੇ ਐਸ਼-ਓ-ਇਸ਼ਰਤ ਲਈ ਬੇਅੰਤ ਸੁਖ-ਸਹੂਲਤਾਂ ਅਤੇ ਸਾਧਨ ਪੈਦਾ ਕਰ ਲਏ ਹਨ। ਇਹ ਸਾਧਨ ਜਿੱਥੇ ਮਨੁੱਖੀ ਜੀਵਨ*

*ਨੂੰ ਸੁਖਾਲਾ ਬਣਾ ਰਹੇ ਹਨ, ਉੱਥੇ ਨਾਲ ਹੀ ਕਈ ਸਮੱਸਿਆਵਾਂ ਦਾ ਕਾਰਨ ਵੀ ਬਣ ਰਹੇ ਹਨ। ਜੇਕਰ ਹਰੇਕ ਸਾਧਨ ਨੂੰ ਸੰਜਮਤਾ ਅਤੇ ਕਿਸੇ ਸੀਮਾ ਵਿਚ ਰਹਿ ਕੇ ਵਰਤਿਆ ਜਾਵੇ ਤਾਂ ਠੀਕ ਹੁੰਦਾ ਹੈ ਪਰੰਤੂ ਜੇਕਰ ਇਨ੍ਹਾਂ ਦੀ ਅਤਿਅੰਤ ਬੇਲੋੜੀ ਵਰਤੋਂ ਸ਼ੁਰੂ ਹੋ ਜਾਵੇ ਤਾਂ ਉਹ ਸਾਧਨ ਜਿੱਥੇ ਮਨੁੱਖਤਾ ਲਈ ਹਾਨੀਕਾਰਕ ਹੁੰਦੇ ਹਨ, ਉੱਥੇ ਸਮੁੱਚੀ ਕੁਦਰਤ, ਵਾਤਾਵਰਨ, ਬਨਸਪਤੀ ਆਦਿ ਲਈ ਵੀ ਹਾਨੀਕਾਰਕ ਹੋ ਜਾਂਦੇ ਹਨ। ਜਿਸ ਦੇ ਨਤੀਜੇ ਅਸੀਂ ਹਵਾ, ਪਾਣੀ ਪ੍ਰਦੂਸ਼ਣ ਅਤੇ ਆਲਮੀ ਤਪਸ਼ ਆਦਿ ਰੂਪਾਂ ਵਿਚ ਵੇਖ ਰਹੇ ਹਾਂ। ਸੱਤਾ-ਪ੍ਰਾਪਤੀ ਅਤੇ ਸ਼ਕਤੀ ਦੀ ਦੌੜ ਕਾਰਨ ਅੰਤਰਰਾਸ਼ਟਰੀ ਪੱਧਰ 'ਤੇ ਅਨੇਕਾਂ ਹੀ ਮੁਲਕਾਂ ਦਾ ਆਪਸ ਵਿਚ ਖਿੱਚੋਤਾਣ ਦਾ ਰਵੱਈਆ ਸਾਹਮਣੇ ਆ ਰਿਹਾ ਹੈ। ਅਜਿਹੇ ਹਾਲਾਤਾਂ ਵਿਚ ਧਰਮੀ ਲੋਕਾਂ, ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਮਨੁੱਖਤਾ ਦੇ ਰਾਹ-ਦਸੇਰੇ ਬਣਨ ਲਈ ਗੁਰਬਾਣੀ ਦੀ ਮਸ਼ਾਲ ਫੜ ਕੇ ਅੱਗੇ ਆਉਣ।*

*ਗੁਰਬਾਣੀ ਵਿਚ ਹਰੇਕ ਸਾਧਨ ਅਤੇ ਸ੍ਰੋਤ ਦੀ ਵਰਤੋਂ ਸੰਜਮਤਾ ਵਿਚ ਰਹਿ ਕੇ ਕਰਨ ਦੀ ਜਿੱਥੇ ਪ੍ਰੇਰਨਾ ਕੀਤੀ ਗਈ ਹੈ, ਉੱਥੇ ਮਨੁੱਖ-ਮਾਤਰ ਨੂੰ* ***ਅੰਜਨ ਮਾਹਿ ਨਿਰੰਜਨਿ*** *ਰਹਿ ਕੇ ਆਪਣੇ ਅਤੇ ਸਮਾਜ ਦੇ ਭਲੇ ਲਈ ਪ੍ਰੇਰਿਤ ਕੀਤਾ ਗਿਆ ਹੈ। ਸੰਜਮਤਾ ਭਰਪੂਰ ਜੀਵਨ ਜਿਉਣ ਅਤੇ ਅਕਾਲ ਪੁਰਖ ਅੱਗੇ* ***ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ*** *ਦੀ ਅਰਦਾਸ ਹੀ ਮਨੁੱਖਤਾ ਨੂੰ ਸਹੀ ਮਾਰਗ ਵਿਖਾ ਕੇ ਆਪਸੀ ਭਰਾਤਰੀ ਭਾਵ ਵਾਲਾ ਸੰਸਾਰ ਸਿਰਜਣ ਦੇ ਸਮਰੱਥ ਹੋ ਸਕਦੀ ਹੈ।*

*ਸੋ ਸਾਨੂੰ ਗੁਰਮਤਿ ਅਨੁਸਾਰੀ ਜੀਵਨ ਜਿਊਂਦਿਆਂ ਹੋਇਆਂ ਕੁਦਰਤ ਪ੍ਰਤੀ, ਸਮਾਜ ਪ੍ਰਤੀ ਅਤੇ ਵਿਸ਼ੇਸ਼ ਕਰਕੇ ਆਪਣੀ ਕੌਮ ਪ੍ਰਤੀ ਨੈਤਿਕ ਜ਼ਿੰਮੇਵਾਰੀਆਂ ਨੂੰ ਸਮਝਣਾ ਚਾਹੀਦਾ ਹੈ। ਪੰਥ-ਵਿਰੋਧੀ ਤਾਕਤਾਂ ਦੁਆਰਾ ਸਿੱਖ ਪੰਥ ਅੰਦਰ ਜੋ ਦੁਬਿਧਾਵਾਂ ਪੈਦਾ ਕਰਨ ਵਾਲਾ ਮਾਹੌਲ ਸਿਰਜਿਆ ਜਾ ਰਿਹਾ ਹੈ ਉਸ ਤੋਂ ਸੁਚੇਤ ਹੋ ਕੇ ਸਾਨੂੰ ਪੰਥ-ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਅਤੇ ਆਪਣੇ ਕੇਂਦਰੀ ਧੁਰੇ ਨਾਲ ਜੁੜਣ ਦੀ ਲੋੜ ਹੈ। ਜੇਕਰ ਅਸੀਂ ਆਪ ਆਪਣੇ ਕੇਂਦਰੀ ਧੁਰੇ ਨਾਲ ਜੁੜੇ ਹੋਵਾਂਗੇ ਤਾਂ ਹੀ ਆਪਣੀਆਂ ਮੌਜੂਦਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਨ੍ਹਾਂ ਦੁਬਿਧਾਵਾਂ, ਸ਼ੰਕਿਆਂ 'ਚੋਂ ਕੱਢ ਕੇ ਗੁਰਬਾਣੀ, ਆਪਣੇ ਅਮੀਰ ਵਿਰਸੇ ਅਤੇ ਲਾਸਾਨੀ ਇਤਿਹਾਸ ਨਾਲ ਜੋੜ ਸਕਾਂਗੇ। ਸੋ ਇਸ ਲਈ ਸਾਨੂੰ ਸਭ ਤੋਂ ਪਹਿਲਾਂ* ***ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ*** *ਵਾਲੀ ਗੁਰਮਤਿ ਜੁਗਤ ਨੂੰ ਅਪਣਾਅ ਕੇ ਗੁਰਮਤਿ ਦੇ ਆਦਰਸ਼* ***ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ*** *ਅਨੁਸਾਰ ਪੰਥਕ ਏਕਤਾ ਅਤੇ ਮਨੁੱਖੀ ਭਾਈਚਾਰੇ ਦੇ ਪਹਿਰੇਦਾਰ ਬਣਨਾ ਪਵੇਗਾ। ਤਾਂ ਹੀ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਨੂੰ ਵਿਸ਼ਵ ਭਰ ਵਿਚ ਪ੍ਰਚਾਰ ਸਕਾਂਗੇ ਜਿਸ ਨਾਲ ਪੰਥ ਦੀ ਚੜ੍ਹਦੀ ਕਲਾ ਹੋਵੇਗੀ ਅਤੇ ਸਮੁੱਚੇ ਜਗਤ ਦਾ ਕਲਿਆਣ ਹੋਵੇਗਾ।*

■

# ਸੰਖੇਪ ਜੀਵਨ: ਸ੍ਰੀ ਗੁਰੂ ਗੋਬਿੰਦ ਸਿੰਘ ਜੀ

*-ਸ. ਬਲਵਿੰਦਰ ਸਿੰਘ ਕਾਹਲਵਾਂ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਸੀਂ ਵੱਖ-ਵੱਖ ਲਕਬਾਂ ਨਾਲ ਯਾਦ ਕਰਦੇ ਹਾਂ। ਗੁਰੂ ਜੀ ਨੂੰ ਕਿਸੇ ਨੇ 'ਮਰਦ ਅਗੰਮੜਾ' ਅਤੇ 'ਵਰਿਆਮ ਇਕੇਲਾ' ਲਿਖਿਆ ਹੈ, ਕੋਈ ਉਨ੍ਹਾਂ ਨੂੰ 'ਮਹਾਂਬਲੀ' ਕਹਿ ਕੇ ਯਾਦ ਕਰਦਾ ਹੈ ਅਤੇ ਕੋਈ ਜੰਗ-ਏ-ਮੈਦਾਨ ਦਾ 'ਮਰਦ-ਏ-ਮੁਜਾਹਿਦ' ਅਤੇ ਕੋਈ 'ਮਹਾਂ-ਪਰਉਪਕਾਰੀ ਦਾਤਾ' ਦੱਸਦਾ ਹੈ। ਕੋਈ ਆਪ ਜੀ ਨੂੰ 'ਤੇਗ ਦਾ ਧਨੀ' ਕਹਿੰਦਾ ਹੈ ਅਤੇ ਕੋਈ 'ਨੀਲੇ ਦਾ ਸ਼ਾਹ ਸਵਾਰ ਬਾਜਾਂ ਵਾਲਾ' ਕਹਿ ਕੇ ਸਤਿਕਰਦਾ ਹੈ। ਸਿੱਖ ਗੁਰੂ ਜੀ ਨੂੰ 'ਦੋ ਜਹਾਨ ਦਾ ਵਾਲੀ', 'ਅੰਮ੍ਰਿਤ ਦਾ ਦਾਤਾ', 'ਸਰਬੰਸ ਦਾਨੀ' ਆਖ ਕੇ ਸ਼ਰਧਾ ਅਤੇ ਪਿਆਰ ਨਾਲ ਯਾਦ ਕਰਦੇ ਹਨ। ਗੁਰੂ ਜੀ ਆਪਣੇ ਆਪ ਨੂੰ ਨਾ ਤਾਂ ਰੱਬੀ ਅਵਤਾਰ ਮੰਨਦੇ ਹਨ ਅਤੇ ਨਾ ਹੀ ਕੋਈ ਅਰਸ਼ੀ ਦੇਵਤਾ। ਆਪ ਜੀ ਨੇ ਫੁਰਮਾਇਆ:

*ਮੋ ਕੌ ਦਾਸ ਤਵਨ ਕਾ ਜਾਨੋ॥ ਯਾ ਮੈ ਭੇਦ ਨ ਰੰਚ ਪਛਾਨੋ॥*
*ਮੈ ਹੋ ਪਰਮ ਪੁਰਖ ਕੋ ਦਾਸਾ॥ ਦੇਖਨ ਆਯੋ ਜਗਤ ਤਮਾਸਾ॥ (ਬਚਿਤ੍ਰ ਨਾਟਕ)*

ਗੁਰੂ ਜੀ ਦਾ ਫੁਰਮਾਨ ਹੈ ਕਿ ਮੈਂ ਅਕਾਲ ਪੁਰਖ ਦਾ ਦਾਸ ਹਾਂ ਅਤੇ ਸੰਸਾਰ ਵਿਚ ਇਸ ਜਗਤ ਦਾ ਤਮਾਸ਼ਾ ਦੇਖਣ ਆਇਆ ਹਾਂ। ਇਸ ਤੋਂ ਸਿਵਾਏ ਮੈਨੂੰ ਕੁਝ ਹੋਰ ਸਮਝਣ ਦੀ ਗ਼ਲਤੀ ਨਹੀਂ ਕਰਨੀ। ਜਿੱਥੇ ਕੋਈ ਆਪਣੇ ਆਪ ਨੂੰ ਭਗਵਾਨ ਕਹਿੰਦਾ ਹੈ ਅਤੇ ਕੋਈ ਆਪਣੇ ਆਪ ਨੂੰ ਰੱਬ ਦਾ ਇਕਲੌਤਾ ਪੁੱਤਰ ਦੱਸਦਾ ਹੈ, ਉੱਥੇ ਗੁਰੂ ਜੀ ਆਪਣੇ ਆਪ ਨੂੰ ਅਕਾਲ ਪੁਰਖ ਦਾ ਦਾਸ ਲਿਖਦੇ ਹਨ ਅਤੇ ਕਹਿੰਦੇ ਹਨ ਕਿ ਅਕਾਲ ਪੁਰਖ ਬੜਾ ਵੱਡਾ ਗਰੀਬ ਨਿਵਾਜ ਹੈ। ਉਹ ਮੇਰੇ ਜੈਸੇ ਤੀਲੇ ਨੂੰ ਪਰਬਤ ਬਣਾਉਣ ਦੇ ਸਮਰੱਥ ਹੈ। ਆਪ ਜੀ ਦਾ ਫੁਰਮਾਨ ਹੈ:

*ਮੇਰੁ ਕਰੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋ ਸੋ॥*
*ਭੂਲ ਛਿਮੋ ਹਮਰੀ ਪ੍ਰਭ ਆਪਨ ਭੂਲਨਹਾਰ ਕਹੂੰ ਕੋਊ ਮੋ ਸੋ॥ (ਬਚਿਤ੍ਰ ਨਾਟਕ)*

ਭਾਰਤ-ਵਾਸੀਆਂ ਦੇ ਮਨ ਵਿਚ ਅਵਤਾਰਵਾਦ ਦਾ ਸਿਧਾਂਤ ਬਹੁਤ ਡੂੰਘਾ ਧਸਿਆ ਹੋਇਆ ਹੈ। ਇਸ ਸਿਧਾਂਤ ਅਨੁਸਾਰ ਇਹ ਸਮਝਿਆ ਜਾਂਦਾ ਹੈ ਕਿ ਰੱਬ ਇਸ ਧਰਤੀ ਉੱਤੇ ਧਰਮ ਦੀ ਰੱਖਿਆ ਲਈ ਸਮੇਂ-ਸਮੇਂ ਅਵਤਾਰ ਧਾਰ ਕੇ ਕਿਸੇ ਮਨੁੱਖ ਜਾਂ ਹੋਰ ਜੀਵ ਦੀ ਸ਼ਕਲ ਵਿਚ ਆਉਂਦਾ ਹੈ। ਗੁਰੂ ਜੀ ਨੇ ਲੋਕਾਂ ਨੂੰ ਸੁਚੇਤ ਕੀਤਾ ਕਿ ਉਨ੍ਹਾਂ ਨੂੰ ਰੱਬੀ ਅਵਤਾਰ ਸਮਝਣ ਦੀ ਭੁੱਲ ਨਾ ਕਰ ਬੈਠਣ, ਆਪਣੀ ਬਾਣੀ ਵਿਚ ਗੁਰੂ ਜੀ ਨੇ ਸਪੱਸ਼ਟ ਫੁਰਮਾਇਆ:

*ਜੋ ਹਮ ਕੋ ਪਰਮੇਸਰ ਉਚਰਿਹੈਂ॥*

---

**ਸਕੱਤਰ, ਧਰਮ ਪ੍ਰਚਾਰ ਕਮੇਟੀ, (ਸ਼੍ਰੋਮਣੀ ਗੁ: ਪ੍ਰ: ਕਮੇਟੀ) ਸ੍ਰੀ ਅੰਮ੍ਰਿਤਸਰ। ਮੋ. ੯੮੭੬੦-੦੪੭੦੦*

*ਤੇ ਸਭ ਨਰਕ ਕੁੰਡ ਮਹਿ ਪਰਿਹੈਂ॥* *(ਬਚਿਤ੍ਰ ਨਾਟਕ)*

ਜਿਹੜਾ ਮੈਨੂੰ ਪ੍ਰਮੇਸ਼ਰ ਕਹੇਗਾ ਉਹ ਨਰਕ ਕੁੰਡ ਦਾ ਭਾਗੀ ਬਣੇਗਾ। ਗੁਰੂ ਜੀ ਦੇ ਇਨ੍ਹਾਂ ਸ਼ਬਦਾਂ ਤੋਂ ਉਨ੍ਹਾਂ ਦੀ ਨਿਮਰਤਾ ਅਤੇ ਅਕਾਲ ਪੁਰਖ ਪ੍ਰਤੀ ਸ਼ਰਧਾ ਭਲੀ-ਭਾਂਤ ਸਪੱਸ਼ਟ ਹੋ ਜਾਂਦੀ ਹੈ। ਗੁਰੂ ਜੀ ਦਾ ਇਸ ਦੇਸ਼ ਵਿਚ ਆਗਮਨ ਉਸ ਸਮੇਂ ਹੋਇਆ ਜਦੋਂ ਇੱਥੇ ਮੁਗ਼ਲਾਂ ਦਾ ਰਾਜ ਸੀ। ਔਰੰਗਜ਼ੇਬ ਦਿੱਲੀ ਦਾ ਹੁਕਮਰਾਨ ਸੀ। ਔਰੰਗਜ਼ੇਬ ਸਾਰੇ ਦੇਸ਼-ਵਾਸੀਆਂ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਇਹ ਇਸ ਦੇਸ਼ ਨੂੰ ਦਾਰੁੱਲ-ਹਰਮ ਤੋਂ ਦਾਰੁੱਲ-ਇਸਲਾਮ ਭਾਵ ਕਾਫਰਾਂ ਦੀ ਧਰਤੀ ਨੂੰ ਮੋਮਨਾਂ ਦੀ ਧਰਤੀ ਵਿਚ ਬਦਲਣਾ ਚਾਹੁੰਦਾ ਸੀ। ਇਸ ਮੰਤਵ ਲਈ ਉਸ ਨੇ ਗ਼ੈਰ-ਮੁਸਲਮਾਨਾਂ ਉੱਤੇ ਜਜ਼ੀਆ ਟੈਕਸ ਲਾਇਆ। ਹਿੰਦੂਆਂ ਦੀਆਂ ਪਾਠਸ਼ਾਲਾਵਾਂ ਬੰਦ ਕਰਵਾਈਆਂ, ਨਵੇਂ ਮੰਦਰਾਂ ਦੀ ਉਸਾਰੀ ਬੰਦ ਕਰਵਾਈ ਅਤੇ ਪੁਰਾਣੇ ਮੰਦਰਾਂ ਦੀ ਮੁਰੰਮਤ ਉੱਤੇ ਰੋਕ ਲਗਾਈ। ਸਰਕਾਰੀ ਨੌਕਰੀਆਂ ਵਿਚ ਮਹੱਤਵਪੂਰਨ ਅਹੁਦਿਆਂ ਉੱਤੋਂ ਹਿੰਦੂਆਂ ਦੀ ਛਾਂਟੀ ਕਰਵਾਈ, ਲਾਲਚ ਅਤੇ ਧੱਕੇ ਨਾਲ ਗ਼ੈਰ-ਮੁਸਲਮਾਨਾਂ ਨੂੰ ਇਸਲਾਮ ਦੇ ਘੇਰੇ ਵਿਚ ਲਿਆਉਣਾ ਸ਼ੁਰੂ ਕੀਤਾ। ਔਰੰਗਜ਼ੇਬ ਨੇ ਜੈਪੁਰ ਦੇ ਹਿੰਦੂ ਰਾਜੇ ਰਾਮ ਸਿੰਘ ਨੂੰ ਆਸਾਮ ਦੇ (ਅਹਿਮ) ਕਬੀਲਿਆਂ ਦੀ ਬਗਾਵਤ ਨੂੰ ਦਬਾਉਣ ਲਈ ਭੇਜਿਆ। ਔਰੰਗਜ਼ੇਬ ਇੱਕ ਤੀਰ ਨਾਲ ਦੋ ਸ਼ਿਕਾਰ ਕਰਨੇ ਚਾਹੁੰਦਾ ਸੀ। ਉਸ ਦਾ ਵਿਚਾਰ ਸੀ ਕਿ ਜੇ ਰਾਜਾ ਰਾਮ ਸਿੰਘ ਉਨ੍ਹਾਂ ਅਹਿਮ ਕਬੀਲਿਆਂ ਦੀ ਬਗਾਵਤ ਦਬਾਉਣ ਵਿਚ ਸਫਲ ਹੋ ਗਿਆ ਤਾਂ ਉਸ ਦੇ ਰਾਜ ਦੇ ਪੂਰਬੀ ਹਿੱਸੇ ਵਿਚ ਅਮਨ ਬਹਾਲ ਹੋ ਜਾਵੇਗਾ ਅਤੇ ਜੇ ਉਹ ਉਨ੍ਹਾਂ ਕਬੀਲਿਆਂ ਨਾਲ ਲੜਦਾ ਮਾਰਿਆ ਗਿਆ ਤਾਂ ਉਸ ਦੇ ਗਲੋਂ ਇੱਕ ਹਿੰਦੂ ਕਾਫਰ ਲਹਿ ਜਾਵੇਗਾ। ਰਾਜਾ ਰਾਮ ਸਿੰਘ ਗੁਰੂ-ਘਰ ਦਾ ਸ਼ਰਧਾਲੂ ਸੀ, ਉਹ ਔਰੰਗਜ਼ੇਬ ਦੇ ਕੱਟੜ ਇਰਾਦਿਆਂ ਨੂੰ ਸਮਝਦਾ ਸੀ। ਉਸ ਦਾ ਵਿਚਾਰ ਸੀ ਕਿ ਔਰੰਗਜ਼ੇਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਦਿੱਲੀ ਲਾਗੇ ਸਿੱਖ ਧਰਮ ਦੇ ਪ੍ਰਚਾਰ ਦੀ ਖੁੱਲ ਨਹੀਂ ਦੇਵੇਗਾ ਅਤੇ ਗੁਰੂ ਜੀ ਦਾ ਇੱਥੇ ਰਹਿਣਾ ਖ਼ਤਰੇ ਤੋਂ ਖਾਲੀ ਨਹੀਂ ਹੋਵੇਗਾ। ਦੂਸਰਾ ਜਿਨ੍ਹਾਂ ਅਹਿਮ ਕਬੀਲਿਆਂ ਵਿਰੁੱਧ ਲੜਨ ਲਈ ਰਾਜਾ ਰਾਮ ਸਿੰਘ ਜਾ ਰਿਹਾ ਸੀ ਉਨ੍ਹਾਂ ਵਿਚ ਜਾਦੂ-ਟੂਣੇ ਦਾ ਬਹੁਤ ਰਿਵਾਜ ਸੀ। ਰਾਜਾ ਰਾਮ ਸਿੰਘ ਦਾ ਵਿਚਾਰ ਸੀ ਕਿ ਜੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਉਸ ਦੇ ਨਾਲ ਚਲੇ ਜਾਣ ਤਾਂ ਉਨ੍ਹਾਂ ਦੀ ਆਤਮਿਕ ਸ਼ਕਤੀ ਅੱਗੇ ਉਨ੍ਹਾਂ ਦੇ ਜਾਦੂ-ਟੂਣੇ ਦਾ ਕੋਈ ਅਸਰ ਨਹੀਂ ਹੋਵੇਗਾ। ਇਨ੍ਹਾਂ ਦੋ ਗੱਲਾਂ ਨੂੰ ਮੁੱਖ ਰੱਖ ਕੇ ਰਾਜਾ ਰਾਮ ਸਿੰਘ ਨੇ ਗੁਰੂ ਜੀ ਨੂੰ ਅਸਾਮ ਵੱਲ ਜਾਣ ਲਈ ਬੇਨਤੀ ਕੀਤੀ। ਗੁਰੂ ਜੀ ਰਸਤੇ ਵਿਚ ਪਟਨਾ ਸਾਹਿਬ ਦੇ ਸਥਾਨ 'ਤੇ ਆਪਣੇ ਪਰਵਾਰ ਨੂੰ ਛੱਡ ਕੇ ਆਪ ਅੱਗੇ ਅਸਾਮ ਵੱਲ ਚਲੇ ਗਏ ਅਤੇ ਇੱਥੇ ਬਿਹਾਰ ਪ੍ਰਾਂਤ ਦੀ ਰਾਜਧਾਨੀ ਪਟਨਾ ਸਾਹਿਬ ਵਿਖੇ ਹੀ ੧੬੬੬ ਈ. ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ। ਗੁਰੂ ਜੀ ਨੇ ਆਪਣੇ ਸੰਸਾਰ ਆਗਮਨ ਬਾਰੇ ਆਪਣੀ ਬਾਣੀ ਵਿਚ ਇਉਂ ਫੁਰਮਾਇਆ ਹੈ:

*ਮੁਰ ਪਿਤ ਪੂਰਬ ਕੀਯਸਿ ਪਯਾਨਾ॥ ਭਾਂਤਿ ਭਾਂਤਿ ਕੇ ਤੀਰਥਿ ਨਾਨਾ॥*

*ਜਬ ਹੀ ਜਾਤ ਤ੍ਰਿਬੇਣੀ ਭਏ॥ ਪੁੰਨ ਦਾਨ ਦਿਨ ਕਰਤ ਬਿਤਏ॥੧॥*
*ਤਹੀ ਪ੍ਰਕਾਸ ਹਮਾਰਾ ਭਯੋ॥ ਪਟਨਾ ਸਹਰ ਬਿਖੈ ਭਵ ਲਯੋ॥ (ਬਚਿਤ੍ਰ ਨਾਟਕ)*

ਗੁਰੂ ਜੀ ਦਾ ਬਚਪਨ ਪਟਨਾ ਸ਼ਹਿਰ ਵਿਖੇ ਬੀਤਿਆ। ਇਸ ਸ਼ਹਿਰ ਨਾਲ ਗੁਰੂ ਜੀ ਦੇ ਬਚਪਨ ਦੀਆਂ ਕਈ ਯਾਦਾਂ ਜੁੜੀਆਂ ਹੋਈਆਂ ਹਨ। ਇੱਥੇ ਹੀ ਪੀਰ ਭੀਖਣ ਸ਼ਾਹ ਆਪ ਜੀ ਦੇ ਦਰਸ਼ਨਾਂ ਲਈ ਆਇਆ। ਗੰਗਾ ਦੇ ਕਿਨਾਰੇ ਬੈਠੇ ਪੰਡਿਤ ਸ਼ਿਵਦੱਤ ਨੇ ਆਪ ਜੀ ਦੀ ਮਨਮੋਹਣੀ ਸੂਰਤ ਵਿੱਚੋਂ ਰੱਬ ਦੇ ਦਰਸ਼ਨ ਕੀਤੇ। ਇੱਥੇ ਹੀ ਰਾਜਾ ਫਤਿਹ ਚੰਦ ਅਤੇ ਉਸ ਦੀ ਰਾਣੀ ਕਸ਼ੋਰੀ ਦੇ ਘਰ ਜਾ ਕੇ ਉਨ੍ਹਾਂ ਦੇ ਮੁਰਝਾਏ ਮਨਾਂ ਨੂੰ ਗੁਰੂ ਜੀ ਨੇ ਧਰਵਾਸ ਦਿੱਤਾ। ਰਾਣੀ ਦੀ ਇਹ ਇੱਛਾ ਸੀ ਕਿ ਉਸ ਨੂੰ ਕੋਈ ਅੰਮੀ ਕਹਿ ਕੇ ਬੁਲਾਉਣ ਵਾਲਾ ਹੋਵੇ, ਆਪ ਜੀ ਨੇ ਇਹ ਇੱਛਾ ਪੂਰੀ ਕੀਤੀ। ਇੱਥੇ ਗੰਗਾ ਦੇ ਕਿਨਾਰੇ ਬੈਠਿਆਂ ਆਪ ਆਪਣਾ ਇੱਕ ਕੰਗਣ ਗੰਗਾ ਵਿਚ ਸੁੱਟ ਆਏ। ਘਰ ਪਹੁੰਚਣ 'ਤੇ ਮਾਤਾ ਜੀ ਨੇ ਪੁੱਛਿਆ ਕਿ ਕੰਗਣ ਕਿੱਥੇ ਸੁੱਟਿਆ ਹੈ, ਤਾਂ ਗੁਰੂ ਜੀ ਉਨ੍ਹਾਂ ਨੂੰ ਗੰਗਾ ਦੇ ਕਿਨਾਰੇ 'ਤੇ ਲੈ ਗਏ ਅਤੇ ਆਪਣੇ ਦੂਜੇ ਹੱਥ ਦਾ ਕੰਗਣ ਗੰਗਾ ਵਿਚ ਸੁੱਟ ਕੇ ਬੋਲੇ ਕਿ ਕੰਗਣ ਇਸ ਥਾਂ 'ਤੇ ਸੁੱਟਿਆ ਹੈ।

ਜਿਸ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਸਾਮ ਵੱਲ ਗਏ ਸਨ ਤਾਂ ਉਨ੍ਹਾਂ ਨੂੰ ਖ਼ਬਰਾਂ ਮਿਲ ਰਹੀਆਂ ਸਨ ਕਿ ਔਰੰਗਜ਼ੇਬ ਨੇ ਉੱਤਰੀ ਭਾਰਤ ਵਿਚ ਜੁਲਮ ਦਾ ਦੌਰ ਸ਼ੁਰੂ ਕੀਤਾ ਹੋਇਆ ਹੈ। ਹਿੰਦੂਆਂ ਦੇ ਮੰਦਰ ਢਾਹੇ ਜਾ ਰਹੇ ਸਨ। ਅੰਬਾਲਾ ਜ਼ਿਲ੍ਹੇ ਦੇ ਬੂੜੀਆ ਦੇ ਸਥਾਨ 'ਤੇ ਧਰਮਸ਼ਾਲਾ ਨੂੰ ਢਾਹ ਦਿੱਤਾ ਗਿਆ ਸੀ। ਔਰੰਗਜ਼ੇਬ ਨੇ ਸਖਤੀ ਦਾ ਅਜਿਹਾ ਦੌਰ ਸ਼ੁਰੂ ਕੀਤਾ ਹੋਇਆ ਸੀ ਕਿ ਇੱਥੋਂ ਦੇ ਸਾਰੇ ਲੋਕ ਡਰੇ ਅਤੇ ਸਹਿਮੇ ਹੋਏ ਸਨ। ਅਜਿਹੀ ਸਥਿਤੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਬਹੁਤ ਦੇਰ ਪੰਜਾਬ ਤੋਂ ਦੂਰ ਰਹਿਣਾ ਯੋਗ ਨਾ ਸਮਝਿਆ ਉਹ ਤੇਜੀ ਨਾਲ ਵਾਪਸ ਪੰਜਾਬ ਪਰਤ ਆਏ ਅਤੇ ਉਨ੍ਹਾਂ ਨੇ ਇੱਥੋਂ ਦੇ ਡਰੇ ਅਤੇ ਸਹਿਮੇ ਲੋਕਾਂ ਨੂੰ ਧੀਰਜ ਦੇਣਾ ਸ਼ੁਰੂ ਕੀਤਾ ਅਤੇ ਫੁਰਮਾਇਆ ਕਿ ਇਹ ਜਬਰ ਜੁਲਮ ਦੇ ਬੱਦਲ ਬਹੁਤ ਦੇਰ ਤਕ ਨਹੀਂ ਟਿਕੇ ਰਹਿਣਗੇ, ਤੁਹਾਨੂੰ ਇਸ ਜੁਲਮ ਦਾ ਹਿੰਮਤ ਅਤੇ ਦਲੇਰੀ ਨਾਲ ਟਾਕਰਾ ਕਰਨਾ ਚਾਹੀਦਾ ਹੈ । ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣਾ ਪਰਵਾਰ ਵੀ ਪਟਨਾ ਸਾਹਿਬ ਤੋਂ ਵਾਪਸ ਪੰਜਾਬ ਬੁਲਾ ਲਿਆ। ਗੋਬਿਦ ਰਾਏ ਦੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਣ 'ਤੇ ਸੰਗਤ ਵਿਚ ਖੁਸ਼ੀ ਦੀ ਲਹਿਰ ਦੌੜ ਪਈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਗੋਬਿੰਦ ਰਾਏ ਦੀ ਮਾਨਸਿਕ ਅਤੇ ਸਰੀਰਿਕ ਸਿੱਖਿਆ ਦਾ ਪੂਰਾ-ਪੂਰਾ ਪ੍ਰਬੰਧ ਕੀਤਾ। ਆਪਣੀ ਬਾਣੀ ਵਿਚ ਗੁਰੂ ਸਾਹਿਬ ਨੇ ਆਪ ਫੁਰਮਾਇਆ ਹੈ:

*ਮੱਦ੍ਰ ਦੇਸ ਹਮ ਕੋ ਲੇ ਆਏ॥ ਭਾਂਤਿ ਭਾਂਤਿ ਦਾਈਅਨਿ ਦੁਲਰਾਏ॥੨॥*
*ਕੀਨੀ ਅਨਿਕ ਭਾਂਤਿ ਤਨ ਰੱਛਾ॥ ਦੀਨੀ ਭਾਂਤਿ ਭਾਂਤਿ ਕੀ ਸਿੱਛਾ॥*
*(ਬਚਿਤ੍ਰ ਨਾਟਕ)*

ਗੁਰੂ ਜੀ ਨੇ ਫੁਰਮਾਇਆ ਹੈ ਕਿ ਸਾਡੇ ਪਿਤਾ ਜੀ ਨੇ ਸਾਡੇ ਲਈ ਕਈ ਪ੍ਰਕਾਰ ਦੀ ਵਿੱਦਿਆ ਦਾ ਪ੍ਰਬੰਧ ਕੀਤਾ ਅਤੇ ਸਾਡੇ ਸਰੀਰ ਨੂੰ ਤੰਦਰੁਸਤ ਅਤੇ ਰਿਸ਼ਟ-ਪੁਸ਼ਟ ਰੱਖਣ

ਲਈ ਸਾਡੇ ਵਾਸਤੇ ਕਈ ਪ੍ਰਕਾਰ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ। ਗੁਰੂ ਜੀ ਦੀ ਉਮਰ ਅਜੇ ੯ ਸਾਲ ਦੀ ਸੀ ਕਿ ਔਰੰਗਜ਼ੇਬ ਦੇ ਮਜ਼ਬੀ ਤੁਅੱਸਬ ਦੇ ਸਤਾਏ ਹੋਏ ਕਸ਼ਮੀਰੀ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਹਾਜ਼ਰ ਹੋਏ ਅਤੇ ਉਨ੍ਹਾਂ ਗੁਰੂ ਜੀ ਅੱਗੇ ਫਰਿਆਦ ਕੀਤੀ ਕਿ ਸਾਡੇ ਧਰਮ ਨੂੰ ਬਚਾਉਣ ਵਾਲਾ ਹੋਰ ਕੋਈ ਦਿਖਾਈ ਨਹੀਂ ਦਿੰਦਾ। ਉਨ੍ਹਾਂ ਦੀ ਦਰਦ ਭਰੀ ਅਵਾਜ਼ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਨ੍ਹਾਂ ਦੀ ਬਾਂਹ ਫੜਨ ਦਾ ਮਨ ਬਣਾ ਲਿਆ। ਉਨ੍ਹਾਂ ਨੂੰ ਕਹਿ ਭੇਜਿਆ ਕਿ ਔਰੰਗਜ਼ੇਬ ਨੂੰ ਕਹੋ ਕਿ ਜੇ ਉਹ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਮੁਸਲਮਾਨ ਬਣਾ ਲਵੇ ਤਾਂ ਅਸੀਂ ਸਾਰੇ ਆਪਣੇ ਆਪ ਹੀ ਇਸਲਾਮ ਕਬੂਲ ਕਰ ਲਵਾਂਗੇ। ਔਰੰਗਜ਼ੇਬ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗ੍ਰਿਫਤਾਰੀ ਦੇ ਹੁਕਮ ਜਾਰੀ ਕਰ ਦਿੱਤੇ। ਆਪ ਜੀ ਨੂੰ ਇਸਲਾਮ ਨੂੰ ਨਾ ਕਬੂਲਣ ਦੇ ਦੋਸ਼ ਵਿਚ ਨਵੰਬਰ ੧੬੭੫ ਈ. ਵਿਚ ਸ਼ਹੀਦ ਕਰਵਾ ਦਿੱਤਾ ਗਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਲਹੂ ਨਾਲ ਲੱਥ-ਪੱਥ ਹੋਇਆ ਸੀਸ ਜਿਸ ਸਮੇਂ ਭਾਈ ਜੈਤਾ ਜੀ ਸ੍ਰੀ ਅਨੰਦਪੁਰ ਸਾਹਿਬ ਲੈ ਕਿ ਪੁੱਜੇ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਛਾਤੀ ਨਾਲ ਲਾਇਆ ਅਤੇ ਫੁਰਮਾਇਆ:

"ਰੰਗਰੇਟੇ ਗੁਰੂ ਕੇ ਬੇਟੇ"

ਇਸ ਭਿਆਨਕ ਦੁਖਦਾਈ ਘਟਨਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਮਤ ਅਤੇ ਦਲੇਰੀ ਨਾਲ ਜਰਿਆ ਅਤੇ ਇੱਕ ਜੇਤੂ ਜੋਧੇ ਦੇ ਅੰਦਾਜ਼ ਵਿਚ ਫੁਰਮਾਇਆ:

*ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥*
*ਸਾਧਨ ਹੇਤ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ॥੧੩॥*
*ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰੁ ਨ ਦੀਆ॥*

*(ਬਚਿਤ੍ਰ ਨਾਟਕ)*

ਆਪਣੇ ਪਿਤਾ ਜੀ ਦੀ ਸ਼ਹਾਦਤ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤੀਰ-ਅੰਦਾਜ਼ੀ, ਘੋੜ-ਸਵਾਰੀ ਅਤੇ ਯੁੱਧ-ਵਿੱਦਿਆ ਦੇ ਅਭਿਆਸ ਸ਼ੁਰੂ ਕਰ ਦਿੱਤੇ। ਆਪ ਨੇ ਰਣਜੀਤ ਨਗਾਰਾ ਵਜਾਉਣਾ ਸ਼ੁਰੂ ਕਰ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਮਸੰਦ ਭੈਅ-ਭੀਤ ਹੋ ਚੁੱਕੇ ਸਨ। ਉਨ੍ਹਾਂ ਨੇ ਮਾਤਾ ਗੁਜਰੀ ਜੀ ਪਾਸ ਜਾ ਕੇ ਕਿਹਾ ਕਿ ਤੁਸੀਂ ਆਪਣੇ ਪੁੱਤਰ ਨੂੰ ਇਹੋ ਜਿਹੀਆਂ ਕਾਰਵਾਈਆਂ ਤੋਂ ਰੋਕੋ। ਇਹੋ ਜਿਹੀਆਂ ਕਾਰਵਾਈਆਂ ਬਾਦਸ਼ਾਹ ਬਰਦਾਸ਼ਤ ਨਹੀਂ ਕਰੇਗਾ ਅਤੇ ਅਸੀਂ ਸਾਰੇ ਮੌਤ ਦੇ ਮੂੰਹ ਵਿਚ ਫਸ ਜਾਵਾਂਗੇ। ਮਾਤਾ ਜੀ ਨੇ ਮਸੰਦਾਂ ਦੇ ਡਰ-ਭੈਅ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜਾਣੂ ਕਰਵਾਇਆ। ਇਸ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੋਲੇ ਕਿ ਪੂਜਾ ਦਾ ਧਨ ਖਾ-ਖਾ ਕੇ ਇਨ੍ਹਾਂ ਮਸੰਦਾਂ ਦੀ ਮੱਤ ਮਲੀਨ ਹੋ ਗਈ ਹੈ। ਇਨ੍ਹਾਂ ਵਿਚ ਜ਼ੁਲਮ ਦਾ ਟਾਕਰਾ ਕਰਨ ਦੀ ਹਿੰਮਤ ਨਹੀਂ ਰਹੀ। ਜਿੱਥੋਂ ਤਕ ਸਾਡੀ ਰੱਖਿਆ ਦਾ ਸੰਬੰਧ ਹੈ ਇਹ ਉਹ ਅਕਾਲ ਪੁਰਖ ਆਪ ਕਰੇਗਾ ਜਿਸ ਨੇ ਸਾਨੂੰ

ਪੈਦਾ ਕੀਤਾ ਹੈ ਅਤੇ ਮਾਤਾ ਦੇ ਪੇਟ ਵਿਚ ਵੀ ਸਾਡੀ ਰੱਖਿਆ ਕੀਤੀ ਹੈ:

*ਜਬ ਥੇ ਮਾਤਾ ਕੇ ਉਦਰ ਮਹਿ ਤਬ ਰਾਖਾ ਥਾ ਜੋਇ।*
*ਅਬ ਤੋ ਭਇ ਨੌ ਬਰਸ ਕੇ, ਕਿਉਂ ਨਾ ਸਹਾਈ ਹੋਇ।*

ਗੁਰੂ ਜੀ ਦੀ ਵੱਧ ਰਹੀ ਸ਼ਕਤੀ ਅਤੇ ਮਾਣ-ਸਤਿਕਾਰ ਨੂੰ ਵੇਖ ਕੇ ਪਹਾੜੀ ਰਾਜੇ ਉਨ੍ਹਾਂ ਨਾਲ ਈਰਖਾ ਖਾਣ ਲੱਗੇ । ਫਲਸਰੂਪ ਕੁਝ ਸਮੇਂ ਲਈ ਗੁਰੂ ਜੀ ਸ੍ਰੀ ਅਨੰਦਪੁਰ ਸਾਹਿਬ ਛੱਡ ਕੇ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਦੇ ਸੱਦਣ 'ਤੇ ਉਨ੍ਹਾਂ ਦੇ ਇਲਾਕੇ ਵਿਚ ਚਲੇ ਗਏ। ਜਿੱਥੇ ਆਪ ਜੀ ਨੇ ਪਾਉਂਟਾ ਸਾਹਿਬ ਨਾਂ ਦਾ ਨਵਾਂ ਨਗਰ ਵਸਾਇਆ। ਇੱਥੇ ਪਹਾੜੀ ਰਾਜਿਆਂ ਨਾਲ ੧੬੮੯ ਈ. ਵਿਚ ਭੰਗਾਣੀ ਦੇ ਅਸਥਾਨ 'ਤੇ ਆਪ ਜੀ ਨੇ ਪਹਿਲਾ ਯੁੱਧ ਲੜਿਆ। ਇਸ ਯੁੱਧ ਵਿਚ ਸਢੌਰਾ ਨਿਵਾਸੀ ਪੀਰ ਬੁਧੂ ਸ਼ਾਹ ਦੇ ਪੁੱਤਰ ਸ਼ਹੀਦ ਹੋਏ। ਆਪ ਜੀ ਨੇ ਪਹਾੜੀ ਰਾਜਿਆਂ ਨੂੰ ਹਾਰ ਦਿੱਤੀ। ਇਸ ਯੁੱਧ ਦਾ ਵਰਣਨ ਗੁਰੂ ਜੀ ਨੇ ਬਚਿਤ੍ਰ ਨਾਟਕ ਵਿਚ ਕੀਤਾ ਹੈ। ਫੁਰਮਾਨ ਹੈ:

*ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ॥੩੪॥*
*ਰਣੰ ਜੀਤਿ ਆਏ॥ ਜਯੰ ਗੀਤ ਗਾਏ॥* *(ਬਚਿਤ੍ਰ ਨਾਟਕ)*

ਭੰਗਾਣੀ ਦੇ ਯੁੱਧ ਤੋਂ ਬਾਅਦ ਗੁਰੂ ਜੀ ਸ੍ਰੀ ਅਨੰਦਪੁਰ ਸਾਹਿਬ ਪਰਤ ਆਏ। ਇੱਥੇ ਆਪ ਨੇ ਕੇਸਗੜ੍ਹ ਸਾਹਿਬ ਦੇ ਅਸਥਾਨ 'ਤੇ ੧੭੫੬ ਬਿਕ੍ਰਮੀ ਦੀ ਵੈਸਾਖੀ ਨੂੰ ਖਾਲਸਾ ਪੰਥ ਦੀ ਸਾਜਨਾ ਕੀਤੀ। ਗੁਰੂ ਜੀ ਨੇ ਆਪਣੇ ਸਾਜੇ ਪੰਜ ਪਿਆਰਿਆਂ ਪਾਸੋਂ ਆਪ ਵੀ ਅੰਮ੍ਰਿਤ-ਪਾਨ ਕੀਤਾ। ਇਸ ਤਰ੍ਹਾਂ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ। ਇਕ ਇਤਿਹਾਸਕਾਰ ਲਿਖਦਾ ਹੈ ਕਿ- 'ਗੁਰੂ ਸਿੱਖਾਂ ਨੂੰ ਅੰਮ੍ਰਿਤ ਛਕਾ ਰਿਹਾ ਸੀ ਅਤੇ ਸਿੱਖ ਗੁਰੂ ਨੂੰ। ' ਇਸ ਤਰ੍ਹਾਂ ਧਰਮ ਦੇ ਖੇਤਰ ਵਿਚ ਇੱਕ ਨਵਾਂ ਤਜਰਬਾ ਹੋਇਆ। ਭਾਈ ਗੁਰਦਾਸ ਜੀ (ਦੂਜੇ) ਨੇ ਇਸ ਘਟਨਾ ਦਾ ਵਰਣਨ ਆਪਣੀ ਵਾਰ ਵਿਚ ਇਉਂ ਕੀਤਾ:

*ਇਉਂ ਤੀਸਰ ਪੰਥ ਰਚਾਇਅਨੁ ਵਡ ਸੂਰ ਗਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥* *(ਵਾਰ ੪੧:੧੬)*

ਆਪਣੇ ਜੀਵਨ ਵਿਚ ਗੁਰੂ ਜੀ ਨੇ ਨਿੱਕੀਆਂ-ਵੱਡੀਆਂ ੧੪ ਜੰਗਾਂ ਲੜੀਆਂ। ਜਿਸ ਨਿਸ਼ਾਨੇ ਨੂੰ ਲੈ ਕੇ ਗੁਰੂ ਜੀ ਚੱਲੇ ਸਨ ਉਸ ਨਿਸ਼ਾਨੇ ਦੀ ਪੂਰਤੀ ਵਿਚ ਸਫਲ ਹੋਏ। ਆਪਣੀ ਬਾਣੀ ਵਿਚ ਗੁਰੂ ਜੀ ਨੇ ਆਪਣੇ ਜੀਵਨ ਦਾ ਮਨੋਰਥ ਇਸ ਪ੍ਰਕਾਰ ਬਿਆਨ ਕੀਤਾ ਹੈ:

*ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥*
*ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨਿ ਪਕਰਿ ਪਛਾਰੋ॥੪੨॥*
*ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨ ਮੰ॥*
*ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥(ਬਚਿਤ੍ਰ ਨਾਟਕ)*

ਗੁਰੂ ਜੀ ਨੇ ਫੁਰਮਾਇਆ ਕਿ ਅਕਾਲ ਪੁਰਖ ਨੇ ਸਾਡੇ ਜ਼ਿੰਮੇ ਤਿੰਨ ਕੰਮ ਲਗਾਏ

ਹਨ, ਪਹਿਲਾ ਕੰਮ ਹੈ- ਇਸ ਧਰਤੀ ਉੱਤੇ ਧਰਮ ਨੂੰ ਮੁੜ-ਸੁਰਜੀਤ ਕਰਨਾ, ਦੂਜਾ ਕੰਮ ਹੈ- ਭਲੇ ਪੁਰਸ਼ਾਂ ਦਾ ਸਨਮਾਨ ਬਹਾਲ ਕਰਨਾ ਅਤੇ ਤੀਸਰਾ ਫ਼ਰਜ਼ ਹੈ- ਦੁਸ਼ਟਾਂ ਦੀ ਇੱਥੋਂ ਜੜ੍ਹ ਪੁੱਟਣੀ। ਗੁਰੂ ਜੀ ਨੇ ਇਨ੍ਹਾਂ ਕਾਰਜਾਂ ਦੀ ਪੂਰਤੀ ਲਈ ਜੀਵਨ ਭਰ ਸੰਘਰਸ਼ ਕੀਤਾ। ਇਨ੍ਹਾਂ ਦਾ ਨਿਸ਼ਾਨਾ ਸੀ ਕਿ ਇਸ ਧਰਤੀ ਉੱਤੇ ਮੈਂ ਇਸ ਤਰ੍ਹਾਂ ਦਾ ਵਾਤਾਵਰਨ ਪੈਦਾ ਕਰਾਂਗਾ, ਜਿੱਥੇ ਭਲੇ ਪੁਰਸ਼ ਅਜ਼ਾਦੀ ਨਾਲ ਵਿਚਰਨਗੇ ਅਤੇ ਇਨ੍ਹਾਂ ਦੇ ਦੋਖੀਆਂ ਦਾ ਸਫਾਇਆ ਕੀਤਾ ਜਾਵੇਗਾ:

*ਸਾਧ ਸਮੂਹ ਪ੍ਰਸੰਨ ਫਿਰੈਂ ਜਗ ਸਤ੍ਰ ਸਭੈ ਅਵਲੋਕ ਚਪੈਂਗੇ॥ (ਅਕਾਲ ਉਸਤਤ)*

ਖਾਲਸੇ ਦੀ ਸਾਜਨਾ ਤੋਂ ਬਾਅਦ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਲੰਮੀ ਘੇਰਾਬੰਦੀ ਤੋਂ ਬਾਅਦ ਅੰਤ ਗੁਰੂ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਦਿੱਤਾ। ਮੁਗ਼ਲਾਂ ਨੇ ਧੋਖੇ ਨਾਲ ਗੁਰੂ ਜੀ ਉੱਪਰ ਹਮਲਾ ਕਰ ਦਿੱਤਾ। ਸਰਸਾ ਦੀ ਨਦੀ ਉੱਤੇ ਭਿਆਨਕ ਜੰਗ ਹੋਇਆ। ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਮੋਰਿੰਡੇ ਵੱਲ ਚਲੇ ਗਏ। ਜਿੱਥੇ ਉਨ੍ਹਾਂ ਦੇ ਇੱਕ ਪੁਰਾਣੇ ਰਸੋਈਏ ਗੰਗੂ ਬ੍ਰਾਹਮਣ ਨੇ ਉਨ੍ਹਾਂ ਦਾ ਸਾਰਾ ਸਾਮਾਨ ਚੋਰੀ ਕਰ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਸੂਬਾ ਸਰਹਿੰਦ ਦੇ ਹੁਕਮ ਨਾਲ ਗੁਰੂ ਜੀ ਦੇ ਇਨ੍ਹਾਂ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੀਆਂ ਨੀਂਹਾਂ ਵਿਚ ਚਿਣਵਾ ਕੇ ਸ਼ਹੀਦ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੇ ਬਿਰਧ ਮਾਤਾ, ਮਾਤਾ ਗੁਜਰੀ ਜੀ ਸਰਹਿੰਦ ਦੇ ਠੰਡੇ ਬੁਰਜ ਵਿਚ ਸ਼ਹੀਦੀ ਪਾ ਗਏ। ਗੁਰੂ ਜੀ ਦੇ ਮਹਿਲ ਦਿੱਲੀ ਵੱਲ ਚਲੇ ਗਏ ਅਤੇ ਗੁਰੂ ਜੀ ਆਪ ਆਪਣੇ ਵੱਡੇ ਸਾਹਿਬਜ਼ਾਦਿਆਂ ਨਾਲ ਚਮਕੌਰ ਦੀ ਗੜ੍ਹੀ ਵਿਚ ਘਿਰ ਗਏ। ਇੱਥੇ ਮੁਗ਼ਲਾਂ ਦੀਆਂ ਫੌਜਾਂ ਨਾਲ ਮੁੜ ਯੁੱਧ ਹੋਇਆ ਅਤੇ ਇਸ ਲੜਾਈ ਵਿਚ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਅਤੇ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ।

ਗੁਰੂ ਜੀ ਦੇ ਜੀਵਨ ਵਿਚ ਉਹ ਸਮਾਂ ਵੀ ਆਇਆ ਜਦੋਂ ਉਨ੍ਹਾਂ ਪਾਸ ਨਾ ਸਿੱਖ ਰਿਹਾ, ਨਾ ਸੁੱਖ, ਨਾ ਹਾਥੀ ਰਿਹਾ ਨਾ ਘੋੜਾ, ਨਾ ਬਾਜ ਰਿਹਾ ਨਾ ਤਾਜ। ਮਾਛੀਵਾੜੇ ਦੇ ਜੰਗਲਾਂ ਵਿਚ ਇੱਟ ਦਾ ਸਿਰਹਾਣਾ ਲਾ ਕੇ ਗੁਰੂ ਜੀ ਨੂੰ ਰੈਣ-ਬਸੇਰਾ ਕਰਨਾ ਪਿਆ। ਦੀਨਾ ਕਾਂਗੜ ਦੇ ਅਸਥਾਨ 'ਤੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਆਪ ਜੀ ਨੇ ਆਪਣੇ ਤੀਰ ਨਾਲ ਕਾਈ ਦਾ ਬੂਟਾ ਪੁੱਟਿਆ ਅਤੇ ਆਪ ਜੀ ਦੇ ਮੁਖਾਰਬਿੰਦ ਤੋਂ ਇਹ ਫੁਰਮਾਨ ਹੋਇਆ ਕਿ ਮੁਗ਼ਲ ਰਾਜ ਦੀ ਜੜ੍ਹ ਪੁੱਟੀ ਗਈ ਹੈ। ਗੁਰੂ ਜੀ ਨੇ ਹਿੰਮਤ, ਹੌਸਲਾ ਅਤੇ ਚੜ੍ਹਦੀ ਕਲਾ ਨੂੰ ਨਹੀਂ ਛੱਡਿਆ। ਸਗੋਂ ਔਰੰਗਜ਼ੇਬ ਨੂੰ ਆਪ ਜੀ ਨੇ 'ਜ਼ਫ਼ਰਨਾਮਾ' ਲਿਖਿਆ ਜਿਸ ਵਿਚ ਆਪ ਜੀ ਨੇ ਫੁਰਮਾਇਆ ਕਿ— "ਔਰੰਗਜ਼ੇਬ! ਤੈਨੂੰ ਔਰੰਗਜ਼ੇਬ ਕਹਿਣਾ ਸ਼ੋਭਦਾ ਨਹੀਂ ਕਿਉਂਕਿ ਇਸ ਨਾਮ ਵਾਲਾ ਬੰਦਾ ਤੇਰੇ ਜੈਸਾ ਮੱਕਾਰ ਤੇ ਫਰੇਬੀ ਨਹੀਂ ਹੋ ਸਕਦਾ।" ਅਤੇ "ਔਰੰਗਜ਼ੇਬ! ਕੀ ਹੋਇਆ ਜੇ ਚਾਰ ਚੰਗਿਆੜੇ ਬੁੱਝ ਗਏ ਹਨ ਹਾਲੇ ਮੈਂ ਭੱਠੀ ਦੀ ਤਰ੍ਹਾਂ ਦਹਿਕਦਾ ਹਾਂ ਅਤੇ ਜਦ ਤਕ ਤੇਰੇ ਜੁਲਮ ਦਾ ਨਾਸ਼ ਨਹੀਂ ਕਰ ਦਿੰਦਾ ਅਰਾਮ ਨਾਲ ਨਹੀਂ ਬੈਠਾਂਗਾ।"

ਸੰਨ ੧੭੦੬ ਈ. ਵਿਚ ਗੁਰੂ ਜੀ ਨੇ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਅਸਥਾਨ 'ਤੇ ਭਾਈ ਮਨੀ ਸਿੰਘ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ ਜਿਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਸ਼ਾਮਿਲ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕੀਤੀ। ੧੭੦੮ ਈ. ਵਿਚ ਆਪ ਨੇ ਨਾਂਦੇੜ ਸ੍ਰੀ ਹਜ਼ੂਰ ਸਾਹਿਬ ਦੇ ਅਸਥਾਨ 'ਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਅੰਮ੍ਰਿਤ-ਪਾਨ ਕਰਵਾ ਕੇ ਪੰਜਾਬ ਵਿਚ ਜਾਲਮਾਂ ਦੁਸ਼ਟਾਂ ਨੂੰ ਸੋਧਣ ਲਈ ਭੇਜਿਆ। ਆਪ ਸ੍ਰੀ ਹਜ਼ੂਰ ਸਾਹਿਬ ਵਿਖੇ ਹੀ ੧੭੦੮ ਈ. ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਬਖਸ਼ ਕੇ ਜੋਤੀ ਜੋਤ ਸਮਾ ਗਏ। ਗੁਰੂ ਜੀ ਦੇ ਮਿਸ਼ਨ ਨੂੰ ਗੁਰੂ ਜੀ ਦੇ ਸਾਜੇ ਖਾਲਸੇ ਨੇ ਸੰਪੂਰਨ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਕਾਲ ਪੁਰਖ 'ਤੇ ਅਟੁੱਟ ਨਿਸ਼ਚਾ ਸੀ। ਅਕਾਲ ਪੁਰਖ ਦੇ ਸੰਬੰਧ ਵਿਚ ਆਪ ਜੀ ਨੇ ਫੁਰਮਾਇਆ ਹੈ ਕਿ ਉਹ ਸਰਬ-ਵਿਆਪਕ ਜੋਤ ਹੈ। ਜਿਸ ਦਾ ਨਾ ਕੋਈ ਚੱਕ੍ਰ ਚਿਹਨ ਹੈ ਅਤੇ ਨਾ ਹੀ ਜਿਸਦੀ ਕੋਈ ਜਾਤ ਜਾਂ ਵਰਨ ਹੈ:

*ਜਿਮੀ ਜਮਾਨ ਕੇ ਬਿਖੈ ਸਮਸਤਿ ਏਕ ਜੋਤਿ ਹੈ॥*
*ਨ ਘਾਟ ਹੈ ਨ ਬਾਢਿ ਹੈ ਨ ਘਾਟਿ ਬਾਢਿ ਹੋਤ ਹੈ॥* *(ਅਕਾਲ ਉਸਤਤ)*

ਅਤੇ ਸਾਨੂੰ ਉਸ ਸਰਬ-ਵਿਆਪੀ ਜੋਤਿ ਦਾ ਧਿਆਨ ਧਰਨਾ ਚਾਹੀਦਾ ਹੈ:

*ਧਿਆਨ ਧਰੋ ਤਿਹ ਕੋ ਮਨ ਮੈਂ ਜਿਹ ਕੋ ਅਮਿਤੋਜਿ ਸਭੈ ਜਗੁ ਛਾਇਓ॥*
*(ਅਕਾਲ ਉਸਤਤ)*

ਗੁਰੂ ਸਾਹਿਬ ਦਾ ਕਿਸੇ ਜਾਤੀ ਕਾਰਨ ਕਰਕੇ ਕਿਸੇ ਨਾਲ ਕੋਈ ਵੈਰ-ਵਿਰੋਧ ਨਹੀਂ ਸੀ। ਸੰਸਾਰ ਵਿਚ ਆਮ ਤੌਰ 'ਤੇ ਲੜ੍ਹਾਈ ਦੇ ਤਿੰਨ ਕਾਰਨ ਮੰਨੇ ਜਾਂਦੇ ਹਨ ਜਰ, ਜੋਰੂ ਤੇ ਜ਼ਮੀਨ। ਭਾਵ ਦੁਨੀਆ ਵਿਚ ਜਿੰਨੀਆਂ ਲੜਾਈਆਂ ਹੋਈਆਂ ਹਨ ਉਹ ਜਾਂ ਤਾਂ ਧਨ-ਦੌਲਤ ਲੁੱਟਣ ਲਈ ਜਾਂ ਆਪਣੇ ਵਿਰੋਧੀਆਂ ਪਾਸੋਂ ਉਨ੍ਹਾਂ ਦੀਆਂ ਸੁੰਦਰ ਇਸਤਰੀਆਂ ਆਪਣੇ ਕਬਜ਼ੇ ਵਿਚ ਕਰਨ ਲਈ ਅਤੇ ਜਾਂ ਫਿਰ ਇਲਾਕੇ ਜਿੱਤਣ ਲਈ। ਗੁਰੂ ਜੀ ਨੇ ਦੁਸ਼ਮਣਾਂ ਉੱਤੇ ਫਤਿਹ ਪ੍ਰਾਪਤ ਕਰਨ ਮਗਰੋਂ ਵੀ ਉਨ੍ਹਾਂ ਨਾਲ ਇਸ ਤਰ੍ਹਾਂ ਦਾ ਵਿਵਹਾਰ ਨਹੀਂ ਕੀਤਾ, ਬਲਕਿ ਧਨ-ਦੌਲਤ ਦੇ ਸੰਬੰਧ ਵਿਚ ਤਾਂ ਆਪ ਜੀ ਦਾ ਫੁਰਮਾਨ ਹੈ ਕਿ ਜੇਕਰ ਮਨ ਵਿਚ ਧਨ ਪ੍ਰਾਪਤ ਕਰਨ ਦੀ ਲਾਲਸਾ ਹੋਵੇ ਤਾਂ ਸਹਿਜੇ ਹੀ ਦੇਸ਼ਾਂ ਪ੍ਰਦੇਸ਼ਾਂ ਤੋਂ ਧਨ-ਦੌਲਤ ਇੱਥੇ ਆ ਸਕਦੀ ਹੈ:

*ਜਉ ਕਿਛੁ ਇਛ ਕਰੋ ਧਨ ਕੀ ਚਲਿਯੋ ਧਨੁ ਦੇਸਨ ਦੇਸ ਤੇ ਆਵੈ॥ (ਸ੍ਰੀ ਦਸਮ ਗ੍ਰੰਥ)*

ਗੁਰੂ ਸਾਹਿਬ ਨੇ ਖਾਲਸੇ ਨੂੰ *"ਏਕਾ ਨਾਰੀ ਜਤੀ ਹੋਇ"* ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ ਸੀ ਅਤੇ ਫੁਰਮਾਇਆ ਸੀ:

*ਨਿਜ ਨਾਰੀ ਕੇ ਸੰਗ ਨੇਹੁ ਤਮ ਨਿਤ ਬਢੈਯਹੁ।*
*ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜੈਯਹੁ॥*

ਗੁਰੂ ਸਾਹਿਬ ਦਾ ਕਿਸੇ ਜਾਤੀ, ਨਸਲ ਜਾਂ ਮਜ਼ਹਬ ਵਿਸ਼ੇਸ਼ ਨੂੰ ਮੰਨਣ ਵਾਲੇ

ਲੋਕਾਂ ਨਾਲ ਵਿਰੋਧ ਨਹੀਂ ਸੀ, ਸਗੋਂ ਆਪ ਜਬਰ ਅਤੇ ਜੁਲਮ ਦੇ ਖ਼ਿਲਾਫ ਜੂਝਦੇ ਰਹੇ। ਆਪ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਸਨ ਅਤੇ ਮਨੁੱਖ ਜਾਤੀ ਨੂੰ ਇੱਕੋ ਪਿਤਾ ਪ੍ਰਭੂ ਦੀ ਪੈਦਾ ਕੀਤੀ ਹੋਈ ਸੰਤਾਨ ਮੰਨਦੇ ਸਨ। ਆਪ ਜੀ ਦਾ ਫੁਰਮਾਨ ਹੈ:

*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥*
*ਕਰਤਾ ਕਰੀਮ ਸੋਈ ਰਾਜਕ ਰਹੀਮ ਓਈ ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥*
*(ਅਕਾਲ ਉਸਤਤ)*

ਅਤੇ ਹੋਰ ਫੁਰਮਾਇਆ ਹੈ:

*ਦੇਹੁਰਾ ਮਸੀਤ ਸੋਈ ਪੂਜਾ ਔ ਨਮਾਜ ਓਈ*
*ਮਾਨਸ ਸਬੈ ਏਕ ਪੈ ਅਨੇਕ ਕੇ ਭ੍ਰਮਾਉ ਹੈ॥...*
*ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ॥...* *(ਅਕਾਲ ਉਸਤਤ)*

ਇਸ ਦੇਸ਼ ਦੇ ਜਾਬਰਾਂ ਅਤੇ ਜਰਵਾਣਿਆਂ ਹੁਕਮਰਾਨਾਂ ਤੋਂ ਸੁਤੰਤਰ ਕਰਵਾ ਕੇ ਇੱਥੋਂ ਦੇ ਲੋਕਾਂ ਦੀ ਕਾਇਆ ਕਲਪ ਦਾ ਸਿਹਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਰ ਹੈ। ਕਿਸੇ ਕਵੀ ਨੇ ਠੀਕ ਕਿਹਾ ਹੈ:

*ਨ ਕਹੂੰ ਅਬ ਕੀ, ਨ ਕਹੂੰ ਤਬ ਕੀ, ਬਾਤ ਕਹੂੰ ਮੈਂ ਜਬ ਕੀ।*
*ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ ਸੁੰਨਤ ਹੋਤੀ ਸਬ ਕੀ।*

ਅਤੇ ਕਵੀ ਸੰਤੋਖ ਸਿੰਘ ਜੀ ਨੇ ਇਸ ਸੱਚਾਈ ਨੂੰ ਆਪਣੇ ਇਨ੍ਹਾਂ ਸ਼ਬਦਾਂ ਦੁਆਰਾ ਰੂਪਮਾਨ ਕੀਤਾ:

*ਛਾਏ ਜਾਤੀ ਏਕਤਾ ਅਨੇਕਤਾ ਬਿਲਾਏ ਜਾਤੀ*
*ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ।*
*ਪਾਪ ਹੀ ਪ੍ਰਪੱਕ ਜਾਤੇ ਧਰਮ ਧਸਕ ਜਾਤੇ।*
*ਬਰਨ ਗਰਕ ਜਾਤੇ ਸਾਹਿਤ ਬਿਧਾਨ ਕੀ।*
*ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ*
*ਰੀਤ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ।*
*ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਵਨ ਸੂਰ*
*ਮੂਰਤ ਨਾ ਹੋਤੀ ਜਉ ਪੈ ਕਰੁਣਾ ਨਿਧਾਨ ਕੀ।*

ਭਾਵ ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨਾ ਆਉਂਦੇ ਤਾਂ ਹਿੰਦੂ ਧਰਮ ਅਤੇ ਇਸ ਦੀਆਂ ਧਾਰਮਿਕ ਪੁਸਤਕਾਂ ਦਾ ਹਮੇਸ਼ਾ ਲਈ ਭੋਗ ਪੈ ਜਾਣਾ ਸੀ ਅਤੇ ਸਾਰੇ ਦੇਸ਼ ਵਿਚ ਇਸਲਾਮ ਦਾ ਬੋਲ-ਬਾਲਾ ਹੋ ਜਾਣਾ ਸੀ। ਹਿੰਦੁਸਤਾਨ ਵਾਸੀਆਂ ਨੂੰ ਇਹ ਗੱਲ ਮਨੋਂ ਨਹੀਂ ਭੁਲਾਉਣੀ ਚਾਹੀਦੀ:

*ਨਾ ਸਮਝੋਗੇ ਤੋ ਮਿਟ ਜਾਉਗੇ ਐ ਹਿੰਦੁਸਤਾਨ ਵਾਲੋ,*
*ਤੁਮਾਰੀ ਦਾਸਤਾਨ ਤਕ ਭੀ ਨਾ ਹੋਗੀ ਦਾਸਤਾਨੋ ਮੇਂ*

■

# ਹਮ ਇਹ ਕਾਜ ਜਗਤ ਮੋ ਆਏ

*-ਸਤਵਿੰਦਰ ਸਿੰਘ ਫੂਲਪੁਰ**

ਗੁਰੂ ਸਾਹਿਬਾਨ ਦਾ ਦੈਵੀ ਮਨੋਰਥ ਦੇਸ਼ ਕੌਮ ਦੀਆਂ ਹੱਦਬੰਦੀਆਂ ਤੋਂ ਉੱਪਰ ਸਮੁੱਚੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈ ਕੇ ਸਰਬ-ਸਾਂਝਾ ਭਾਈਚਾਰਾ ਸਿਰਜਣਾ ਸੀ। ਇਸ ਸਰਬ-ਸਾਂਝੇ ਭਾਈਚਾਰੇ ਲਈ ਧਰਮੀ ਰਾਜ ਅਤੇ ਧਰਮੀ ਸਮਾਜ ਦੀ ਲੋੜ ਸੀ ਜਿਸ ਵਿਚ ਸਮਾਜਿਕ, ਆਰਥਿਕ ਨਾ-ਬਰਾਬਰੀ ਨੂੰ ਖਤਮ ਕਰ ਕੇ ਅਮੀਰ-ਗਰੀਬ, ਊਚ-ਨੀਚ ਦੇ ਵਖਰੇਵਿਆਂ ਨੂੰ ਮਿਟਾ ਕੇ ਸਭ ਅੰਦਰ *ਨਾ ਕੋ ਬੈਰੀ ਨਹੀ ਬਿਗਾਨਾ* ਅਤੇ *ਏਕੁ ਪਿਤਾ ਏਕਸ ਕੇ ਹਮ ਬਾਰਿਕ* ਦਾ ਰੂਹਾਨੀ ਅਹਿਸਾਸ ਜਗਾਇਆ ਜਗਾ ਸਕੇ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤਕ ਇਸ ਮਨੋਰਥ ਦੀ ਪੂਰਤੀ ਲਈ ਗੁਰੂ ਸਾਹਿਬਾਨ ਨੂੰ ਲੰਮਾ ਸੰਘਰਸ਼ ਕਰਨਾ ਪਿਆ ਜਿਸ ਵਿਚ ਦੋ ਗੁਰੂ ਸਾਹਿਬਾਨ ਨੂੰ ਆਪਣੀ ਸ਼ਹਾਦਤ ਵੀ ਦੇਣੀ ਪਈ। ਹੁਣ ਦਸਵੇਂ ਜਾਮੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਅਰੰਭ ਕੀਤੇ ਇਸ ਰੂਹਾਨੀ ਮਿਸ਼ਨ 'ਨਾਨਕ ਨਿਰਮਲ ਪੰਥ' ਦੀ 'ਗੁਰੂ ਖਾਲਸਾ ਪੰਥ' ਦੇ ਰੂਪ ਵਿਚ ਸੰਪੂਰਨਤਾ ਕਰਨੀ ਸੀ ਇਸ ਲਈ ਅਕਾਲ ਪੁਰਖ ਨੇ ਵਿਸ਼ੇਸ਼ ਬਖ਼ਸ਼ਿਸ਼ਾਂ ਨਾਲ ਨਿਵਾਜ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਜਗਤ ਵਿਚ ਭੇਜਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਜਗਤ ਵਿਚ ਆਉਣ ਦੇ ਮੰਤਵ ਬਾਰੇ ਦੱਸਦੇ ਹੋਏ 'ਬਚਿਤ੍ਰ ਨਾਟਕ' ਵਿਚ ਲਿਖਦੇ ਹਨ:

*ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥*
*ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨਿ ਪਕਰਿ ਪਛਾਰੋ॥*

ਗੁਰੂ ਸਾਹਿਬ ਦੇ ਇਸ ਸਵੈ-ਹਵਾਲੇ ਤੋਂ ਸਪੱਸ਼ਟ ਹੋ ਜਾਂਦਾ ਹੈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਜਗਤ ਵਿੱਚੋਂ ਅਧਰਮ ਦਾ ਖਾਤਮਾ ਕਰ ਕੇ ਧਰਮ ਦਾ ਰਾਜ ਸਥਾਪਿਤ ਕਰਨ ਲਈ ਆਏ ਸਨ। ਗੁਰੂ ਜੀ ਦੇ ਇਸ ਮਿਸ਼ਨ ਦੀ ਪੂਰਤੀ ਅੱਗੇ ਜੋ ਵੀ ਦੁਸ਼ਟ ਦੋਖੀ ਅੜਿਆ ਭਾਵੇਂ ਉਹ ਮੁਗ਼ਲ ਹਕੂਮਤ ਸੀ ਭਾਵੇਂ ਪਹਾੜੀ ਹਿੰਦੂ ਰਾਜੇ, ਗੁਰੂ ਜੀ ਨੇ ਸ਼ਸਤਰਬੱਧ ਸੰਘਰਸ਼ ਕਰਦਿਆਂ ਇਨ੍ਹਾਂ ਦੁਸ਼ਟ ਦੋਖੀਆਂ ਨੂੰ ਪਛਾੜਿਆ ਅਤੇ ਸਦੀਵ ਕਾਲ ਲਈ ਧਰਮੀ ਰਾਜ ਅਤੇ ਧਰਮੀ ਸਮਾਜ ਦੀ ਕਾਇਮੀ ਲਈ ਜੂਝਣ ਵਾਸਤੇ ਆਦਰਸ਼ਕ ਮਨੁੱਖ ਦੀ ਸੰਪੂਰਨਤਾ ਵਜੋਂ ਖਾਲਸਾ ਪੰਥ ਦੀ ਸਾਜਣਾ ਕੀਤੀ

** ਸੰਪਾਦਕ, ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ। ਮੋ. ੯੯੧੪੪-੧੯੪੯੪*

ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਜੀਵਨ ਉੱਪਰ ਸੰਖੇਪ ਝਾਤ ਮਾਰੀਏ ਤਾਂ ਬਚਪਨ ਵਿਚ ਗੁਰੂ ਪਿਤਾ ਜੀ ਨੂੰ ਧਾਰਮਿਕ ਸੁਤੰਤਰਤਾ ਲਈ ਸ਼ਹਾਦਤ ਵੱਲ ਤੋਰਨਾ, ਜ਼ੁਲਮ ਅਤੇ ਅਨਿਆਂ ਵਿਰੁੱਧ ਜੰਗਾਂ ਲੜਨੀਆਂ, ਬੁਜ਼ਦਿਲ ਹੋ ਚੁੱਕੀ ਭਾਰਤੀ ਮਾਨਸਿਕਤਾ ਅੰਦਰ ਬੀਰ ਰਸ ਪੈਦਾ ਕਰਨ ਲਈ ਬੀਰ ਰਸੀ ਸਾਹਿਤ ਦੀ ਰਚਨਾ ਕਰਨੀ, ਖਾਲਸਾ ਪੰਥ ਦੀ ਸਾਜਣਾ ਕਰਨੀ ਅਤੇ ਪੰਥ ਦੀ ਖਾਤਰ ਆਪਣਾ ਸਰਬੰਸ ਕੁਰਬਾਨ ਕਰ ਦੇਣਾ। ਅੰਤਮ ਸਮੇਂ ਤਖਤ ਸ੍ਰੀ ਹਜ਼ੂਰ ਸਾਹਿਬ ਵਿਖੇ ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਸਵੀਕਾਰ ਕਰਦਿਆਂ ਸਿੱਖ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਉਣਾ ਅਤੇ ਅੱਗੇ ਤੋਂ ਦੇਹਧਾਰੀ ਗੁਰੂ ਦੀ ਪਰੰਪਰਾ ਨੂੰ ਖਤਮ ਕਰ ਕੇ 'ਨਾਨਕ ਨਿਰਮਲ ਪੰਥ' ਦੀ 'ਗੁਰੂ ਗ੍ਰੰਥ' ਅਤੇ 'ਗੁਰੂ ਪੰਥ' ਦੇ ਰੂਪ ਵਿਚ ਸੰਪੂਰਨਤਾ ਕਰਦਿਆਂ ਬਦੀ ਵਿਰੁੱਧ ਨਿਰੰਤਰ ਸੰਘਰਸ਼ ਲਈ ਪੰਜ ਸਿੰਘਾਂ ਸਮੇਤ ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਪੰਜਾਬ ਵੱਲ ਤੋਰਨਾ ਇਹ ਸਭ ਇੰਨੇ ਮਹਾਨ ਕਾਰਜ ਇਕ ਜਾਮੇ ਉਹ ਵੀ ਮਹਿਜ਼ ੪੨ ਸਾਲ ਦੀ ਆਯੂ ਵਿਚ ਸੰਪੂਰਨ ਕਰ ਲੈਣੇ ਗੁਰੂ ਜੀ ਦੀ ਅਗੰਮੀ ਸ਼ਖ਼ਸੀਅਤ ਅਤੇ ਅਕਾਲ ਪੁਰਖ ਦੀ ਨਿਵਾਜ਼ਿਸ਼ ਦਾ ਸਦਕਾ ਹੀ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਜਗਤ ਵਿਚ ਆਗਮਨ, ਉਨ੍ਹਾਂ ਦੇ ਸੰਘਰਸ਼ ਅਤੇ 'ਖਾਲਸਾ ਪੰਥ' ਦੀ ਸਿਰਜਣਾ ਨੂੰ ਕਿਸੇ ਵਿਸ਼ੇਸ਼ ਜਮਾਤ ਦੀ ਰੱਖਿਆ ਹਿੱਤ ਕੀਤੇ ਗਏ ਕਾਰਜ ਸਿੱਧ ਕਰਨ ਦੇ ਯਤਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੂਹਾਨੀ ਮਿਸ਼ਨ ਨੂੰ ਸੀਮਤ ਕਰਨ ਦੇ ਯਤਨ ਹਨ ਜਿਸ ਤੋਂ ਸੁਚੇਤ ਰਹਿਣ ਦੀ ਲੋੜ ਹੈ। ਗੁਰੂ ਜੀ ਦਾ ਇਸ ਜਗਤ ਉੱਪਰ ਆਗਮਨ ਕਿਸੇ ਵਿਸ਼ੇਸ਼ ਫਿਰਕੇ ਦੀ ਰੱਖਿਆ ਕਰਨਾ ਨਹੀਂ ਸਗੋਂ ਜ਼ਾਲਮਾਂ ਨੂੰ ਸੋਧ ਕੇ ਮਜ਼ਲੂਮਾਂ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ ਅਤੇ ਲੋਕਾਂ ਨੂੰ ਆਪ ਆਪਣੀ ਪੱਤ ਅਤੇ ਆਪਣੇ ਹੱਕਾਂ ਦੇ ਰਾਖੇ ਬਣਾਉਣ ਸੀ।

ਦੂਸਰਾ, ਗੁਰੂ ਜੀ ਨੂੰ ਭਾਰਤੀ ਅਵਤਾਰਵਾਦੀ ਪਰੰਪਰਾ ਵਿਚ ਰੱਖ ਕੇ ਦੇਖਣ ਦੇ ਯਤਨ ਵੀ ਗੁਰੂ ਜੀ ਦੀ ਅਜ਼ਮਤ ਨੂੰ ਨੀਵਿਆਂ ਕਰਨਾ ਹੈ। ਗੁਰੂ ਜੀ ਦਾ ਆਸ਼ਾ ਅਵਤਾਰਵਾਦੀ ਸ੍ਵੈ-ਪੂਜਾ *ਤੇ ਕਹੈ ਕਰੋ ਹਮਾਰੀ ਪੂਜਾ॥ ਹਮ ਬਿਨ ਅਵਰੁ ਨ ਠਾਕੁਰੁ ਦੂਜਾ* ਦੇ ਉਲਟ *ਆਦਿ ਅੰਤਿ ਏਕੈ ਅਵਤਾਰਾ॥ ਸੋਈ ਗੁਰੂ ਸਮਝਿਯਹੁ ਹਮਾਰਾ॥* ਵਾਲਾ ਸੀ, ਜੋ ਗੁਰੂ ਜੀ ਦੇ ਮਿਸ਼ਨ ਨੂੰ ਭਾਰਤੀ ਅਵਤਾਰਵਾਦੀ ਪਰੰਪਰਾ ਨਾਲੋਂ ਨਿਖੇੜ ਕੇ ਗੁਰੂ ਜੀ ਦੇ ਜੀਵਨ ਮਨੋਰਥ ਦਾ ਨਿਆਰਾਪਨ ਪੇਸ਼ ਕਰਦਾ ਹੈ, ਜਿਸ ਵਿਚ **ਪੂਜਾ ਅਕਾਲ ਕੀ**, **ਪਰਚਾ ਸ਼ਬਦ ਕਾ**, **ਦੀਦਾਰ ਖਾਲਸੇ ਕਾ** ਦਾ ਆਦਰਸ਼ ਸ਼ਾਮਲ ਹੈ। ਸਦੀਆਂ ਤੋਂ ਦੇਸ਼ ਦੀ ਗ਼ੁਲਾਮੀ ਦਾ ਕਾਰਨ ਦੇਸ਼-ਵਾਸੀਆਂ ਵਿਚ ਏਕਤਾ ਦੀ ਅਣਹੋਂਦ ਸੀ। ਇਸ ਏਕਤਾ ਦੀ ਅਣਹੋਂਦ ਦਾ ਮੁੱਖ ਕਾਰਨ ਅਵਤਾਰਵਾਦੀ ਇਸ਼ਟ ਅਨੇਕਤਾ ਹੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖਤਾ ਨੂੰ ਸਮਝਾਇਆ ਕਿ ਇਹ ਅਵਤਾਰਵਾਦੀ ਅਨੇਕ ਪੂਜਾ ਕਿਸੇ ਪ੍ਰਕਾਰ ਵੀ ਮਾਨਸਿਕ ਅਤੇ ਸਰੀਰਕ

ਗ਼ੁਲਾਮੀ ਦੇ ਉੱਧਾਰ ਦਾ ਸਾਧਨ ਨਹੀਂ ਬਣ ਸਕਦੀ:

*ਰਾਮ ਰਹੀਮ ਉਬਾਰ ਨ ਸਕਿ ਹੈ ਜਾ ਕਰ ਨਾਮ ਰਟੈ ਹੈ॥*
*ਬ੍ਰਹਮਾ ਬਿਸ਼ਨ ਰੁਦ੍ਰ ਸੂਰਹ ਸਸਿ ਤੇ ਬਸਿ ਕਾਲ ਸਭੈ ਹੈ॥*

ਇਸ ਲਈ ਗੁਰੂ ਜੀ ਨੇ ਅਵਤਾਰਵਾਦੀ ਕਿਰਤਮ ਦੀ ਪੂਜਾ ਛੱਡ ਕੇ ਸਾਰੀ ਸ੍ਰਿਸ਼ਟੀ ਦੇ ਕਰਨਹਾਰ ਕਰਤਾਰ ਨੂੰ ਪਰਮੇਸਰ ਮੰਨਣ ਦਾ ਉਪਦੇਸ਼ ਕੀਤਾ:

*ਬਿਨ ਕਰਤਾਰ ਨ ਕਿਰਤਮ ਮਾਨੋ॥*
*ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ॥*

ਗੁਰੂ ਜੀ ਨੇ ਇਸ਼ਟ ਅਨੇਕਤਾ ਨੂੰ ਖਤਮ ਕਰ ਕੇ ਇਸ਼ਟ ਏਕਤਾ ਦੇ ਉਪਦੇਸ਼ ਨਾਲ ਧਾਰਮਿਕ, ਅਧਿਆਤਮਕ ਕ੍ਰਾਂਤੀ ਲਿਆਂਦੀ ਅਤੇ ਇਕ ਪੁਰਖੀ ਰਾਜ ਦੀ ਧਾਰਮਿਕ, ਸਮਾਜਿਕ, ਰਾਜਨੀਤਕ ਗ਼ੁਲਾਮੀ ਨੂੰ ਖ਼ਤਮ ਕਰ ਕੇ ਪੰਚ ਪ੍ਰਧਾਨੀ ਸਿਧਾਂਤ ਨੂੰ ਲਾਗੂ ਕੀਤਾ।

ਅੱਜ ਮਨੁੱਖਤਾ ਨੂੰ ਦਰਪੇਸ਼ ਸਮੱਸਿਆਵਾਂ ਅਤੇ ਹਰ ਪ੍ਰਕਾਰ ਦੀਆਂ ਬੁਰਾਈਆਂ ਦੇ ਹੱਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰੂਹਾਨੀ ਵਿਚਾਰਧਾਰਾ ਵਿੱਚੋਂ ਤਲਾਸ਼ੇ ਜਾ ਸਕਦੇ ਹਨ। ਇਸ ਲਈ ਗੁਰੂ ਜੀ ਦੀ ਵਿਚਾਰਧਾਰਾ ਨੂੰ ਵਿਸ਼ਵ ਭਰ ਵਿਚ ਪਹੁੰਚਾਉਣ ਲਈ ਸਾਨੂੰ ਇਕ ਲਹਿਰ ਬਣ ਕੇ ਅੱਗੇ ਆਉਣਾ ਪਵੇਗਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਗੁਰਪੁਰਬ ਮਨਾਉਂਦਿਆਂ ਸਾਨੂੰ ਖ਼ੁਦ ਵੀ ਸਵੈ-ਪੜਚੋਲ ਕਰਨ ਦੀ ਲੋੜ ਹੈ ਕਿ ਅੱਜ ਅਸੀਂ ਗੁਰੂ ਜੀ ਦੇ ਉਪਦੇਸ਼ਾਂ ਨੂੰ ਕਿਸ ਹੱਦ ਤਕ ਆਪਣੇ ਵਿਵਹਾਰਕ ਜੀਵਨ ਵਿਚ ਅਪਣਾਅ ਸਕੇ ਹਾਂ। ਅੱਜ ਅਸੀਂ ਜੋ ਸਰਦਾਰੀਆਂ ਅਤੇ ਰੁਤਬੇ ਮਾਣ ਰਹੇ ਹਾਂ ਇਹ ਸਭ ਕਲਗੀਧਰ ਪਿਤਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਰਬਾਨੀਆਂ ਦਾ ਹੀ ਸਦਕਾ ਹੈ। ਗੁਰੂ ਜੀ ਦੇ ਸ਼ੁਕਰਗੁਜ਼ਾਰ ਬਣੇ ਰਹਿਣ ਲਈ ਸਾਨੂੰ ਅਲਹ ਯਾਰ ਖਾਂ ਜੋਗੀ ਦੇ ਸ਼ਬਦ ਯਾਦ ਰੱਖਣੇ ਚਾਹੀਦੇ ਹਨ:

*ਦਿਲਾਈ ਪੰਥ ਕੋ ਸਰ-ਬਾਜ਼ੀਓਂ ਸੇ ਸਰਦਾਰੀ,*
*ਬਰਾਇ ਕੌਮ ਯਿ ਰੁਤਬੇ ਲਹੂ ਬਹਾ ਕੇ ਲੀਏ।*

■

**ਨਾਮ ਜਪੋ, ਕਿਰਤ ਕਰੋ, ਵੰਡ ਛਕੋ**

# ਨੂਰ ਦਰ ਹਰ ਚਸ਼ਮ ਗੁਰ ਗੋਬਿੰਦ ਸਿੰਘ

*-ਡਾ. ਸਰਬਜੀਤ ਕੌਰ ਸੰਧਾਵਾਲੀਆ**

ਅੱਜ ਤਕ ਨਾ ਕੋਈ ਐਸੀ ਕਲਮ ਬਣੀ ਹੈ, ਨਾ ਕੋਈ ਐਸੇ ਅੱਖਰ ਬਣੇ ਹਨ ਜੋ ਸ੍ਰੀ ਦਸਮੇਸ਼ ਪਾਤਸ਼ਾਹ ਜੀ ਦੀ ਅਗੰਮੀ, ਅਨੂਠੀ, ਅਲੌਕਿਕ ਅਤੇ ਅਨੂਪਮ ਸ਼ਖ਼ਸੀਅਤ ਨੂੰ ਬਿਆਨ ਕਰ ਸਕੇ। ਇਸ ਲਈ ਉਨ੍ਹਾਂ ਨੂੰ ਸਾਹਿਬ-ਏ-ਕਮਾਲ ਹੀ ਕਿਹਾ ਜਾ ਸਕਦਾ ਹੈ। ਸ੍ਰੀ ਕਲਗੀਧਰ ਮਹਾਰਾਜ ਜੀ ਸਾਰੇ ਸਰੀਰਾਂ ਵਿਚ ਆਤਮਾ ਅਤੇ ਸਾਰਿਆਂ ਨੈਣਾਂ ਵਿਚ ਚਾਨਣ ਬਣ ਕੇ ਪ੍ਰਕਾਸ਼ਮਾਨ ਹਨ ਜਿਵੇਂ ਭਾਈ ਨੰਦ ਲਾਲ ਜੀ ਬਿਆਨ ਕਰਦੇ ਹਨ:

*ਰੂਹ ਦਰ ਹਰ ਜਿਸਮ ਗੁਰ ਗੋਬਿੰਦ ਸਿੰਘ ਨੂਰ ਦਰ ਹਰ ਚਸ਼ਮ ਗੁਰ ਗੋਬਿੰਦ ਸਿੰਘ॥*

ਭਾਈ ਗੁਰਦਾਸ ਸਿੰਘ ਜੀ ਦੂਜੇ ਨੇ ਆਪਣੀ ਵਾਰ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਹੋ ਜਿਹੇ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਹੈ:

*ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੧੭॥*

ਐਸੇ ਦੀਨ ਦਿਆਲ, ਕਿਰਪਾ-ਨਿਧਾਨ, ਭਗਤ ਵਛਲ, ਦਰਦਾਂ ਭਰੇ ਦਿਲ ਵਾਲੇ, ਮਨੁੱਖਤਾ ਨੂੰ ਮਹਾਂਪਿਆਰ ਕਰਨ ਵਾਲੇ ਗੁਰੂ ਦਸਮੇਸ਼ ਪਿਤਾ ਜੀ ਦਾ ਪ੍ਰਕਾਸ਼ ਪੋਹ ਸੁਦੀ ਸੱਤਵੀਂ ੧੭੨੩ ਬਿਕ੍ਰਮੀ ਨੂੰ, ਪਟਨਾ ਸਾਹਿਬ ਵਿਖੇ ਹੋਇਆ। ਕਿਸੇ ਵਿਚ ਵੀ ਇਹ ਸਮਰੱਥਾ ਨਹੀਂ ਕਿ ਮਹਾਰਾਜ ਜੀ ਦੀ ਸਰਬਪੱਖੀ ਪ੍ਰਤਿਭਾ ਬਾਰੇ ਬਿਆਨ ਕਰ ਸਕੇ। ਅੱਲ੍ਹਾ ਯਾਰ ਖਾਂ ਜੋਗੀ ਲਿਖਦੇ ਹਨ:

*ਕਰਤਾਰ ਕੀ ਸੁਗੰਦ ਹੈ ਨਾਨਕ ਕੀ ਕਸਮ ਹੈ।*
*ਜਿਤਨੀ ਭੀ ਹੋ ਗੋਬਿੰਦ ਕੀ ਤੱਰੀਫ਼ ਵੁਹ ਕਮ ਹੈ।*
*ਹਰਚੰਦ ਮੇਰੇ ਹਾਥ ਮੇਂ ਪੁਰ ਜ਼ੋਰ ਕਲਮ ਹੈ।*
*ਸਤਿਗੁਰ ਕੇ ਲਿਖੂੰ ਵਸਫ, ਕਹਾਂ ਤਾਬਿ-ਰਕਮ ਹੈ।...*

ਦੁਨੀਆ ਦਾ ਇਤਿਹਾਸ ਨਬੀਆਂ, ਪੀਰਾਂ, ਬਹਾਦਰਾਂ, ਕਵੀਆਂ, ਦਾਰਸ਼ਨਿਕਾਂ, ਸੰਤਾਂ, ਸਿਪਾਹੀਆਂ ਨਾਲ ਆਪਣੇ ਪੰਨੇ ਸ਼ਿੰਗਾਰੀ ਬੈਠਾ ਹੈ ਪਰ ਸ੍ਰੀ ਦਸਮੇਸ਼ ਪਾਤਸ਼ਾਹ ਜੀ ਦੀ ਸ਼ਖ਼ਸੀਅਤ ਵਿਚ ਇਨ੍ਹਾਂ ਸਾਰੇ ਗੁਣਾਂ ਦਾ ਸੁਮੇਲ ਹੈ। ਇਤਿਹਾਸ ਵਿਚ ਆਪ ਦਾ ਸਾਨੀ ਕੋਈ ਨਹੀਂ ਹੈ ਜੋ ਰੂਹਾਨੀ, ਜਿਸਮਾਨੀ, ਬੌਧਿਕ, ਮਨੋਵਿਗਿਆਨਕ ਅਤੇ ਅਧਿਆਤਮਿਕ ਤੌਰ 'ਤੇ ਇਉਂ ਸਰਬ-ਕਲਾ ਸੰਪੰਨ ਹੋਵੇ। ਆਪ ਜੀ ਯੁੱਗ-ਪੁਰਸ਼, ਖਾਲਸਾ ਪੰਥ ਦੇ ਸਿਰਜਣਹਾਰ, ਮਾਨਵਤਾ ਦੇ ਹਿਤਕਾਰੀ, ਸਰਬੰਸਦਾਨੀ, ਮਹਾਨ ਬਾਣੀਕਾਰ, ਸਾਹਿਤ ਦੇ ਸਰਪ੍ਰਸਤ, ਕਵੀਆਂ

** ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੁਲੰਦਪੁਰੀ ਸਾਹਿਬ, ਨੇੜੇ ਮਹਿਤਪੁਰ, ਤਹਿ. ਨਕੋਦਰ, (ਜਲੰਧਰ) ੧੪੪੦੪੧; ਮੋ. +੯੧ ੯੮੧੪੭-੧੬੩੬੭*

ਦੇ ਕਦਰਦਾਨ, ਲਾਸਾਨੀ ਹਸਤੀ ਹਨ ਜਿਨ੍ਹਾਂ ਬਾਰੇ ਬਹੁਤ ਕੁਝ ਕਹਿ ਕੇ ਵੀ ਅਣਕਿਹਾ ਅਤੇ ਲਿਖ ਕੇ ਵੀ ਅਣ-ਲਿਖਿਆ ਜਾਪਦਾ ਹੈ। ਆਪ ਸੱਚਮੁਚ ਹੀ- "ਨਾਸਿਰੋ ਮਨਸੂਰ", "ਈਜ਼ਦਿ ਮਨਜ਼ੂਰ", "ਹੱਕ ਰਾ ਗੰਜ਼ੂਰ", "ਜੁਮਲਾ ਫ਼ੈਜ਼ਿ ਨੂਰ", "ਖਾਲਿਸੋ ਬੇ-ਕੀਨਾ", "ਹੱਕ ਹੱਕ ਆਈਨਾ", "ਬਾਦਸ਼ਾਹ ਦਰਵੇਸ਼", "ਕਾਦਿਰਿ ਹਰ ਕਾਰ" ਅਤੇ ਬੇਕਸਾਂ ਦੇ ਯਾਰ ਹਨ; ਜੋ ਸਾਰੀਆਂ ਬਖ਼ਸ਼ਿਸ਼ਾਂ, ਬਰਕਤਾਂ, ਰੋਸ਼ਨੀਆਂ ਦੇ ਮਾਲਕ ਹਨ, ਸ਼ੁੱਧਤਾ, ਨਿਰਵੈਰਤਾ, ਪਵਿੱਤਰਤਾ ਦੀ ਮੂਰਤ ਅਤੇ ਰੂਹਾਨੀ ਨੂਰ ਦੇ ਫ਼ਕੀਰਾਨਾ ਸ਼ਹਿਨਸ਼ਾਹ ਹਨ। ਆਪ ਜੀ ਦੀ ਮੁਕੰਮਲ ਸ਼ਖ਼ਸੀਅਤ ਨੇ ਹਰ ਖੇਤਰ ਵਿਚ ਕਮਾਲ ਹਾਸਲ ਕੀਤਾ। ਅੰਗਰੇਜ਼ ਇਤਿਹਾਸਕਾਰ ਮਿਸਟਰ ਕਨਿੰਘਮ ਹੈਰਾਨ ਹੋ ਕੇ ਪੁਕਾਰ ਉੱਠਿਆ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਅਧਿਐਨ ਲਈ ਸਾਨੂੰ ਤੇਜ਼ ਰਫ਼ਤਾਰ ਘੋੜੇ 'ਤੇ ਸਵਾਰ ਹੋਣਾ ਪਵੇਗਾ। ਡਾ. ਜ਼ਾਕਿਰ ਹੁਸੈਨ ਬੋਲ ਉੱਠਿਆ ਕਿ ਮਹਾਰਾਜ ਜੀ ਦੀ ਸਾਰੀ ਜ਼ਿੰਦਗੀ ਕੁਰਬਾਨੀ, ਮਿਹਨਤ, ਸਾਹਿਤਕ ਸਰਗਰਮੀ, ਫੌਜੀ ਕਾਬਲੀਅਤ, ਪ੍ਰਬੰਧਕੀ ਕਲਾ, ਅਦੁੱਤੀ ਬੀਰਤਾ, ਅਨੰਤ ਸਫਲਤਾ ਮੁਹੱਬਤ ਅਤੇ ਬੇਮਿਸਾਲ ਹਿੰਮਤ ਦੀ ਅਨੋਖੀ ਕਹਾਣੀ ਹੈ ਜਿਸ ਵਿਚ ਦਿਲ ਹਿਲਾ ਦੇਣ ਵਾਲੇ ਸਾਕੇ ਵੀ ਹਨ ਅਤੇ ਚੜ੍ਹਦੀ ਕਲਾ ਵਿਚ ਰੱਖਣ ਵਾਲੇ ਕਾਰਨਾਮੇ ਵੀ, ਫਿਰ ਕਿਹੜੀ ਕੁਰਬਾਨੀ ਹੈ ਜਿਹੜੀ ਇਸ ਮਰਦ-ਏ-ਖੁਦਾ ਨੇ ਨਹੀਂ ਦਿੱਤੀ।

ਕੰਡਿਆਂ ਦੀਆਂ ਸੇਜਾਂ 'ਤੇ ਸੌਂ ਕੇ ਵੀ ਮੁਸਕਰਾਉਣ ਵਾਲੇ ਸ਼ਹਿਨਸ਼ਾਹ ਨੇ ਤਿਆਗ ਦੀ ਹੱਦ ਹੀ ਮੁਕਾ ਦਿੱਤੀ, ਸਾਰਾ ਸਰਬੰਸ ਖਿੜ੍ਹੇ ਮੱਥੇ ਕੁਰਬਾਨ ਕਰ ਦਿੱਤਾ। ਸਰਸਾ ਕਿਨਾਰੇ ਘਮਸਾਣ ਦੇ ਜੁੱਧ ਵਿਚ ਵੀ ਆਸਾ ਦੀ ਵਾਰ ਦਾ ਕੀਰਤਨ ਸ੍ਰਵਣ ਕੀਤਾ। ਸੰਤ ਉਬਾਰਨ ਅਤੇ ਦੁਸ਼ਟ ਸੰਘਾਰਨ ਲਈ ਇਸ ਮਹਾਨ ਜੋਗੀਸ਼ਰ, ਤਪੀਸਰ, ਮਰਦ ਅਗੰਮੜੇ ਨੂੰ ਅਕਾਲ ਪੁਰਖ ਨੇ ਆਪਣਾ ਸੁਤ ਥਾਪ ਕੇ ਧਰਤੀ 'ਤੇ ਭੇਜਿਆ। ਆਪ ਨੇ ਜ਼ੁਲਮ ਨੂੰ ਮਿਟਾਉਣ ਅਤੇ ਮਜ਼ਲੂਮ ਨੂੰ ਬਚਾਉਣ ਲਈ ਅਜਿਹਾ ਅਨੋਖਾ ਪੰਥ ਸਾਜਿਆ ਜੋ ਭਗਤੀ ਅਤੇ ਸ਼ਕਤੀ ਦਾ ਸੁਮੇਲ, ਸੰਤ-ਸਿਪਾਹੀ ਅਤੇ ਹਲੇਮੀ ਰਾਜ ਕਰਨ ਵਾਲਾ ਸੀ। ਜਿੰਨੇ ਵੀ ਗੁਣ ਕਿਸੇ ਪੰਥ ਜਾਂ ਕੌਮ ਵਿਚ ਕਿਆਸੇ ਜਾ ਸਕਦੇ ਹਨ, ਉਹ ਸਾਰੇ ਖਾਲਸੇ ਵਿਚ ਭਰ ਦਿੱਤੇ:

*ਖਾਲਸਾ ਅਕਾਲ ਪੁਰਖ ਕੀ ਫੌਜ ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ।*

ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਜਦੋਂ ਆਪ ਜੀ ਦੇ ਪਿਤਾ ਨੌਵੇਂ ਪਾਤਸ਼ਾਹ ਜੀ ਨੇ ਸ੍ਰਿਸਟੀ ਦੀ ਚਾਦਰ ਬਣ ਕੇ ਸ਼ਾਂਤਮਈ ਸ਼ਹਾਦਤ ਦਿੱਤੀ ਤਾਂ ਆਪ ਜੀ ਨੇ ਨਿਮਾਣਿਆਂ, ਨਿਤਾਣਿਆਂ ਨੂੰ ਗਲ਼ ਲਾਇਆ। ਮਰਜੀਵੜਿਆਂ ਦੀ ਅਜਿਹੀ ਕੌਮ ਤਿਆਰ ਕੀਤੀ ਜੋ ਨਿਰਭੈਤਾ, ਬੀਰਤਾ, ਨਿਰਵੈਰਤਾ ਅਤੇ ਪਰਉਪਕਾਰ ਦਾ ਮੁਜੱਸਮਾ ਸੀ। ਸਰਬੱਤ ਦਾ ਭਲਾ ਮੰਗਣ ਵਾਲੇ, ਸੱਚ ਅਤੇ ਇਨਸਾਫ਼ ਲਈ ਜੂਝ ਮਰਨ ਵਾਲੇ ਸੰਤ-ਸਿਪਾਹੀ ਖਾਲਸੇ ਨੂੰ ਆਪਣਾ ਹੀ ਰੂਪ ਕਹਿ ਕੇ ਨਿਵਾਜਿਆ ਅਤੇ ਆਪੇ ਗੁਰ ਚੇਲਾ ਦੀ ਪਿਰਤ ਪਾਈ। ਖ਼ਾਲਸੇ ਨੂੰ ਦੇਗ ਅਤੇ ਤੇਗ ਦੀ ਬਖ਼ਸ਼ਿਸ਼ ਕੀਤੀ ਤਾਂ ਜੁ ਦੁਨੀਆ ਵਿੱਚੋਂ ਦੁੱਖ ਅਤੇ ਭੁੱਖ ਨੂੰ ਮਿਟਾਇਆ ਜਾ ਸਕੇ। ਜਾਤ-ਪਾਤ ਦੇ ਹੱਦ

ਬੰਨੇ ਮਿਟਾ ਕੇ, ਮਨੁੱਖੀ ਸਮਾਨਤਾ ਨੂੰ ਕਾਇਮ ਕਰ ਕੇ, ਅਣਖ ਅਤੇ ਅਜ਼ਾਦੀ ਨਾਲ ਜਿਊਣਾ ਸਿਖਾ ਕੇ ਸਰਬ-ਸਾਂਝੀਵਾਲਤਾ ਸਿਖਾਉਣਾ ਕਲਗੀਆਂ ਵਾਲੇ ਦੇ ਹੀ ਹਿੱਸੇ ਆਇਆ ਸੀ। ਏਨਾ ਕੁਝ ਕਰ ਕੇ ਅਤਿ ਨਿਰਮਾਣਤਾ ਵਿਚ ਉਨ੍ਹਾਂ ਇਹ ਫੁਰਮਾਇਆ:

*ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ*
*ਨਹੀ ਮੋ ਸੇ ਗਰੀਬ ਕਰੋਰ ਪਰੇ॥* *(ਸ੍ਵੈਯਾ॥ਪਾਤਸ਼ਾਹੀ ੧੦॥)*

ਆਪ ਜੀ ਨੇ ਸਮਾਜਿਕ ਹਾਲਾਤ ਨੂੰ ਸੁਰਜੀਤ ਕਰਨ ਲਈ ਤੇਗ ਅਤੇ ਕਲਮ ਦੋਹਾਂ ਦੀਆਂ ਧਾਰਾਂ ਚਲਾਈਆਂ ਅਤੇ ਸੰਤ ਸਿਪਾਹੀ, ਸੂਰਮੇ ਭਗਤ ਸਾਜੇ। ਆਪ ਜੀ ਨੇ ਸਾਹਿਤਕ ਰਤਨਾਂ ਨੂੰ ਪਛਾਣਿਆ, ਉਨ੍ਹਾਂ ਕੋਲੋਂ ਪੁਰਾਤਨ ਗ੍ਰੰਥਾਂ ਦੇ ਅਨੁਵਾਦ ਕਰਵਾਏ ਤਾਂ ਕਿ ਨਿਰਬਲ ਨਿਤਾਣੇ ਲੋਕਾਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜ ਕੇ ਉਤਸ਼ਾਹ ਭਰਿਆ ਜਾਵੇ। ਆਪ ਜੀ ਨੇ ਸਾਰੀ ਮਨੁੱਖਤਾ ਨੂੰ ਏਕਤਾ ਅਤੇ ਪ੍ਰੇਮ ਦਾ ਪੈਗਾਮ ਦਿੱਤਾ *ਪੂਰਨ ਪ੍ਰੇਮ ਪ੍ਰਤੀਤਿ ਸਜੈ* ਦਾ ਉਪਦੇਸ਼ ਦੇ ਕੇ ਸਾਰਥਕ ਜੀਵਨ ਜਾਚ ਦੱਸੀ। ਆਪ ਜੀ ਨੇ ਸਮਝਾਇਆ ਕਿ ਕਰਮ-ਕਾਂਡਾਂ, ਤੀਰਥਾਂ, ਵਰਤਾਂ, ਮੜ੍ਹੀਆਂ ਮਸਾਣਾਂ ਦੇ ਅਸਰਾਂ ਤੋਂ ਅਜ਼ਾਦ ਹੋ ਕੇ ਹਰ ਮਨੁੱਖ ਸਾਰੇ ਵਿਸ਼ਵ ਵਿਚ ਪਸਰੀ ਹੋਈ ਇੱਕੋ ਜੋਤ ਦਾ ਪੁਜਾਰੀ ਹੋਵੇ:

*ਜਿਮੀ ਜਮਾਨ ਕੇ ਬਿਖੈ ਸਮਸਤਿ ਏਕ ਜੋਤਿ ਹੈ॥*
*ਨਾ ਘਾਟਿ ਹੈ ਨਾ ਬਾਢਿ ਹੈ ਨਾ ਘਾਟਿ ਬਾਢਿ ਹੋਤ ਹੈ॥* *(ਅਕਾਲ ਉਸਤਤ)*

ਆਪ ਜੀ ਨੇ ਅਜਿਹੇ ਆਦਰਸ਼ ਮਨੁੱਖ ਦੀ ਸਿਰਜਣਾ ਕੀਤੀ ਜੋ ਦਇਆ, ਖਿਮਾ, ਧੀਰਜ, ਸੰਤੋਖ, ਸੇਵਾ, ਮਿੱਠਤ ਵਾਲਾ ਹੋ ਕੇ ਸੰਸਾਰ ਵਿਚ ਸੁਖ-ਸ਼ਾਂਤੀ ਅਤੇ ਗਿਆਨ ਦਾ ਪ੍ਰਕਾਸ਼ ਕਰੇ। ਆਪ ਜੀ ਨੇ ਫੁਰਮਾਇਆ ਕਿ ਖਾਲਸਾ ਆਤਮ-ਰਸੀਆ ਹੋ ਕੇ ਸੰਸਾਰ ਵਿਚ ਵਿਚਰੇਗਾ ਅਤੇ ਇਸ ਦੀ ਪਦਵੀ ਮਹਾਨ ਹੋਵੇਗੀ:

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ।*
*ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਿਕ ਨਾਹਿਨ ਭੇਵ॥* *(ਸਰਬ ਲੋਹ ਗ੍ਰੰਥ)*

ਇਕ ਆਮ ਮਨੁੱਖ ਨੂੰ ਪੂਰਨ ਪਦ 'ਤੇ ਪਹੁੰਚਾ ਦੇਣਾ ਆਪ ਜੀ ਦੀ ਬਹੁਤ ਵੱਡੀ ਕਰਾਮਾਤ ਸੀ। ਆਪ ਜੀ ਨੇ ਮੁਰਦਾ ਰੂਹਾਂ ਨੂੰ ਜੀਵਨ ਦਾਨ ਬਖ਼ਸ਼ਿਆ। ਆਪ ਜੀ ਨੇ ਸਾਰਿਆਂ ਨੂੰ ਪਿਆਰ ਕੀਤਾ, ਸਾਰਿਆਂ ਦਾ ਸਤਿਕਾਰ ਕੀਤਾ, ਅਤੇ ਫੁਰਮਾਇਆ:

*ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥*
*ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥*
*ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥*
*ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ॥*
*(ਅਕਾਲ ਉਸਤਤ)*

ਮਹਾਰਾਜ ਸਾਹਿਬ ਜੀ ਵਿਦਵਾਨਾਂ ਦੇ ਵਿਦਵਾਨ, ਕਵੀਆਂ ਦੇ ਕਵੀ, ਯੋਧਿਆਂ ਦੇ ਯੋਧੇ, ਸੂਰਮਿਆਂ ਦੇ ਸੂਰਮੇ, ਸ਼ਸਤਰਾਂ ਅਤੇ ਸ਼ਾਸਤਰਾਂ ਦੇ ਧਨੀ, ਮਹਾਂਦਾਨੀ, ਮਹਾਂਕ੍ਰਿਪਾਲੂ,

ਪਰਮਸੁੰਦਰ, ਪਰਮਅਦਭੁੱਤ ਸ਼ਖ਼ਸੀਅਤ ਹਨ ਜਿਨ੍ਹਾਂ ਨੂੰ ਸੰਸਾਰ ਸਮਝ ਨਹੀਂ ਸਕਿਆ। ਅਸੀਂ ਕਿੰਨੇ ਵਡਭਾਗੀ ਹਾਂ ਕਿ ਏਨੇ ਵੱਡੇ ਪਾਤਸ਼ਾਹ ਜੀ ਆਪਣੇ ਬਾਬਲ ਹਨ। ਆਪ ਸਾਰੀ ਦੁਨੀਆ ਦੇ ਸਾਂਝੇ ਪ੍ਰੀਤ ਪੈਗ਼ੰਬਰ ਹਨ ਜਿਨਾਂ ਦਾ ਸੰਦੇਸ਼ ਇਹੀ ਹੈ ਕਿ ਪਰਮਾਤਮਾ ਨੂੰ ਵੀ ਪ੍ਰੇਮ ਨਾਲ ਪਾਇਆ ਜਾ ਸਕਦਾ ਹੈ। ਉਨ੍ਹਾਂ ਦੀ ਨਜ਼ਰ ਵਿਚ ਪਰਮਾਤਮਾ ਤੋਂ ਬਿਨਾਂ ਦੂਜਾ ਹੈ ਹੀ ਨਹੀਂ। ਮਹਾਨ ਦਾਰਸ਼ਨਿਕ, ਸਰਬ-ਸਾਂਝੇ ਮਿਹਰਬਾਨ ਗੁਰੂ ਜੀ ਦਾ ਫੁਰਮਾਨ ਹੈ:

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ*
*ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈਂ ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੁਇ ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*
*(ਅਕਾਲ ਉਸਤਤ)*

ਮਨੁੱਖੀ ਹੱਕਾਂ ਦੀ ਰਾਖੀ ਲਈ, ਮਜ਼ਲੂਮਾਂ ਦੀ ਸੁਰੱਖਿਆ ਲਈ, ਜ਼ੁਲਮ ਨਾਲ ਟੱਕਰ ਲੈਂਦਿਆਂ, ਬੇ-ਸਰੋ ਸਾਮਾਨ ਹੋ ਕੇ ਸਰਬੰਸ ਕੁਰਬਾਨ ਕਰਵਾ ਲੈਣ ਮਗਰੋਂ ਵੀ ਸਦਾ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲੇ ਸੱਚੇ ਪਾਤਸ਼ਾਹ ਜੀ ਦਰਵੇਸ਼ੀ ਅਤੇ ਰੱਬੀ ਪਾਤਸ਼ਾਹੀ ਦੇ ਪ੍ਰਕਾਸ਼ਮਈ ਸੰਗਮ ਸਨ। ਆਕਾਰ, ਮਿਆਰ ਅਤੇ ਪ੍ਰਕਾਰ ਦੇ ਪੱਖੋਂ ਆਪ ਜੀ ਦੀ ਰਚੀ ਬਾਣੀ ਬੇਮਿਸਾਲ ਅਤੇ ਬਾਕਮਾਲ ਹੈ। ਸ੍ਰੀ ਜਾਪੁ ਸਾਹਿਬ, ਸ੍ਰੀ ਅਕਾਲ ਉਸਤਤਿ, ਬਚਿਤ੍ਰ ਨਾਟਕ, ਸ਼ਸਤ੍ਰਨਾਮ ਮਾਲਾ ਅਤੇ ਜ਼ਫ਼ਰਨਾਮਾ ਵਰਗੀਆਂ ਬਾਣੀਆਂ ਆਪ ਜੀ ਦੀ ਬਲਵਾਨ ਕਲਮ ਦਾ ਕ੍ਰਿਸ਼ਮਾ ਹਨ। ਆਪ ਜੀ ਦੀ ਬਾਣੀ ਵਿੱਚੋਂ ਰੱਬੀ ਸਿਮਰਨ ਦੀ ਗੂੰਜ, ਜਲਾਲ ਅਤੇ ਜਮਾਲ ਭਰਪੂਰ ਹੈ। ਆਪ ਜੀ ਬ੍ਰਿਜ ਭਾਸ਼ਾ, ਫ਼ਾਰਸੀ, ਪੰਜਾਬੀ ਅਤੇ ਉਰਦੂ ਵਿਚ ਅਤਿ ਵਿਸ਼ਾਲ ਰਚਨਾ ਕੀਤੀ। ਆਪ ਜੀ ਦੀਆਂ ਰਚਨਾਵਾਂ ਵਿਚ ਜਿੱਥੇ ਬੀਰ ਰਸ ਦੇ ਹਲੂਣੇ ਅਤੇ ਸ਼ਸਤਰਾਂ ਦੀ ਟੁਣਕਾਰ ਸੁਣਾਈ ਦਿੰਦੀ ਹੈ, ਉੱਥੇ ਅਕਾਲ ਪੁਰਖ ਦੀ ਉਸਤਤਿ, ਸ਼ਾਂਤ ਰਸ, ਭਗਤੀ ਰਸ ਅਤੇ ਪ੍ਰੇਮ ਰਸ ਵੀ ਵਿਦਮਾਨ ਹੈ। ਮਾਛੀਵਾੜੇ ਦੇ ਜੰਗਲਾਂ ਵਿਚ ਆਪਣੇ ਮਹਿਬੂਬ ਪ੍ਰਭੂ ਦੇ ਇਸ਼ਕ ਅਤੇ ਬ੍ਰਿਹੁੰ ਵਿਚ ਰਚਿਆ ਇਹ ਖਿਆਲ ਸਾਡੇ ਧੁਰ ਅੰਦਰ ਦੀਆਂ ਤਰਬਾਂ ਹਿਲਾ ਦਿੰਦਾ ਹੈ:

*ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥*
*ਤੁਧ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ॥*
*ਸੂਲ ਸੁਰਾਹੀ ਖੰਜਰੁ ਪਿਯਾਲਾ ਬਿੰਗ ਕਸਾਈਯਾਂ ਦਾ ਸਹਣਾ॥*
*ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭੱਠ ਖੇੜਿਆਂ ਦਾ ਰਹਣਾ॥*

ਹਰ ਇਕ ਪਹਿਲੂ ਤੋਂ ਸੁੰਦਰ ਸਜੀਲੇ ਛਬੀਲੇ ਯੋਧਿਆਂ ਦੇ ਜਨਮ ਦਾਤੇ ਸਾਹਿਬ ਸੱਚੇ ਪਾਤਸ਼ਾਹ ਜੀ ਦੇ ਪਾਵਨ ਚਰਨਾਂ ਵਿਚ ਕੋਟਿ ਕੋਟਿ ਨਮਸਕਾਰ ਹੈ, ਡੰਡਉਤਿ ਬੰਦਨਾ ਹੈ।

# ਭਾਈ ਨੰਦ ਲਾਲ ਜੀ ਦੀ ਦ੍ਰਿਸ਼ਟੀ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਵਾਹਿਗੁਰੂ ਜੀਓ ਸਤ
ਵਾਹਿਗੁਰੂ ਹਾਜ਼ਰ ਨਾਜ਼ਰ ਹੈ

**ਨਾਸਿਰੋ ਮਨਸੂਰ ਗੁਰ ਗੋਬਿੰਦ ਸਿੰਘ**
**ਈਜ਼ਦਿ ਮਨਜ਼ੂਰ ਗੁਰੂ ਗੋਬਿੰਦ ਸਿੰਘ॥੧੦੫॥**

(ਗਰੀਬਾਂ ਦਾ ਰਾਖਾ) ਗੁਰੂ ਗੋਬਿੰਦ ਸਿੰਘ-ਰੱਬ ਦੀ ਰੱਖਿਆ ਵਿਚ ਗੁਰੂ ਗੋਬਿੰਦ ਸਿੰਘ-ਰੱਬ ਵੱਲੋਂ ਪਰਵਾਣ ਗੁਰੂ ਗੋਬਿੰਦ ਸਿੰਘ।

**ਹੱਕ ਰਾ ਗੰਜੂਰ ਗੁਰ ਗੋਬਿੰਦ ਸਿੰਘ**
**ਜੁਮਲਾ ਫ਼ੈਜ਼ਿ ਨੂਰ ਗੁਰ ਗੋਬਿੰਦ ਸਿੰਘ॥੧੦੬॥**

ਗੁਰੂ ਗੋਬਿੰਦ ਸਿੰਘ ਸੱਚ ਦਾ ਖ਼ਜ਼ਾਨਾ ਹੈ,
ਗੁਰੂ ਗੋਬਿੰਦ ਸਿੰਘ ਸਮੂਹ ਨੂਰ ਦੀ ਮਿਹਰ ਹੈ।

**ਹੱਕ ਹੱਕ ਆਗਾਹ ਗੁਰ ਗੋਬਿੰਦ ਸਿੰਘ**
**ਸ਼ਾਹਿ ਸ਼ਹਨਸ਼ਾਹ ਗੁਰ ਗੋਬਿੰਦ ਸਿੰਘ॥੧੦੭॥**

ਗੁਰੂ ਗੋਬਿੰਦ ਸਿੰਘ ਸੱਚ ਦੇ ਜਾਨਣਹਾਰਿਆਂ ਲਈ ਸੱਚ ਹੈ,
ਗੁਰੂ ਗੋਬਿੰਦ ਸਿੰਘ ਬਾਦਸ਼ਾਹਾਂ ਦਾ ਬਾਦਸ਼ਾਹ ਹੈ।

**ਬਰ ਦੋ ਆਲਮ ਸ਼ਾਹ ਗੁਰ ਗੋਬਿੰਦ ਸਿੰਘ**
**ਖ਼ਸਮ ਰਾ ਜਾਂ-ਕਾਹ ਗੁਰ ਗੋਬਿੰਦ ਸਿੰਘ॥੧੦੮॥**

ਗੁਰੂ ਗੋਬਿੰਦ ਸਿੰਘ ਦੋਹਾਂ ਜਹਾਨਾਂ ਦਾ ਬਾਦਸ਼ਾਹ ਹੈ,
ਗੁਰੂ ਗੋਬਿੰਦ ਸਿੰਘ ਦੁਸ਼ਮਣ ਦੀ ਜਾਨ ਨੂੰ ਕਬਜ ਕਰ ਲੈਣ ਵਾਲਾ ਹੈ।

**ਫ਼ਾਇਜ਼ੁਲ ਅਨਵਾਰ ਗੁਰ ਗੋਬਿੰਦ ਸਿੰਘ**
**ਕਾਸ਼ਫੁਲ ਅਸਰਾਰ ਗੁਰ ਗੋਬਿੰਦ ਸਿੰਘ॥੧੦੯॥**

ਗੁਰੂ ਗੋਬਿੰਦ ਸਿੰਘ ਰੱਬੀ ਨੂਰ ਦੀ ਬਖ਼ਸ਼ਿਸ਼ ਕਰਨ ਵਾਲਾ ਹੈ,
ਗੁਰੂ ਗੋਬਿੰਦ ਸਿੰਘ ਰੱਬੀ ਰਮਜ਼ਾਂ ਨੂੰ ਖੋਲ੍ਹਣ ਵਾਲਾ ਹੈ।

**ਆਲਿਮੁਲ ਅਸਤਾਰ ਗੁਰ ਗੋਬਿੰਦ ਸਿੰਘ**
**ਅਬਰਿ ਰਹਿਮਤ ਬਾਰ ਗੁਰ ਗੋਬਿੰਦ ਸਿੰਘ॥੧੧੦॥**

ਗੁਰੂ ਗੋਬਿੰਦ ਸਿੰਘ ਪਰਦੇ ਵਿਚ ਲੁਕੀਆਂ ਗੱਲਾਂ ਦਾ ਗਿਆਨਵਾਨ ਹੈ,

ਗੁਰੂ ਗੋਬਿੰਦ ਸਿੰਘ ਬਖ਼ਸ਼ਿਸ਼ਾਂ ਵਰਸਾਉਣ ਵਾਲਾ ਬੱਦਲ ਹੈ।

**ਮੁਕਬੂਲੋ ਮਕਬੂਲ ਗੁਰ ਗੋਬਿੰਦ ਸਿੰਘ**
**ਵਾਸਲੋ ਮੌਸੂਲ ਗੁਰ ਗੋਬਿੰਦ ਸਿੰਘ॥੧੧੧॥**

ਗੁਰੂ ਗੋਬਿੰਦ ਸਿੰਘ ਪਰਵਾਨ ਅਤੇ ਹਰਮਨ ਪਿਆਰਾ ਹੈ,
ਗੁਰੂ ਗੋਬਿੰਦ ਸਿੰਘ ਰੱਬ ਨਾਲ ਜੁੜਿਆ ਹੋਇਆ ਅਤੇ ਜੋੜਨ ਵਾਲਾ ਹੈ।

**ਜਾਂ-ਫ਼ਰੋਜ਼ਿ ਦਹਿਰ ਗੁਰ ਗੋਬਿੰਦ ਸਿੰਘ**
**ਫੈਜ਼ਿ ਹੱਕ ਰਾ ਬਹਿਰ ਗੁਰ ਗੋਬਿੰਦ ਸਿੰਘ॥੧੧੨॥**

ਗੁਰੂ ਗੋਬਿੰਦ ਸਿੰਘ ਜ਼ਮਾਨੇ ਨੂੰ ਜਾਨ ਬਖ਼ਸ਼ਣ ਵਾਲਾ ਹੈ,
ਗੁਰੂ ਗੋਬਿੰਦ ਸਿੰਘ ਰੱਬ ਦੀ ਮਿਹਰ ਦਾ ਸਮੁੰਦਰ ਹੈ।

**ਹੱਕ ਰਾ ਮਹਿਬੂਬ ਗੁਰ ਗੋਬਿੰਦ ਸਿੰਘ**
**ਤਾਲਿਬੋ ਮਤਲੂਬ ਗੁਰ ਗੋਬਿੰਦ ਸਿੰਘ॥੧੧੩॥**

ਗੁਰੂ ਗੋਬਿੰਦ ਸਿੰਘ ਰੱਬ ਦਾ ਪਿਆਰਾ ਹੈ,
ਗੁਰੂ ਗੋਬਿੰਦ ਸਿੰਘ ਰੱਬ ਦਾ ਤਾਲਬ ਹੈ ਤੇ ਲੋਕਾਂ ਦਾ ਚਹੇਤਾ ਹੈ।

**ਤੇਗ਼ ਰਾ ਫ਼ੱਤਾਹ ਗੁਰ ਗੋਬਿੰਦ ਸਿੰਘ**
**ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸਿੰਘ॥੧੧੪॥**

ਗੁਰੂ ਗੋਬਿੰਦ ਸਿੰਘ ਤਲਵਾਰ ਦਾ ਧਨੀ ਹੈ,
ਗੁਰੂ ਗੋਬਿੰਦ ਸਿੰਘ ਜਾਨ ਅਤੇ ਦਿਲ ਲਈ ਅੰਮ੍ਰਿਤ ਹੈ।

**ਸਾਹਿਬਿ ਅਕਲੀਲ ਗੁਰ ਗੋਬਿੰਦ ਸਿੰਘ**
**ਜ਼ਿਬਿ ਹੱਕ ਤਜ਼ਲੀਲ ਗੁਰ ਗੋਬਿੰਦ ਸਿੰਘ॥੧੧੫॥**

ਗੁਰੂ ਗੋਬਿੰਦ ਸਿੰਘ ਤਾਜਾਂ ਦਾ ਮਾਲਕ ਹੈ।
ਗੁਰੂ ਗੋਬਿੰਦ ਸਿੰਘ ਰੱਬ ਦੇ ਸਾਏ ਦਾ ਪਰਛਾਵਾਂ ਹੈ।

**ਖ਼ਾਜ਼ਨਿ ਹਰ ਗੰਜ ਗੁਰ ਗੋਬਿੰਦ ਸਿੰਘ**
**ਬਰਹਮਿ ਹਰ ਰੰਜ ਗੁਰ ਗੋਬਿੰਦ ਸਿੰਘ॥੧੧੬॥**

ਗੁਰੂ ਗੋਬਿੰਦ ਸਿੰਘ ਹਰ ਖ਼ਜ਼ਾਨੇ ਦਾ ਖ਼ਜ਼ਾਨਚੀ ਹੈ,
ਗੁਰੂ ਗੋਬਿੰਦ ਸਿੰਘ ਹਰ ਦੁੱਖ ਦਰਦ ਨੂੰ ਦੂਰ ਕਰਨ ਵਾਲਾ ਹੈ।

**ਦਾਵਰਿ ਆਫ਼ਾਕ ਗੁਰ ਗੋਬਿੰਦ ਸਿੰਘ**
**ਦਰ ਦੋ ਆਲਮ ਤਾਕ ਗੁਰ ਗੋਬਿੰਦ ਸਿੰਘ॥੧੧੭॥**

ਗੁਰੂ ਗੋਬਿੰਦ ਸਿੰਘ ਦੋਹਾਂ ਜਹਾਨਾਂ ਦਾ ਹਾਕਮ ਹੈ,
ਦੋਹਾਂ ਜਹਾਨਾਂ ਵਿਚ ਗੁਰੂ ਗੋਬਿੰਦ ਸਿੰਘ ਦੇ ਬਰਾਬਰ ਦਾ ਹੋਰ ਕੋਈ ਨਹੀਂ ਹੈ।

**ਹੱਕ ਖ਼ੁਦ ਵੱਸਾਫ਼ਿ ਗੁਰ ਗੋਬਿੰਦ ਸਿੰਘ**
**ਬਰ ਤਰੀਂ ਔਸਾਫ਼ਿ ਗੁਰ ਗੋਬਿੰਦ ਸਿੰਘ॥੧੧੮॥**

ਰੱਬ ਆਪ ਗੁਰੂ ਗੋਬਿੰਦ ਸਿੰਘ ਦਾ ਢਾਡੀ ਹੈ,
ਗੁਰੂ ਗੋਬਿੰਦ ਸਿੰਘ ਸਰਵੋਤਮ ਗੁਣਾਂ ਦਾ ਧਾਰਨੀ ਹੈ।

**ਖ਼ਾਸਗਾਂ ਦਰ ਪਾਇ ਗੁਰ ਗੋਬਿੰਦ ਸਿੰਘ**
**ਕੁੱਦਸੀਆਂ ਬਾ ਰਾਇ ਗੁਰ ਗੋਬਿੰਦ ਸਿੰਘ॥੧੧੯॥**

ਰੱਬ ਦੇ ਖ਼ਾਸ ਬੰਦੇ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿਚ ਹਨ,
ਰੱਬ ਦੇ ਪਾਕ ਨਿਕਟਵਰਤੀ ਗੁਰੂ ਗੋਬਿੰਦ ਸਿੰਘ ਦੀ ਆਗਿਆ ਵਿਚ ਹਨ।

**ਮੁਕਬਲਾਂ ਮੱਦਾਹਿ ਗੁਰ ਗੋਬਿੰਦ ਸਿੰਘ**
**ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸਿੰਘ॥੧੨੦॥**

ਰੱਬ ਦੇ ਪਰਵਾਨ ਬੰਦੇ ਗੁਰੂ ਗੋਬਿੰਦ ਸਿੰਘ ਦੇ ਸ਼ਲਾਘਾਕਾਰ ਹਨ,
ਜਾਨ ਅਤੇ ਦਿਲ ਲਈ ਗੁਰੂ ਗੋਬਿੰਦ ਸਿੰਘ ਰਾਹਤ (ਅਮਾਨ) ਬਖ਼ਸ਼ਣ ਵਾਲੇ ਹਨ।

**ਲਾ-ਮਕਾਂ ਪਾ-ਬੋਸਿ ਗੁਰ ਗੋਬਿੰਦ ਸਿੰਘ**
**ਬਰ ਦੋ ਆਲਮ ਕੋਸਿ ਗੁਰ ਗੋਬਿੰਦ ਸਿੰਘ॥੧੨੧॥**

ਲਾਮਕਾਨ-ਅਨੰਤ ਗੁਰੂ ਗੋਬਿੰਦ ਸਿੰਘ ਦੇ ਚਰਨ ਚੁੰਮਦਾ ਹੈ,
ਦੋਹਾਂ ਜਹਾਨਾਂ 'ਤੇ ਗੁਰੂ ਗੋਬਿੰਦ ਸਿੰਘ ਦਾ ਨਗਾਰਾ ਵਜਦਾ ਹੈ।

**ਸੁਲਸ ਹਮ ਮਹਿਕੂਮਿ ਗੁਰ ਗੋਬਿੰਦ ਸਿੰਘ**
**ਰੁੱਬਅ ਹਮ ਮਖ਼ਤੂਮਿ ਗੁਰ ਗੋਬਿੰਦ ਸਿੰਘ॥੧੨੨॥**

ਤਿੰਨੇ ਲੋਕ ਗੁਰੂ ਗੋਬਿੰਦ ਸਿੰਘ ਦੀ ਆਗਿਆ ਵਿਚ ਹਨ,
ਚਾਰੇ ਖਾਣੀਆਂ ਗੁਰੂ ਗੋਬਿੰਦ ਸਿੰਘ ਦੀਆਂ ਮੁਹਰਬੰਦ ਹਨ।

**ਸੁਦਮ ਹਲਕਾ ਬਗੋਸ਼ਿ ਗੁਰ ਗੋਬਿੰਦ ਸਿੰਘ**
**ਦੁਸ਼ਮਨ-ਅਫ਼ਗਾਨ ਜੋਸ਼ਿ ਗੁਰ ਗੋਬਿੰਦ ਸਿੰਘ॥੧੨੩॥**

ਸਾਰਾ ਜਹਾਨ ਗੁਰੂ ਗੋਬਿੰਦ ਸਿੰਘ ਦਾ ਗ਼ੁਲਾਮ ਹੈ,
ਗੁਰੂ ਗੋਬਿੰਦ ਸਿੰਘ ਦਾ ਜੋਸ਼ ਦੁਸ਼ਮਣਾਂ ਨੂੰ ਮਾਰ ਮੁਕਾਉਣ ਵਾਲਾ ਹੈ।

**ਖ਼ਾਲਿਸੋ ਬੇ-ਕੀਨਾ ਗੁਰ ਗੋਬਿੰਦ ਸਿੰਘ**
**ਹੱਕ ਹੱਕ ਆਈਨਾ ਗੁਰ ਗੋਬਿੰਦ ਸਿੰਘ॥੧੨੪॥**

ਗੁਰੂ ਗੋਬਿੰਦ ਸਿੰਘ ਦਿਲ ਦਾ ਸਾਫ਼ ਅਤੇ ਵੈਰ ਭਾਵ ਤੋਂ ਖ਼ਾਲੀ ਹੈ,
ਗੁਰੂ ਗੋਬਿੰਦ ਸਿੰਘ ਆਪ ਸੱਚ ਹੈ ਅਤੇ ਸੱਚ ਦਾ ਸ਼ੀਸ਼ਾ ਹੈ।

**ਹੱਕ ਹੱਕ ਅੰਦੇਸ਼ ਗੁਰ ਗੋਬਿੰਦ ਸਿੰਘ**
**ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ॥੧੨੫॥**

ਗੁਰੂ ਗੋਬਿੰਦ ਸਿੰਘ ਸੱਚ ਦਾ ਸੱਚਾ ਅਨੁਭਵੀ ਹੈ,
ਦਰਵੇਸ਼ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਹੈ।

**ਮਕਰਮੁਲ-ਫੱਜ਼ਾਲ ਗੁਰ ਗੋਬਿੰਦ ਸਿੰਘ**
**ਮੁਨਇਮੁ ਲ-ਮੁਤਆਲ ਗੁਰ ਗੋਬਿੰਦ ਸਿੰਘ॥੧੨੬॥**

ਗੁਰੂ ਗੋਬਿੰਦ ਸਿੰਘ ਬਖ਼ਸ਼ਿਸ਼ਾਂ ਕਰਨ ਵਾਲਾ ਹੈ।
ਗੁਰੂ ਗੋਬਿੰਦ ਸਿੰਘ ਦੌਲਤਾਂ ਤੇ ਨਿਆਮਤਾਂ ਦੇਣ ਵਾਲਾ ਹੈ।

**ਕਾਰਮੁੱਲ-ਕੱਰਾਮ ਗੁਰ ਗੋਬਿੰਦ ਸਿੰਘ**
**ਰਾਹਮੁਲ-ਰੱਹਾਮ ਗੁਰ ਗੋਬਿੰਦ ਸਿੰਘ॥੧੨੭॥**

ਗੁਰੂ ਗੋਬਿੰਦ ਸਿੰਘ ਸਖੀਆਂ ਦਾ ਵੀ ਸਖੀ ਹੈ,
ਗੁਰੂ ਗੋਬਿੰਦ ਸਿੰਘ ਰਹਿਮ ਕਰਨ ਵਾਲਿਆਂ ਲਈ ਵੀ ਰਹਿਮ ਹੈ।

**ਨਾਇਮੁਲ-ਮੁਨਆਮ ਗੁਰ ਗੋਬਿੰਦ ਸਿੰਘ**
**ਫ਼ਾਹਮੁਲ-ਫ਼ੱਹਾਮ ਗੁਰ ਗੋਬਿੰਦ ਸਿੰਘ॥੧੨੮॥**

ਗੁਰੂ ਗੋਬਿੰਦ ਸਿੰਘ ਨਿਆਮਤਾਂ ਦੇਣ ਵਾਲਿਆਂ ਨੂੰ ਵੀ ਨਿਆਮਤਾਂ ਬਖ਼ਸ਼ਦਾ ਹੈ,
ਗੁਰੂ ਗੋਬਿੰਦ ਸਿੰਘ ਅਨੁਭਵੀਆਂ ਦਾ ਵੀ ਅਨੁਭਵੀ ਹੈ।

**ਦਾਇਮੋ ਪਾਇੰਦਾ ਗੁਰ ਗੋਬਿੰਦ ਸਿੰਘ**
**ਫ਼ਰੱਖ਼ੋ ਫ਼ਰਖ਼ੰਦਾ ਗੁਰ ਗੋਬਿੰਦ ਸਿੰਘ॥੧੨੯॥**

ਗੁਰੂ ਗੋਬਿੰਦ ਸਿੰਘ ਸਦੀਵੀ ਤੇ ਸਥਿਰ ਰਹਿਣ ਵਾਲਾ ਹੈ,
ਗੁਰੂ ਗੋਬਿੰਦ ਸਿੰਘ ਨੇਕ ਅਤੇ ਵੱਡੇ ਭਾਗਾਂ ਵਾਲਾ ਹੈ।

**ਫ਼ੈਜ਼ਿ ਸੁਬਹਾਨ ਜ਼ਾਤਿ ਗੁਰ ਗੋਬਿੰਦ ਸਿੰਘ**
**ਨੂਰਿ ਹੱਕ ਲਮਆਤ ਗੁਰ ਗੋਬਿੰਦ ਸਿੰਘ॥੧੩੦॥**

ਗੁਰੂ ਗੋਬਿੰਦ ਸਿੰਘ ਸਰਬ ਸ਼ਕਤੀਮਾਨ ਵਾਹਿਗੁਰੂ ਦੀ ਮਿਹਰ ਹੈ,
ਗੁਰੂ ਗੋਬਿੰਦ ਸਿੰਘ ਰੱਬ ਦੇ ਨੂਰ ਦੀ ਕਿਰਨ ਭਰੀ ਰੋਸ਼ਨੀ ਹੈ।

**ਸਾਮਿਆਨਿ ਨਾਮਿ ਗੁਰ ਗੋਬਿੰਦ ਸਿੰਘ**
**ਹੱਕ-ਬੀਂ ਜ਼ਿ ਇਨਆਮਿ ਗੁਰ ਗੋਬਿੰਦ ਸਿੰਘ॥੧੩੧॥**

ਗੁਰੂ ਗੋਬਿੰਦ ਸਿੰਘ ਦਾ ਨਾਮ ਸੁਣਨ ਵਾਲੇ,
ਗੁਰੂ ਗੋਬਿੰਦ ਸਿੰਘ ਦੀ ਬਖ਼ਸ਼ਿਸ਼ ਨਾਲ ਰੱਬ ਨੂੰ ਵੇਖਣ ਵਾਲੇ ਹੋ ਜਾਂਦੇ ਹਨ।

**ਵਾਸਫ਼ਾਨਿ ਜ਼ਾਤਿ ਗੁਰ ਗੋਬਿੰਦ ਸਿੰਘ**
**ਵਾਸਿਲ ਅਜ਼ ਬਰਕਾਤਿ ਗੁਰ ਗੋਬਿੰਦ ਸਿੰਘ॥੧੩੨॥**

ਗੁਰੂ ਗੋਬਿੰਦ ਸਿੰਘ ਦੀ ਜ਼ਾਤ ਦੀ ਸਿਫ਼ਤ ਸ਼ਲਾਘਾ ਕਰਨ ਵਾਲੇ,
ਗੁਰੂ ਗੋਬਿੰਦ ਸਿੰਘ ਦੀਆਂ ਬਰਕਤਾਂ ਅਤੇ ਬਖ਼ਸ਼ਿਸ਼ਾਂ ਨੂੰ ਪ੍ਰਾਪਤ ਕਰ ਲੈਂਦੇ ਹਨ।

**ਰਾਕਿਮਾਨਿ ਵਸਫ਼ਿ ਗੁਰ ਗੋਬਿੰਦ ਸਿੰਘ**
**ਨਾਮਵਰ ਅਜ਼ ਲੁਤਫ਼ਿ ਗੁਰ ਗੋਬਿੰਦ ਸਿੰਘ॥੧੩੩॥**

ਗੁਰੂ ਗੋਬਿੰਦ ਸਿੰਘ ਦੇ ਗੁਣਾਂ ਦੇ ਲਿਖਣਹਾਰੇ,
ਗੁਰੂ ਗੋਬਿੰਦ ਸਿੰਘ ਕੀ ਕਿਰਪਾ ਅਤੇ ਮਿਹਰ ਨਾਲ ਨਾਮਵਰੀ ਪਾਉਂਦੇ ਹਨ।

**ਨਾਜ਼ਿਰਾਨਿ ਰੂਇ ਗੁਰ ਗੋਬਿੰਦ ਸਿੰਘ**
**ਮਸਤਿ ਹੱਕ ਦਰ ਕੂਇ ਗੁਰ ਗੋਬਿੰਦ ਸਿੰਘ॥੧੩੪॥**

ਗੁਰੂ ਗੋਬਿੰਦ ਸਿੰਘ ਦੇ ਮੁਖੜੇ ਦੇ ਦਰਸ਼ਨ ਕਰਨ ਵਾਲੇ,
ਗੁਰੂ ਗੋਬਿੰਦ ਸਿੰਘ ਦੀ ਗਲੀ ਵਿਚ ਉਸ ਦੀ ਪ੍ਰੀਤੀ ਵਿਚ ਮਸਤ ਹੋ ਜਾਂਦੇ ਹਨ।

**ਖ਼ਾਕ-ਬੋਸਿ ਪਾਇ ਗੁਰ ਗੋਬਿੰਦ ਸਿੰਘ**
**ਮੁਕਬਲ ਅਜ਼ ਆਲਾਇ ਗੁਰ ਗੋਬਿੰਦ ਸਿੰਘ॥੧੩੫॥**

ਗੁਰੂ ਗੋਬਿੰਦ ਸਿੰਘ ਦੇ ਚਰਨਾਂ ਦੀ ਧੂੜ ਨੂੰ ਚੁੰਮਣ ਵਾਲੇ,
ਗੁਰੂ ਗੋਬਿੰਦ ਸਿੰਘ ਦੀਆਂ ਨਿਆਮਤਾਂ ਕਾਰਨ ਪਰਵਾਨ ਹੋ ਜਾਂਦੇ ਹਨ।

**ਕਾਦਿਰਿ ਹਰ ਕਾਰ ਗੁਰ ਗੋਬਿੰਦ ਸਿੰਘ**
**ਬੇਕਸਾਂ-ਰਾ ਯਾਰ ਗੁਰ ਗੋਬਿੰਦ ਸਿੰਘ॥੧੩੬॥**

ਗੁਰੂ ਗੋਬਿੰਦ ਸਿੰਘ ਹਰ ਕਾਰਜ ਦੇ ਸਮਰੱਥ ਹਨ,
ਗੁਰੂ ਗੋਬਿੰਦ ਸਿੰਘ ਨਿਆਸਰਿਆਂ ਦੇ ਆਸਰਾ ਹਨ।

**ਸਾਜਿਦੋ ਮਸਜੂਦ ਗੁਰ ਗੋਬਿੰਦ ਸਿੰਘ**
**ਜੁਮਲਾ ਫ਼ੈਜ਼ੋ ਜੂਦ ਗੁਰ ਗੋਬਿੰਦ ਸਿੰਘ॥੧੩੭॥**

ਗੁਰੂ ਗੋਬਿੰਦ ਸਿੰਘ ਪੁਜਾਰੀ ਅਤੇ ਪੂਜਨੀਕ ਹਨ,
ਗੁਰੂ ਗੋਬਿੰਦ ਸਿੰਘ ਮਿਹਰ ਅਤੇ ਬਖ਼ਸ਼ਿਸ਼ ਦਾ ਸਰੂਪ ਹਨ।

**ਸਰਵਰਾਂ ਰਾ ਤਾਜ ਗੁਰ ਗੋਬਿੰਦ ਸਿੰਘ**
**ਬਰ ਤਰੀਂ ਮਿਆਰਾਜ ਗੁਰ ਗੋਬਿੰਦ ਸਿੰਘ॥੧੩੮॥**

ਗੁਰੂ ਗੋਬਿੰਦ ਸਿੰਘ ਸਰਦਾਰਾਂ ਦੇ ਤਾਜ ਹਨ,
ਰੱਬ ਦੀ ਪ੍ਰਾਪਤੀ ਲਈ ਗੁਰੂ ਗੋਬਿੰਦ ਸਿੰਘ ਸਭ ਤੋਂ ਚੰਗਾ ਵਸੀਲਾ (ਪੌੜੀ) ਹਨ।

**ਅਸ਼ਰ ਕੁਦੱਸੀ ਰਾਮਿ ਗੁਰ ਗੋਬਿੰਦ ਸਿੰਘ**
**ਵਾਸਿਫ਼ਿ ਇਕਰਾਮ ਗੁਰ ਗੋਬਿੰਦ ਸਿੰਘ॥੧੩੯॥**

ਸਾਰੇ ਪਵਿੱਤ੍ਰ ਫ਼ਰਿਸ਼ਤੇ ਗੁਰੂ ਗੋਬਿੰਦ ਸਿੰਘ ਦੇ ਤਾਬਿਆ ਹਨ,
ਅਤੇ ਗੁਰੂ ਗੋਬਿੰਦ ਸਿੰਘ ਦੀਆਂ ਬਖ਼ਸ਼ਿਸ਼ਾਂ ਦੀ ਸਿਫ਼ਤ ਕਰਨ ਵਾਲੇ ਹਨ।

**ਉਮਿ ਕੁੱਦਸ ਬਕਾਰਿ ਗੁਰ ਗੋਬਿੰਦ ਸਿੰਘ**
**ਗਾਸ਼ੀਆ ਬਰਦਾਰਿ ਗੁਰ ਗੋਬਿੰਦ ਸਿੰਘ॥੧੪੦॥**

ਜਗਤ ਦੀ ਪਵਿੱਤਰ ਜਨਮਦਾਤਾ ਗੁਰੂ ਗੋਬਿੰਦ ਸਿੰਘ ਦੇ ਸੇਵਾ ਵਿਚ ਰਹਿੰਦੀ

ਹੈ।

ਅਤੇ ਗੁਰੂ ਗੋਬਿੰਦ ਸਿੰਘ ਦੀ ਟਹਿਲਣ, ਸੇਵਾਦਾਰ ਹੈ।

**ਕਦਰ ਕੁਦਰਤ ਪੇਸ਼ਿ ਗੁਰ ਗੋਬਿੰਦ ਸਿੰਘ**
**ਇਨਕਿਯਾਦ ਅੰਦੇਸ਼ਿ ਗੁਰ ਗੋਬਿੰਦ ਸਿੰਘ॥੧੪੧॥**

ਗੁਰੂ ਗੋਬਿੰਦ ਸਿੰਘ ਦੇ ਸਾਹਮਣੇ ਕੁਦਰਤ ਦੀ ਕੀ ਕਦਰ ਹੈ ?
ਉਹ ਵੀ ਗੁਰੂ ਗੋਬਿੰਦ ਸਿੰਘ ਦੀ ਬੰਦਗੀ ਵਿਚ ਬੱਧੀ ਰਹਿਣਾ ਚਾਹੁੰਦੀ ਹੈ।

**ਤਿੱਸਅ ਉਲਵੀ ਖ਼ਾਕਿ ਗੁਰ ਗੋਬਿੰਦ ਸਿੰਘ**
**ਚਾਕਰਿ ਚਾਲਾਕਿ ਗੁਰ ਗੋਬਿੰਦ ਸਿੰਘ॥੧੪੨॥**

ਸਤੇ ਆਸਮਾਨ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਦੀ ਧੂੜ ਹਨ,
ਅਤੇ ਗੁਰੂ ਗੋਬਿੰਦ ਸਿੰਘ ਦੇ ਚੁਸਤ ਚਲਾਕ ਚਾਕਰ ਹਨ।

**ਤਖ਼ਤਿ ਬਾਲਾ ਜ਼ੇਰਿ ਗੁਰ ਗੋਬਿੰਦ ਸਿੰਘ**
**ਲਾਮਕਾਨੇ ਸੈਰ ਗੁਰ ਗੋਬਿੰਦ ਸਿੰਘ॥੧੪੩॥**

ਆਕਾਸ਼ ਦਾ ਉਚੇਰਾ ਤਖ਼ਤ ਗੁਰੂ ਗੋਬਿੰਦ ਸਿੰਘ ਦੇ ਹੇਠ ਹੈ,
ਗੁਰੂ ਗੋਬਿੰਦ ਸਿੰਘ ਅਨੰਤ ਵਿਚ ਵਿਚਰਦੇ ਹਨ।

**ਬਰ ਤਰ ਅਜ਼ ਹਰ ਕਦਰ ਗੁਰ ਗੋਬਿੰਦ ਸਿੰਘ**
**ਜਾਵਿਦਾਨੀ ਸਦਰ ਗੁਰ ਗੋਬਿੰਦ ਸਿੰਘ॥੧੪੪॥**

ਗੁਰੂ ਗੋਬਿੰਦ ਸਿੰਘ ਦੀ ਕਦਰ ਕੀਮਤ ਸਭ ਤੋਂ ਉਚੇਰੀ ਹੈ,
ਗੁਰੂ ਗੋਬਿੰਦ ਸਿੰਘ ਅਬਿਨਾਸ਼ੀ ਸਿੰਘਾਸਨ ਦੇ ਮਾਲਕ ਹਨ।

**ਆਲਮੇ ਰੋਸ਼ਨ ਜ਼ਿ ਗੁਰ ਗੋਬਿੰਦ ਸਿੰਘ**
**ਜਾਨੋ ਦਿਲ ਗੁਲਸ਼ਨ ਜ਼ਿ ਗੁਰ ਗੋਬਿੰਦ ਸਿੰਘ॥੧੪੫॥**

ਗੁਰੂ ਗੋਬਿੰਦ ਸਿੰਘ ਸਦਕਾ ਇਹ ਸੰਸਾਰ ਰੋਸ਼ਨ ਹੈ,
ਗੁਰੂ ਗੋਬਿੰਦ ਸਿੰਘ ਸਦਕਾ ਜਾਨ ਅਤੇ ਦਿਲ ਗੁਲਜ਼ਾਰ ਹੈ।

**ਰੂਜ਼ ਅਫਜ਼ੂੰ ਜਾਹਿ ਗੁਰ ਗੋਬਿੰਦ ਸਿੰਘ**
**ਜ਼ੇਬਿ ਤਖ਼ਤੋ ਗਾਹਿ ਗੁਰ ਗੋਬਿੰਦ ਸਿੰਘ॥੧੪੬॥**

ਗੁਰੂ ਗੋਬਿੰਦ ਸਿੰਘ ਦਾ ਮਰਤਬਾ ਦਿਨ ਦਿਨ ਵਧਦਾ ਹੈ,
ਗੁਰੂ ਗੋਬਿੰਦ ਸਿੰਘ ਤਖ਼ਤ ਅਤੇ ਅਸਥਾਨ ਦੀ ਸ਼ੋਭਾ ਹਨ।

**ਮੁਰਸ਼ੁਦ-ਦਾੱਰੈਨ ਗੁਰ ਗੋਬਿੰਦ ਸਿੰਘ**
**ਬੀਨਸ਼ਿ ਹਰ ਐਨ ਗੁਰ ਗੋਬਿੰਦ ਸਿੰਘ॥੧੪੭॥**

ਗੁਰੂ ਗੋਬਿੰਦ ਸਿੰਘ ਦੋਹਾਂ ਜਹਾਨਾਂ ਦੇ ਸਤਿਗੁਰੂ ਹਨ,
ਗੁਰੂ ਗੋਬਿੰਦ ਸਿੰਘ ਹਰ ਅੱਖ ਦੀ ਰੋਸ਼ਨੀ ਹਨ।

**ਜੁਮਲਾ ਦਰ ਫ਼ਰਮਾਨਿ ਗੁਰ ਗੋਬਿੰਦ ਸਿੰਘ**

**ਬਰ ਤਰ ਆਮਦ ਸ਼ਾਨਿ ਗੁਰ ਗੋਬਿੰਦ ਸਿੰਘ॥੧੪੮॥**

ਸਾਰਾ ਸੰਸਾਰ ਗੁਰੂ ਗੋਬਿੰਦ ਸਿੰਘ ਦੇ ਹੁਕਮ ਵਿਚ ਹੈ,
ਗੁਰੂ ਗੋਬਿੰਦ ਸਿੰਘ ਦੀ ਸਭ ਤੋਂ ਵੱਡੀ ਸ਼ਾਨ ਹੈ।

**ਹਰ ਦੋ ਆਲਮ ਖ਼ੈਲਿ ਗੁਰ ਗੋਬਿੰਦ ਸਿੰਘ**
**ਜੁਮਲਾ ਅੰਦਰ ਜ਼ੈਲਿ ਗੁਰ ਗੋਬਿੰਦ ਸਿੰਘ॥੧੪੯॥**

ਦੋਵੇਂ ਦੁਨੀਆਂ ਗੁਰੂ ਗੋਬਿੰਦ ਸਿੰਘ ਦਾ ਕਬੀਲਾ ਹਨ,
ਸਾਰੇ ਲੋਕ ਗੁਰੂ ਗੋਬਿੰਦ ਸਿੰਘ ਦਾ ਪੱਲਾ ਫੜਨਹਾਰੇ ਹਨ।

**ਵਾਹਿਬੋ ਵੱਹਾਬ ਗੁਰ ਗੋਬਿੰਦ ਸਿੰਘ**
**ਫ਼ਾਤਿਹਿ ਹਰ ਬਾਬ ਗੁਰ ਗੋਬਿੰਦ ਸਿੰਘ॥੧੫੦॥**

ਗੁਰੂ ਗੋਬਿੰਦ ਸਿੰਘ ਬਖ਼ਸ਼ਿਸ਼ਾਂ ਕਰਨ ਵਾਲੇ ਸਖੀ ਹਨ,
ਗੁਰੂ ਗੋਬਿੰਦ ਸਿੰਘ ਹਰ ਦਰ ਦੇ ਖੋਲਣ ਹਾਰੇ (ਹਰ ਥਾਂ ਦੇ ਵਿਜਈ) ਹਨ।

**ਸ਼ਾਮਿਲਿ-ਲ-ਅਸ਼ਫ਼ਾਕ ਗੁਰ ਗੋਬਿੰਦ ਸਿੰਘ**
**ਕਾਮਿਲਿ-ਲ-ਅਖ਼ਲਾਕ ਗੁਰ ਗੋਬਿੰਦ ਸਿੰਘ॥੧੫੧॥**

ਗੁਰੂ ਗੋਬਿੰਦ ਸਿੰਘ ਮਿਹਰਾਂ ਨਾਲ ਭਰਪੂਰ ਹਨ,
ਗੁਰੂ ਗੋਬਿੰਦ ਸਿੰਘ ਸਦਾਚਾਰ ਵਿਚ ਪਰੀਪੂਰਣ ਹਨ।

**ਰੂਹ ਦਰ ਹਰ ਜਿਸਮ ਗੁਰ ਗੋਬਿੰਦ ਸਿੰਘ**
**ਨੂਰ ਦਰ ਹਰ ਚਸ਼ਮ ਗੁਰ ਗੋਬਿੰਦ ਸਿੰਘ॥੧੫੨॥**

ਗੁਰੂ ਗੋਬਿੰਦ ਸਿੰਘ ਹਰ ਸਰੀਰ ਵਿਚ ਦੀ ਰੂਹ ਹਨ,
ਗੁਰੂ ਗੋਬਿੰਦ ਸਿੰਘ ਹਰ ਅੱਖ ਵਿਚਲਾ ਨੂਰ ਹਨ।

**ਜੁਮਲਾ ਰੋਜ਼ੀ ਖ਼ਾਰਿ ਗੁਰ ਗੋਬਿੰਦ ਸਿੰਘ**
**ਬੈਜ਼ਿ ਹੱਕ ਇਮਤਾਰ ਗੁਰ ਗੋਬਿੰਦ ਸਿੰਘ॥੧੫੩॥**

ਸਾਰੇ ਹੀ ਗੁਰੂ ਗੋਬਿੰਦ ਸਿੰਘ ਦੇ [ਦਰ ਤੋਂ] ਰੋਜ਼ੀ ਪ੍ਰਾਪਤ ਕਰਨ ਵਾਲੇ ਹਨ,
ਗੁਰੂ ਗੋਬਿੰਦ ਸਿੰਘ ਰੱਬ ਦੀ ਮਿਹਰ ਦੇ ਬੱਦਲ ਵਰਸਾਉਣ ਵਾਲੇ ਹਨ।

**ਬਿਸਤੋ ਹਫ਼ਤ ਗਦਾਇ ਗੁਰ ਗੋਬਿੰਦ ਸਿੰਘ**
**ਹਫ਼ਤ ਹਮ ਸ਼ੈਦਾਇ ਗੁਰ ਗੋਬਿੰਦ ਸਿੰਘ॥੧੫੪॥**

ਸਤਾਈ [ਵਲਾਇਤਾਂ] ਗੁਰੂ ਗੋਬਿੰਦ ਸਿੰਘ ਦੇ ਭਿਖਾਰੀ ਹਨ,
ਸੱਤੇ ਸੰਸਾਰ ਗੁਰੂ ਗੋਬਿੰਦ ਸਿੰਘ ਤੋਂ ਕੁਰਬਾਨ ਹਨ।

**ਖ਼ਾਕਰੂਬਿ ਸਰਾਇ ਗੁਰ ਗੋਬਿੰਦ ਸਿੰਘ**
**ਖ਼ੱਸਮ ਵਸਫ਼ ਪੈਰਾਇ ਗੁਰ ਗੋਬਿੰਦ ਸਿੰਘ॥੧੫੫॥**

ਪੰਜੇ ਇੰਦਰੇ ਗੁਰੂ ਗੋਬਿੰਦ ਸਿੰਘ ਦੇ ਗੁਣਾਂ ਨੂੰ ਸ਼ੋਭਾ ਦੇਣ ਵਾਲੇ ਹਨ,
ਅਤੇ ਗੁਰੂ ਗੋਬਿੰਦ ਸਿੰਘ ਦੇ ਮਹਿਲਾਂ ਦੇ ਝਾੜੂ-ਬਰਦਾਰ ਹਨ।

**ਬਰ ਦੋ ਆਲਮ ਦਸਤਿ ਗੁਰ ਗੋਬਿੰਦ ਸਿੰਘ**
**ਜੁਮਲਾ ਉਲਵੀ ਪਸਤਿ ਗੁਰ ਗੋਬਿੰਦ ਸਿੰਘ॥੧੫੬॥**

ਦੋਹਾਂ ਜਹਾਨਾਂ ਉੱਤੇ ਗੁਰੂ ਗੋਬਿੰਦ ਸਿੰਘ [ਦੀ ਮਿਹਰ] ਦਾ ਹੱਥ ਹੈ,
ਸਾਰੇ ਫ਼ਰਿਸ਼ਤੇ ਅਤੇ ਦੇਵਤੇ ਗੁਰੂ ਗੋਬਿੰਦ ਸਿੰਘ ਸਾਹਮਣੇ ਤੁੱਛ ਹਨ।

**ਲਾਅਲ ਸਗੇ ਗੁਲਾਮਿ ਗੁਰ ਗੋਬਿੰਦ ਸਿੰਘ**
**ਦਾਗ਼ਦਾਰਿ ਨਾਮਿ ਗੁਰ ਗੋਬਿੰਦ ਸਿੰਘ॥੧੫੭॥**

[ਨੰਦ] ਲਾਲ ਗੁਰੂ ਗੋਬਿੰਦ ਸਿੰਘ [ਦੇ ਦਰ] ਦਾ ਇਕ ਗੁਲਾਮ ਕੂਕਰ ਹੈ,
ਉਹ ਗੁਰੂ ਗੋਬਿੰਦ ਸਿੰਘ ਦੇ ਨਾਮ ਦੇ ਦਾਗ਼ ਵਾਲਾ ਹੈ।

**ਕਮਤਰੀਂ ਜ਼ਿ ਸਗਾਨਿ ਗੁਰ ਗੋਬਿੰਦ ਸਿੰਘ**
**ਰੇਜ਼ਾ-ਚੀਨਿ ਖ਼੍ਵਾਨਿ ਗੁਰ ਗੋਬਿੰਦ ਸਿੰਘ॥੧੫੮॥**

ਉਹ ਗੁਰੂ ਗੋਬਿੰਦ ਸਿੰਘ ਦੇ ਕੁੱਤਿਆਂ ਤੋਂ ਵੀ ਨੀਚ ਹੈ,
ਉਹ ਗੁਰੂ ਗੋਬਿੰਦ ਸਿੰਘ ਦੇ ਦਸਤਰਖਾਨ ਤੋਂ ਭੋਰੇ ਚੁਗਣ ਵਾਲਾ ਹੈ।

**ਸਾਇਲ ਅਜ਼ ਇਨਆਮਿ ਗੁਰ ਗੋਬਿੰਦ ਸਿੰਘ**
**ਖ਼ਾਕਿ ਪਾਕਿ ਅਕਦਾਮਿ ਗੁਰ ਗੋਬਿੰਦ ਸਿੰਘ॥੧੫੯॥**

ਇਹ (ਦਾਸ) ਗੁਰੂ ਗੋਬਿੰਦ ਸਿੰਘ ਦੇ ਚਰਨਾਂ ਦੀ ਪਵਿੱਤਰ ਧੂੜੀ ਦੀ ਬਖ਼ਸ਼ਿਸ਼ ਦਾ ਜਾਚਕ ਹੈ।

**ਬਾਦ ਜਾਨਸ਼ ਫ਼ਿਦਾਇ ਗੁਰ ਗੋਬਿੰਦ ਸਿੰਘ**
**ਫ਼ਰਕਿ ਊ ਬਰ ਪਾਇ ਗੁਰ ਗੋਬਿੰਦ ਸਿੰਘ॥੧੬੦॥**

[ਰੱਬ ਕਰੇ] ਇਸ [ਨੰਦ ਲਾਲੇ] ਦੀ ਜਾਨ ਗੁਰੂ ਗੋਬਿੰਦ ਸਿੰਘ ਤੋਂ ਕੁਰਬਾਨ ਹੋਵੇ,
[ਰੱਬ ਕਰੇ] ਉਸ ਦਾ ਸੀਸ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਤੇ ਟਿਕਿਆ ਰਹੇ।

(ਗੰਡਾ ਸਿੰਘ ਡਾ· (ਸੰਪਾ·), **ਭਾਈ ਨੰਦ ਲਾਲ ਗ੍ਰੰਥਾਵਲੀ** (ਪ੍ਰਕਾਸ਼ਿਤ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਵਿੱਚੋਂ ਧੰਨਵਾਦ ਸਹਿਤ, ਗੰਜਨਾਮਾ, ਪੰਨਾ ੧੫੬-੧੬੧)

■

## ਅੰਮ੍ਰਿਤ ਸੰਚਾਰ

ਸਮੂਹ ਸਿੱਖ ਸੰਗਤ ਦੇ ਗਿਆਤ ਹਿਤ ਵਿਦਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰੇ ੧੨:੦੦ ਵਜੇ ਅੰਮ੍ਰਿਤ ਸੰਚਾਰ ਹੁੰਦਾ ਹੈ। ਅੰਮ੍ਰਿਤ-ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ!

# ਦਸਮ ਪਾਤਸ਼ਾਹ ਜੀ ਦੀਆਂ ਮਹਾਨ ਸਿੱਖਿਆਵਾਂ

*-ਡਾ. ਇੰਦਰਜੀਤ ਸਿੰਘ ਗੋਗੋਆਣੀ**

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਅੰਤ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਜਾਂਦਾ ਹੈ- 'ਕਲਗੀਆਂ ਵਾਲੇ', 'ਬਾਜਾਂ ਵਾਲੇ', 'ਸਰਬੰਸ ਦਾਨੀ', 'ਅੰਮ੍ਰਿਤ ਕੇ ਦਾਤੇ', 'ਪੰਥ ਦੇ ਵਾਲੀ', 'ਨੀਲੇ ਦੇ ਸਵਾਰ', 'ਚੋਜੀ ਪ੍ਰੀਤਮ', 'ਪੁੱਤਰਾਂ ਦੇ ਦਾਨੀ', 'ਪਰਮ ਪੁਰਖ', 'ਦੁਸ਼ਟ ਦਮਨ', 'ਸੰਤ ਸਿਪਾਹੀ', 'ਸਾਹਿਬ-ਏ-ਕਮਾਲ', 'ਮਰਦ ਅਗੰਮੜਾ', 'ਮਹਾਨ ਮਨੋਵਿਗਿਆਨੀ', 'ਸ਼ਮਸ਼ੀਰ-ਏ-ਬਹਾਦਰ', 'ਆਪੇ ਗੁਰ ਚੇਲਾ', 'ਮਾਨਵਤਾ ਦੇ ਰਹਿਬਰ', 'ਬਾਦਸ਼ਾਹ ਦਰਵੇਸ਼' ਤੇ 'ਕਲਮ ਦੇ ਧਨੀ' ਆਦਿ। ਸਿੱਖ ਧਰਮ ਦੀ ਮਰਯਾਦਾ ਨੂੰ ਦੇਖੋ ਤਾਂ ਨਿੱਤਨੇਮ ਤੇ ਅੰਮ੍ਰਿਤ-ਸੰਚਾਰ ਦੀਆਂ ਬਾਣੀਆਂ ਸਮੇਂ ਦਸਮ ਪਾਤਸ਼ਾਹ ਜੀ ਦੀ ਬਾਣੀ ਦਾ ਜਾਪ, ਅਰਦਾਸ ਦੀ ਪਹਿਲੀ ਪਉੜੀ ਸਤਿਗੁਰਾਂ ਦੀ ਰਚਨਾ, ਬੀਰ ਰਸੀ ਰਚਨਾ ਦਾ ਨਿਆਰਾ ਸਰੂਪ, ਰਾਗਬੱਧ ਬਾਣੀ ਦਾ ਰੂਹਾਨੀ ਰੰਗ, 'ਬਚਿੱਤਰ ਨਾਟਕ' ਅਤੇ 'ਜ਼ਫ਼ਰਨਾਮਾ' ਵਿਚ ਬੇਅੰਤ ਇਤਿਹਾਸਿਕ ਹਵਾਲੇ ਵੀ ਮਿਲਦੇ ਹਨ।

ਸਤਿਗੁਰਾਂ ਦੀ ਸਿੱਖਿਆ ਅਨੁਸਾਰ ਹਰੇਕ ਇਨਸਾਨ- *ਸੁਭ ਕਰਮਨ ਤੇ ਕਬਹੂੰ ਨ ਟਰੋਂ* ਦਾ ਦ੍ਰਿੜ੍ਹ ਨਿਸਚਾ ਕਰੇ ਅਤੇ ਆਤਮ ਵਿਸ਼ਵਾਸ ਹੋਵੇ ਕਿ- *ਨਿਸਚੈ ਕਰ ਅਪਨੀ ਜੀਤ ਕਰੋਂ।* ਫਿਰ ਜਦ ਫ਼ਤਿਹ ਪ੍ਰਾਪਤ ਹੋਵੇ ਤਾਂ ਹਉਮੈਂ ਨਹੀਂ ਕਰਨੀ ਸਗੋਂ ਅਕਾਲ ਦਾ ਸ਼ੁਕਰਾਨਾ ਕਰਨਾ ਹੈ, *ਭਈ ਜੀਤ ਮੇਰੀ ਕਿਰਪਾ ਕਾਲ ਕੇਰੀ।* ਦਸਮ ਰਚਨਾਵਾਂ ਦੇ ਅਰੰਭ ਵਿਚ "ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ" ਬੇਅੰਤ ਵਾਰ ਆਇਆ ਹੈ, ਜੋ ਖ਼ਾਲਸਈ ਸੰਬੋਧਨੀ ਬੋਲੇ ਦਾ ਮੁੱਖ ਆਧਾਰ ਹੈ।

ਦਸਮ ਪਾਤਸ਼ਾਹ ਜੀ ਨੇ ਅਕਾਲ ਪੁਰਖ ਨੂੰ *ਨਮੋ ਪ੍ਰੀਤ ਪ੍ਰੀਤੇ* ਉਚਾਰ ਕੇ ਨਮਸਕਾਰ ਕੀਤੀ ਹੈ ਕਿ ਹੇ ਪ੍ਰਭੂ! ਤੂੰ ਸਿਰਮੌਰ ਪ੍ਰੇਮ ਦਾ ਖ਼ਜ਼ਾਨਾ ਹੈਂ। ਫਿਰ ਮਾਨਵਤਾ ਨੂੰ ਸਬਕ ਦ੍ਰਿੜ੍ਹਾਇਆ ਕਿ ਕਿਸੇ ਵੀ ਭਰਮ ਵਿਚ ਨਾ ਭਟਕੋ ਕਿਉਂਕਿ ਪ੍ਰਭੂ ਤਾਂ ਸਭ ਦਿਸ਼ਾਵਾਂ ਵਿਚ ਪ੍ਰੇਮ ਰੂਪ ਹੋ ਕੇ ਪਸਰਿਆ ਹੋਇਆ ਹੈ। *ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ।* ਇਸ ਤਰ੍ਹਾਂ ਜਦ ਸਮਾਜ ਪ੍ਰੇਮ ਸਰੂਪ ਪ੍ਰਭੂ ਬਾਰੇ ਗਿਆਨ ਪ੍ਰਾਪਤ ਕਰੇਗਾ ਤਾਂ ਪ੍ਰਭੂ ਦੇ ਪਰਵਾਰ ਨੂੰ ਪ੍ਰੇਮ ਕਰੇਗਾ। ਇਸ ਤਰ੍ਹਾਂ ਸੰਕੀਰਣ ਸੋਚਾਂ ਵਿੱਚੋਂ ਜਾਤ-ਪਾਤ, ਊਚ-ਨੀਚ ਤੇ ਰੰਗ ਨਸਲ ਆਦਿ ਦੇ ਭੇਦ ਆਪਣੇ ਆਪ ਹੀ ਖਤਮ ਹੋ ਜਾਣਗੇ। ਸਪੱਸ਼ਟ ਸ਼ਬਦਾਂ ਵਿਚ ਉਪਦੇਸ਼ ਹੈ- *ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।* ਸਤਿਗੁਰਾਂ ਨੇ ਪ੍ਰਭੂ ਪ੍ਰਾਪਤੀ ਦਾ ਸਰਲ ਮਾਰਗ ਮਾਨਵਤਾ ਨੂੰ ਸਮਝਾਇਆ ਕਿ *ਜਿਨ ਪ੍ਰੇਮ*

** ਪ੍ਰਿੰਸੀਪਲ, ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ, ਜੀ.ਟੀ. ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੧੫੯੮੫੫੫੯*

*ਕੀਓ ਤਿਨ ਹੀ ਪ੍ਰਭ ਪਾਇਓ* ਸਿੱਖਿਆ ਦੇ ਧਾਰਨੀ ਹੋ ਕੇ ਜੀਵਨ ਸੰਵਾਰਨਾ ਹੈ।

ਦਸਮ ਪਾਤਸ਼ਾਹ ਸੰਸਾਰ ਨੂੰ ਸਰੀਰਕ ਤੰਦਰੁਸਤੀ ਲਈ ਜੀਵਨ-ਜੁਗਤ ਸਮਝਾਉਂਦੇ ਹਨ ਕਿ ਥੋੜ੍ਹਾ ਖਾਣਾ, ਥੋੜ੍ਹਾ ਸੌਣਾ, ਦਯਾ ਤੇ ਖਿਮਾ ਧਾਰਨ ਕਰਨੀ ਤੇ ਆਪਣੇ ਤਨ ਨੂੰ ਪ੍ਰੀਤ ਕਰਨੀ ਹੈ। ਜਦ ਸੀਲ, ਸੰਤੋਖ, ਸੰਜਮ ਦਾ ਧਾਰਨੀ ਹੋ ਕੇ ਮਨੁੱਖ, ਰਜੋ, ਤਮੋ, ਸਤੋ ਆਦਿ ਤ੍ਰੈ ਗੁਣਾਂ ਤੋਂ ਨਿਰਲੇਪ ਰਹੇਗਾ ਤਾਂ ਤਨ ਵੀ ਕੰਚਨ (ਸੋਨੇ) ਵਰਗਾ ਰਹੇਗਾ। ਸਤਿਗੁਰਾਂ ਦਾ ਮਹਾਨ ਸਬਕ ਹੈ:

*ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥*
*ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ॥ (ਸ਼ਬਦ ਪਾਤਸ਼ਾਹੀ ੧੦)*

ਹੁਣ ਜੇਕਰ ਤਨ ਬਲਵਾਨ ਹੈ ਤਾਂ ਮਨ (ਵਿਚਾਰ ਸ਼ਕਤੀ) ਵੀ ਬਲਵਾਨ ਹੋਣੀ ਜ਼ਰੂਰੀ ਹੈ। ਇਸ ਲਈ ਸਤਿਗੁਰਾਂ ਨੇ ਅਕਾਲ ਦੇ ਨਾਮ ਦੀ ਮਹਿਮਾ ਵਰਣਨ ਕਰਦਿਆਂ, ਸਿਮਰਨ ਦਾ ਉਪਦੇਸ਼ ਦਿੰਦਿਆਂ ਪ੍ਰਭੂ ਨਾਮ ਦੀ ਸ਼ਕਤੀ ਬਿਆਨ ਕੀਤੀ ਹੈ- *ਨਮੋ ਮੰਤ੍ਰ ਮੰਤ੍ਰੰ॥ ਨਮੋ ਜੰਤ੍ਰ ਜੰਤ੍ਰੰ॥ ਨਮੋ ਇਸਟ ਇਸਟੇ॥ ਨਮੋ ਤੰਤ੍ਰ ਤੰਤ੍ਰੰ॥* ਇਸੇ ਤਰਾਂ ਕਬਰਾਂ-ਮੜ੍ਹੀਆਂ ਦੇ ਪੂਜਕਾਂ ਨੂੰ ਭਰਮ ਮੁਕਤ ਕਰਦਿਆਂ ਸਮਝਾਇਆ ਹੈ ਕਿ- *ਇਕ ਮੜੀਅਨ ਕਬਰਨ ਵੈ ਜਾਹੀ॥ ਦੁਹੂੰਅਨ ਮੈ ਪਰਮੇਸੁਰ ਨਾਹੀ॥* ਇਸ ਲਈ *ਤਵੱਕ ਨਾਮ ਰੱਤੰ* ਵਾਲੀ ਅਵਸਥਾ ਦੇ ਧਾਰਨੀ ਬਣਨ ਦੀ ਸਿੱਖਿਆ ਦਿੱਤੀ ਹੈ।

ਕਲਗੀਧਰ ਪਾਤਸ਼ਾਹ ਜੀ ਨੇ ਜਬਰ-ਜੁਲਮ ਨੂੰ ਠੱਲ੍ਹ ਪਾਉਣ ਲਈ ਸਵੈ-ਰੱਖਿਆ ਵਾਸਤੇ ਸ਼ਸਤਰਾਂ ਨੂੰ- *ਯਹੈ ਹਮਾਰੈ ਪੀਰ* ਕਹਿ ਕੇ ਸਤਿਕਾਰਿਆ ਹੈ ਅਤੇ *ਜਿਤੇ ਸ਼ਸਤਰ ਨਾਮੰ॥ ਨਮਸਕਾਰ ਤਾਮੰ॥* ਉਚਾਰ ਕੇ ਮਾਨਵਤਾ ਨੂੰ ਗ਼ੈਰਤ ਅਣਖ ਨਾਲ ਜੀਣ ਦਾ ਤੇ ਸ਼ਸਤਰਾਂ ਨੂੰ ਪ੍ਰੇਮ ਕਰਨ ਦਾ ਸੰਦੇਸ਼ ਦਿੱਤਾ। ਦੂਜੇ ਪਾਸੇ ਤਲਵਾਰ ਉਠਾਉਣੀ ਉਸ ਸਮੇਂ ਜਾਇਜ਼ ਕਹੀ ਜਦੋਂ ਸਾਰੇ ਹੀਲੇ ਵਸੀਲੇ ਖਤਮ ਹੋ ਜਾਣ। ਫੁਰਮਾਨ ਹੈ: *ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥ ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ॥*

ਸਤਿਗੁਰਾਂ ਦੀ ਬਖਸ਼ੀ ਸਿੱਖਿਆ ਅਨੁਸਾਰ ਗਿਆਨ ਪ੍ਰਾਪਤੀ ਲਈ ਤਨ ਨੂੰ ਧੀਰਜ ਦਾ ਘਰ ਬਣਾਇਆ ਜਾਵੇ। ਇਸ ਵਿਚ ਬੁੱਧ ਰੂਪੀ ਦੀਵਾ ਜਗੇ ਤੇ ਮਨ ਰੂਪੀ ਹੱਥ ਦੇ ਵਿਚ ਗਿਆਨ ਰੂਪੀ ਬੁਹਾਰੀ ਪਕੜੀ ਜਾਵੇ ਤਾਂ ਕਾਇਰਤਾ ਤੇ ਡਰਪੋਕਪੁਣੇ ਦਾ ਨਿਕੰਮਾ ਕੂੜਾ ਹੂੰਝਿਆ ਜਾ ਸਕਦਾ ਹੈ:

*ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉਂ ਉਜੀਆਰੈ॥*
*ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥*

ਜਦ ਸਤਿਗੁਰਾਂ ਨੇ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਲਿਖਿਆ ਤਾਂ ਭਾਵੇਂ ਇਹ ਪ੍ਰਥਾਇ ਔਰੰਗਜ਼ੇਬ ਹੈ, ਪਰ ਸਿੱਖਿਆ ਸਮੁੱਚੀ ਮਾਨਵਤਾ ਲਈ ਹੈ। ਭਾਵ ਅਰਥਾਂ ਅਨੁਸਾਰ ਸੱਚਾ ਇਨਸਾਨ ਕਹਾਉਣ ਦਾ ਹੱਕਦਾਰ ਉਹ ਹੈ ਜੋ ਬਚਨਾਂ ਦਾ ਪੱਕਾ ਹੋਵੇ ਅਤੇ ਜਿਸ ਦੇ ਮੂੰਹ ਵਿਚ ਕੁਝ ਹੋਰ ਤੇ ਚਿੱਤ ਵਿਚ ਕੁਝ ਹੋਰ ਹੈ, ਉਹ ਸੱਚਾ ਮਰਦ ਨਹੀਂ ਹੋ ਸਕਦਾ। ਅੱਜ ਸਾਡੇ ਸਮਾਜ

ਦੀ ਤ੍ਰਾਸਦੀ ਇਹੋ ਹੈ ਕਿ ਝੂਠ ਫਰੇਬ ਦਾ ਬੋਲ-ਬਾਲਾ ਵੱਧ ਰਿਹਾ ਹੈ। ਲੋੜ ਹੈ ਸਤਿਗੁਰਾਂ ਦੀ ਸਿੱਖਿਆ ਨੂੰ ਸਮਝਿਆ ਜਾਵੇ ਅਤੇ ਇਕ ਦੂਜੇ ਉੱਪਰ ਦੋਸ਼ ਲਗਾਉਣ ਨਾਲੋਂ ਹਰੇਕ ਆਪੋ-ਆਪਣਾ ਸੁਧਾਰ ਕਰੇ। ਸਤਿਗੁਰਾਂ ਦੀ ਦ੍ਰਿਸ਼ਟੀ ਵਿਚ ਸੱਚੀ ਇਨਸਾਨੀਅਤ ਇਹ ਹੈ:

*ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ॥*
*ਨ ਸ਼ਿਕਮੇ ਦਿਗਰ ਦਰ ਦਹਾਨਿ ਦਿਗਰ॥*

# ਜਨਵਰੀ ਅਤੇ ਫਰਵਰੀ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

| | |
|---|---|
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ, (ਪੋ.ਸੁ. ੭) | ੨੩ ਪੋਹ ੦੬ ਜਨਵਰੀ |
| ਸ਼ਹੀਦੀ ਭਾਈ ਕੇਹਰ ਸਿੰਘ ਤੇ ਭਾਈ ਸਤਵੰਤ ਸਿੰਘ | ੨੩ ਪੋਹ ੦੬ ਜਨਵਰੀ |
| ਨੀਂਹ-ਪੱਥਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ) | ੦੧ ਮਾਘ ੧੪ ਜਨਵਰੀ |
| ਜੋੜ ਮੇਲਾ ਸ੍ਰੀ ਮੁਕਤਸਰ ਸਾਹਿਬ (ਮਾਘੀ) | ੦੧ ਮਾਘ ੧੪ ਜਨਵਰੀ |
| ਚਾਬੀਆਂ ਦਾ ਮੋਰਚਾ (ਸ੍ਰੀ ਅੰਮ੍ਰਿਤਸਰ) | ੦੭ ਮਾਘ ੨੦ ਜਨਵਰੀ |
| ਜਨਮ-ਦਿਹਾੜਾ ਬਾਬਾ ਦੀਪ ਸਿੰਘ ਜੀ | ੧੪ ਮਾਘ ੨੭ ਜਨਵਰੀ |
| ਵਿਆਹ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰੂ ਕਾ ਲਾਹੌਰ | ੨੦ ਮਾਘ ੦੨ ਫਰਵਰੀ |
| ਬਸੰਤ ਪੰਚਮੀ | ੨੦ ਮਾਘ ੦੨ ਫਰਵਰੀ |
| ਵੱਡਾ ਘੱਲੂਘਾਰਾ ਕੁੱਪ-ਰੋਹੀੜਾ (ਸੰਗਰੂਰ) | ੨੭ ਮਾਘ ੦੯ ਫਰਵਰੀ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ | ੨੯ ਮਾਘ ੧੧ ਫਰਵਰੀ |
| ਜਨਮ ਦਿਹਾੜਾ ਭਗਤ ਰਵਿਦਾਸ ਜੀ | ੦੧ ਫੱਗਣ ੧੨ ਫਰਵਰੀ |
| ਸਾਕਾ ਨਨਕਾਣਾ ਸਾਹਿਬ (ਪਾਕਿਸਤਾਨ) | ੧੦ ਫੱਗਣ ੨੧ ਫਰਵਰੀ |
| ਜੈਤੋ ਦਾ ਮੋਰਚਾ (ਫਰੀਦਕੋਟ) | ੧੦ ਫੱਗਣ ੨੧ ਫਰਵਰੀ |
| **ਪੂਰਨਮਾਸੀ** | ੩੦ ਪੋਹ ੧੩ ਜਨਵਰੀ |
| **ਸੰਗਰਾਂਦ** | ੦੧ ਮਾਘ ੧੪ ਜਨਵਰੀ |
| **ਮੱਸਿਆ** | ੧੬ ਮਾਘ ੨੯ ਜਨਵਰੀ |
| **ਪੂਰਨਮਾਸੀ** | ੦੧ ਫੱਗਣ ੧੨ ਫਰਵਰੀ |
| **ਸੰਗਰਾਂਦ** | ੦੧ ਫੱਗਣ ੧੨ ਫਰਵਰੀ |
| **ਮੱਸਿਆ** | ੧੬ ਫੱਗਣ ੨੭ ਫਰਵਰੀ |

# ਇਨਸਾਨੀਅਤ ਦੇ ਪਹਿਰੇਦਾਰ : ਬਾਬਾ ਮੋਤੀ ਰਾਮ ਮਹਿਰਾ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਕੁਦਰਤ ਦਾ ਕ੍ਰਿਸ਼ਮਾ ਹੀ ਸਮਝੋ ਜਿਸ ਨੇ ਸੰਜੋਗ-ਵਿਜੋਗ ਦਾ ਸਿਲਸਿਲਾ ਆਦਿ ਕਾਲ ਤੋਂ ਅਰੰਭ ਕੀਤਾ ਹੋਇਆ ਹੈ। ਗੁਰਬਾਣੀ ਇਸ ਬਾਰੇ ਇਉਂ ਚਾਨਣ ਪਾਉਂਦੀ ਹੈ- *ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ॥* ਤਥਾ *ਸੰਜੋਗੁ ਵਿਜੋਗੁ ਧੁਰਹੁ ਹੀ ਹੂਆ॥* ਤਥਾ *ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ॥ ਜੀਵਿ ਜੀਵਿ ਮੁਏ ਮੁਏ ਜੀਵੇ॥* ਕੁਦਰਤ ਨੇ ਹਾਂ-ਪੱਖੀ ਅਤੇ ਨਾਂਹ-ਪੱਖੀ ਤਾਕਤਾਂ ਪੈਦਾ ਕੀਤੀਆਂ ਹਨ। ਮਨੁੱਖ ਦੇ ਅੰਦਰ ਵੀ ਇਹ ਦੋਵੇਂ ਸ਼ਕਤੀਆਂ ਮੌਜੂਦ ਹਨ। ਇਨ੍ਹਾਂ ਸ਼ਕਤੀਆਂ ਦਾ ਪ੍ਰਗਟਾਵਾ ਸੰਸਾਰ ਵਿਚ ਨੇਕੀ-ਬਦੀ ਅਤੇ ਝੂਠ-ਸੱਚ ਦੀਆਂ ਸ਼ਕਤੀਆਂ ਵਿਚ ਹੋ ਰਿਹਾ ਹੈ। ਇਨ੍ਹਾਂ ਸ਼ਕਤੀਆਂ ਦੇ ਪ੍ਰਤੀਕ ਵਿਅਕਤੀਆਂ ਦੀ ਪਛਾਣ ਗੁਰਬਾਣੀ ਧਰਮੀ ਅਤੇ ਪਾਪੀ ਕਰਕੇ ਕਰਦੀ ਹੈ। ਫੁਰਮਾਨ ਹੈ- *ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ॥* ਇਨ੍ਹਾਂ ਸ਼ਕਤੀਆਂ ਦਾ ਟਕਰਾਅ ਵੀ ਬਾਦਸਤੂਰ ਜਾਰੀ ਹੀ ਰਿਹਾ ਹੈ। ਅੱਜ ਵੀ ਹੈ, ਭਵਿੱਖ ਵਿਚ ਵੀ ਰਹੇਗਾ। ਆਮ ਤੌਰ ਉਤੇ ਬਦੀ ਦੀਆਂ ਸ਼ਕਤੀਆਂ ਭਾਰੂ ਰਹਿੰਦੀਆਂ ਹਨ ਪ੍ਰੰਤੂ ਅੰਤ ਨੂੰ ਨੇਕੀ ਜੇਤੂ ਰਹਿੰਦੀ ਹੈ। ਗੁਰਬਾਣੀ ਵਿਚ ਸਪੱਸ਼ਟ ਕੀਤਾ ਗਿਆ ਹੈ:

*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥* *ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੩*

ਅਜੋਕੇ ਯੁੱਗ ਵਿਚ ਬਾਬੇਕਿਆਂ ਅਤੇ ਬਾਬਰਕਿਆਂ ਵਿਚ ਟਕਰਾਅ ਨੂੰ ਵੀ ਇਸੇ ਕੜੀ ਵਿਚ ਹੀ ਵੇਖਿਆ ਜਾਂਦਾ ਹੈ। ਬਾਬਰ ਕੇ ਬਦੀ ਦੀਆਂ ਸ਼ਕਤੀਆਂ ਅਤੇ ਬਾਬੇ ਕੇ ਨੇਕੀ ਦੀਆਂ ਸ਼ਕਤੀਆਂ ਦੇ ਪ੍ਰਤੀਕ ਹਨ। ਇਸੇ ਟਕਰਾਅ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਦੀ ਸ਼ਹੀਦੀ ਹੋਈ ਅਤੇ ਇਹ ਟਕਰਾਅ ਸਰਹਿੰਦ ਦੀ ਧਰਤੀ ਉਤੇ ਪਹੁੰਚ ਗਿਆ ਜਿੱਥੇ ਦੁਨੀਆ ਦੇ ਇਤਿਹਾਸ ਵਿਚ ਬਦੀ ਦਾ ਸਿਖਰ ਆਇਆ ਅਤੇ ਉਸ ਦਾ ਕਰੂਰ ਚਿਹਰਾ ਨੰਗਾ ਹੋ ਗਿਆ। ਜਿੱਥੇ ਔਰੰਗਜ਼ੇਬ ਦੀ ਧਾਰਨ ਕੀਤੀ ਸਿੱਖ ਧਰਮ (ਨੇਕੀ ਦੀਆਂ ਸ਼ਕਤੀਆਂ) ਨੂੰ ਸਦਾ-ਸਦਾ ਲਈ ਖਾਮੋਸ਼ ਕਰਨ ਹਿੱਤ ਮੁਗ਼ਲੀਆ, ਕਪਟੀ ਅਤੇ ਅਧਰਮੀ ਨੀਤੀ ਕਾਰਨ ਸੂਬਾ ਸਰਹਿੰਦ ਦੇ ਹੁਕਮ ਦੁਆਰਾ ਮਾਸੂਮੀਅਤ ਦੇ ਚਿੰਨ੍ਹ, ਨਿਰਭਉ ਅਤੇ ਨਿਰਵੈਰ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ ਨੂੰ ਕੰਧਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਇਸ 'ਸਾਕਾ ਸਰਹਿੰਦ' ਨੂੰ ਇਤਿਹਾਸ ਵਿਚ "ਨਿੱਕੀਆਂ ਜਿੰਦਾਂ ਵੱਡਾ ਸਾਕਾ" ਕਰਕੇ ਵੀ ਜਾਣਿਆ ਜਾਂਦਾ ਹੈ।

---

*ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੯੧੫੯-੦੫੧੦੦*

੧੭੦੪ ਈ. ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਗੜ੍ਹ ਦਾ ਕਿਲ੍ਹਾ ਛੱਡਣ ਉਪਰੰਤ ਸਿਰਸਾ ਨਦੀ ਦੇ ਕੰਢੇ ਉਤੇ ਖਾਲਸਾ ਫੌਜਾਂ ਅਤੇ ਮੁਗਲੀਆ ਸਲਤਨਤ ਸਮੇਤ ਬਾਈਧਾਰ ਦੇ ਰਾਜਿਆਂ ਦੀਆਂ ਫੌਜਾਂ ਵਿਚ ਹੋਏ ਯੁੱਧ ਅਤੇ ਸਿਰਸਾ ਨਦੀ ਵਿਚ ਆਏ ਹੜ੍ਹ ਕਾਰਨ ਗੁਰੂ ਸਾਹਿਬ ਦਾ ਪਰਵਾਰ ਵਿਛੜ ਗਿਆ। ਗੁਰੂ ਕੇ ਮਹਿਲ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਵੱਲ ਨੂੰ ਚਲੇ ਗਏ, ਛੋਟੇ ਸਾਹਿਬਜ਼ਾਦੇ ਗੁਰੂ-ਮਾਤਾ ਮਾਤਾ ਗੁਜਰੀ ਜੀ ਨਾਲ ਮੋਰਿੰਡੇ ਵੱਲ ਨੂੰ ਚੱਲ ਪਏ ਅਤੇ ਵੱਡੇ ਸਾਹਿਬਜ਼ਾਦਿਆਂ ਅਤੇ ੪੦ ਕੁ ਸਿੰਘਾਂ ਸਮੇਤ ਗੁਰੂ ਜੀ ਚਮਕੌਰ ਦੀ ਕੱਚੀ ਗੜ੍ਹੀ ਵਿਚ ਪਹੁੰਚ ਗਏ। ਸਾਕਾ ਸਰਹਿੰਦ ਵਿਚ ਗੰਗੂ, ਸੁੱਚਾ ਨੰਦ, ਦੀਵਾਨ ਟੋਡਰ ਮੱਲ, ਬਾਬਾ ਮੋਤੀ ਰਾਮ ਮਹਿਰਾ ਅਤੇ ਸੂਬਾ ਸਰਹਿੰਦ ਦੀ ਹਿੰਦੂ ਧਰਮ ਤੋਂ ਇਸਲਾਮੀ ਧਰਮ ਵਿਚ ਪ੍ਰਵੇਸ਼ ਕਰ ਚੁੱਕੀ ਬੇਗਮ ਜੈਨਬੁਨਿਸਾਂ, ਜਿਸ ਨੂੰ ਪਿਆਰ ਨਾਲ ਜੈਨਾ ਕਿਹਾ ਜਾਂਦਾ ਸੀ, ਦਾ ਆਪਣੇ ਵਿਹਾਰ, ਵਿਚਾਰਾਂ ਅਤੇ ਬਿਰਤੀਆਂ ਅਨੁਸਾਰ ਨਿਭਾਇਆ ਰੋਲ ਬੜਾ ਹੀ ਮਹੱਤਵਪੂਰਨ ਹੈ। ਇਨ੍ਹਾਂ ਵਿੱਚੋਂ ਕੁਝ ਨੇਕੀ ਦੀਆਂ ਸ਼ਕਤੀਆਂ ਅਤੇ ਕੁਝ ਬਦੀ ਦੀਆਂ ਸ਼ਕਤੀਆਂ ਦੇ ਪ੍ਰਤੱਖ ਪ੍ਰਤੀਕ ਹਨ। ਇਸ ਲੇਖ ਵਿਚ ਇਨਸਾਨੀਅਤ ਦੇ ਪਹਿਰੇਦਾਰ ਗੁਰੂ-ਘਰ ਦੇ ਅਨਿੰਨ ਸ਼ਰਧਾਲੂ-ਸੇਵਕ ਬਾਬਾ ਮੋਤੀ ਰਾਮ ਮਹਿਰਾ ਜੀ ਬਾਰੇ ਸੰਖੇਪ ਰੂਪ ਵਿਚ ਜਾਣਨ ਦਾ ਯਤਨ ਕਰ ਰਹੇ ਹਾਂ। ਬਾਬਾ ਮੋਤੀ ਰਾਮ ਮਹਿਰਾ ਜੀ ਬਾਰੇ ਬਹੁਤ ਸਾਰੇ ਤੱਥਾਂ ਦੀ ਭਾਲ ਅਜੇ ਬਾਕੀ ਹੈ। ਜਿਤਨਾ ਕੁ ਵੱਖ-ਵੱਖ ਸਰੋਤਾਂ ਸਮੇਤ ਭਾਈ ਕਿਸ਼ਨ ਸਿੰਘ ਦੇ 'ਸ਼ਹੀਦਨਾਮਾ' ਤੋਂ ਜਾਣਕਾਰੀ ਮਿਲਦੀ ਹੈ ਉਸ ਅਨੁਸਾਰ ਭਾਈ ਮੋਤੀ ਰਾਮ ਮਹਿਰਾ ਸਰਹਿੰਦ ਨੇੜੇ ਪਿੰਡ ਸੰਗਤਪੁਰਾ ਸੋਢੀਆਂ ਦੇ ਵਸਨੀਕ ਸਨ ਅਤੇ ਖਾਲਸਾ ਪੰਥ ਦੀ ਸਿਰਜਣਾ ਸਮੇਂ ਦਸਮੇਸ਼ ਜੀ ਵੱਲੋਂ ਸਜਾਏ ਗਏ ਪੰਜ ਪਿਆਰਿਆਂ ਵਿੱਚੋਂ ਇਕ ਭਾਈ ਹਿੰਮਤ ਸਿੰਘ ਦੇ ਭਤੀਜੇ ਸਨ। ਭਾਈ ਕਿਸ਼ਨ ਸਿੰਘ ਜੀ ਇਉਂ ਲਿਖਦੇ ਹਨ:

*ਮੋਤੀ ਰਾਮ ਸੰਗਤਿਪੁਰਿ ਵਾਸੀ। ਰਾਮ ਨਾਮ ਜਪ ਪੁੰਨ ਕਮਾਸੀ।*
*ਹਿੰਮਤ ਸਿੰਘ ਤਿਤ ਚਾਚੂ ਜਾਨਹੁ। ਪਾਂਚ ਪਯਾਰਨ ਮਾਹਿ ਪ੍ਰਧਾਨਹੁ।*
*ਵਜੀਰੇ ਕੇ ਗ੍ਰਿਹ ਪ੍ਰਸਾਦ ਬਨਾਵੈ। ਮਾਨ ਮਹਤ ਦਰਬਾਰਹਿ ਪਾਵੈ।*
*ਹਿੰਦੂ ਕੈਦੀ ਤੈਹ ਹਜਾਰ। ਕਾਰਾਵਾਸ ਮਹਿ ਹੋਤ ਖਵਾਰ।*
*ਤਿਨ ਕੋ ਲੰਗਰ ਮੋਤੀ ਆਪ ਬਨਾਵਹਿ।*

ਇੰਟਰਨੈਟ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਬਾਬਾ ਮੋਤੀ ਰਾਮ ਮਹਿਰਾ ਦਾ ਜਨਮ ਕੈਥਲ ਵਿਖੇ ੯-੨-੧੬੭੭ ਈ. ਨੂੰ ਮਾਤਾ ਲਾਧੋ ਦੇਵੀ ਦੀ ਕੁੱਖੋਂ ਹੋਇਆ। ਇਨ੍ਹਾਂ ਦੇ ਪਿਤਾ ਜੀ ਸ੍ਰੀ ਹਰੀ ਰਾਮ ਮਹਿਰਾ ਸਰਹੰਦ ਦੀ ਜੇਲ੍ਹ ਵਿਚ ਰਸੋਈਏ ਵਜੋਂ ਸੇਵਾ ਕਰਦੇ ਸਨ। ਉਨ੍ਹਾਂ ਦੀ ਧਰਮ ਪਤਨੀ ਦਾ ਨਾਮ ਬੀਬੀ ਭੋਲੀ ਸੀ। ਉਹ ਇਕ ਨੇਕ ਦਿਲ, ਸੇਵਾ ਅਤੇ ਸਿਮਰਨ ਕਰਨ ਵਾਲੀ ਧਾਰਮਿਕ ਬਿਰਤੀ ਵਾਲੀ ਇਸਤਰੀ ਸੀ। ਹਮੇਸ਼ਾਂ ਹੀ ਘਰੋਗੀ ਕਾਰੋਬਾਰ ਅਤੇ ਸਮਾਜ-ਸੇਵਾ ਵਿਚ ਲੀਨ ਰਹਿਣ ਵਾਲੀ ਸਦਾਚਾਰੀ ਇਸਤਰੀ ਸੀ।

ਦੁਖਦਾਇਕ ਗੱਲ ਇਹ ਹੈ ਕਿ ਅਸੀਂ ਅਦੁੱਤੀ ਅਤੇ ਅਜ਼ੀਮ ਸਿੱਖ ਵਿਰਸੇ

ਸਮੇਤ ਮੋਤੀ ਰਾਮ ਮਹਿਰਾ ਜੀ ਦੀ ਕੁਰਬਾਨੀ ਸਿਦਕਦਿਲੀ, ਨਿਰਵੈਰਤਾ ਅਤੇ ਨਿਰਭੈਤਾ ਦਾ ਮਹੱਤਵ ਵੀ ਅਣਗੌਲਿਆ ਹੀ ਰੱਖਿਆ ਪ੍ਰੰਤੂ ਇਸ ਸਭ ਕੁਝ ਦੇ ਬਾਵਜੂਦ ਬਾਬਾ ਜੀ ਦੀ ਕੁਰਬਾਨੀ ਲੋਕ ਸਿਮ੍ਰਤੀ ਵਿੱਚੋਂ ਗਾਇਬ ਨਹੀਂ ਹੋਈ ਅਤੇ ਉਹ ਅੱਜ ਵੀ ਸਿੱਖ ਮਾਨਸਿਕਤਾ ਵਿਚ ਪੂਰੀ ਤਰ੍ਹਾਂ ਵਸੇ ਹੋਏ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਜਬਰ, ਜ਼ੁਲਮ, ਧੱਕੇ, ਅੱਤਿਆਚਾਰ ਅਤੇ ਬੇਇਨਸਾਫੀ ਵਿਰੁੱਧ ਅਰੰਭ ਸ਼ਾਂਤਮਈ ਸੰਘਰਸ਼ ਨੇ ਭਾਰਤੀਆਂ ਦੀ ਮਰ ਚੁੱਕੀ ਜ਼ਮੀਰ ਨੂੰ ਹਲੂਣਾ ਦਿੱਤਾ ਅਤੇ ਉਹਨਾਂ ਅੰਦਰ ਸਾਹਸ, ਸਵੈਮਾਣ, ਸਿਦਕਦਿਲੀ ਅਤੇ ਦ੍ਰਿੜ੍ਹਤਾ ਪੈਦਾ ਕੀਤੀ। ਜਦੋਂ ਗੁਰਮਤਿ ਲਹਿਰ ਸਦਕਾ ਭਾਰਤੀਆਂ ਦੀ ਆਤਮਾ ਅੰਦਰ ਸਵੈਮਾਣ ਦਾ ਅਹਿਸਾਸ ਜਾਗਿਆ ਤਾਂ ਸਮੇਂ ਨੇ ਕਰਵਟ ਲਈ ਅਤੇ ਤਲਵਾਰ ਦਾ ਜਵਾਬ ਤਲਵਾਰ ਨਾਲ ਦੇਣ ਲਈ ਛੇਵੇਂ ਪਾਤਸ਼ਾਹ ਸ੍ਰੀ ਹਰਿਗੋਬਿੰਦ ਸਾਹਿਬ ਨੇ ਮੀਰੀ ਅਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ ਅਤੇ ਜ਼ੁਲਮ ਤੇ ਜਬਰ ਦਾ ਮੁਕਾਬਲਾ ਕਰਨੋ ਅਸਮਰੱਥ ਜ਼ਾਲਮ ਅੱਗੇ ਥਰ-ਥਰ ਕੰਬ ਰਹੇ ਭਾਰਤੀਆਂ ਨੂੰ ਸ਼ਸਤਰਧਾਰੀ ਬਣਨ ਲਈ ਪ੍ਰੇਰਿਆ ਅਤੇ ਮੁਗ਼ਲਾਂ ਵਿਰੁਧ ਚਾਰ ਯੁੱਧ ਕੀਤੇ ਅਤੇ ਇਨ੍ਹਾਂ ਸਾਰਿਆਂ ਵਿਚ ਨੇਕੀ ਦੀਆਂ ਸ਼ਕਤੀਆਂ ਜੇਤੂ ਰਹੀਆਂ ਅਤੇ ਮੁਗ਼ਲਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਗੱਲ ਦੇ ਦ੍ਰਿੜ੍ਹ ਵਿਸ਼ਵਾਸੀ ਸਨ ਕਿ ਜਦੋਂ ਜ਼ਬਰ ਅਤੇ ਜ਼ੁਲਮ ਨੂੰ ਖਤਮ ਕਰਨ ਦੇ ਸਾਰੇ ਸ਼ਾਂਤਮਈ ਹੀਲੇ-ਵਸੀਲੇ ਖਤਮ ਹੋ ਜਾਣ ਤਾਂ ਕਿਪਾਨ ਦੀ ਵਰਤੋਂ ਜਾਇਜ਼ ਹੈ:

*ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸਤ।*
*ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ।*

ਗੁਰੂ ਜੀ ਦੁਆਰਾ ਅਰੰਭ ਕੀਤਾ ਧਰਮ ਯੁੱਧ ਉਨ੍ਹਾਂ ਲੋਕਾਂ ਲਈ ਵੰਗਾਰ ਸੀ ਜੋ ਧਰਮ ਦਾ ਮਖੌਟਾ ਪਹਿਨ ਕੇ ਇਸ ਦੀ ਭਾਵਨਾ ਦੇ ਉਲਟ ਕਾਰਜਾਂ ਵਿਚ ਰੁੱਝੇ ਹੋਏ ਸਨ। ਉਨ੍ਹਾਂ ਨੇ ਗੁਰੂ ਜੀ ਦੁਆਰਾ ਅਰੰਭੇ ਧਰਮ ਯੁੱਧ ਨੂੰ ਆਪਣੇ ਨਖਿਧ ਅਤੇ ਕਪਟੀ ਕਾਰਜਾਂ ਲਈ ਚੁਣੌਤੀ ਸਮਝਿਆ। ਉਨ੍ਹਾਂ ਨੇ ਗੁਰੂ ਜੀ ਖ਼ਿਲਾਫ ਜੰਗ ਕਰਨ ਦਾ ਤਹੱਈਆ ਕਰ ਲਿਆ ਤਾਂ ਜੋ ਇਸ ਧਰਮ, ਨੇਕੀ, ਹੱਕ ਅਤੇ ਸੱਚ ਦੀ ਅਵਾਜ਼ ਨੂੰ ਖਾਮੋਸ਼ ਕੀਤਾ ਜਾ ਸਕੇ। ਗੁਰੂ ਜੀ ਦੇ ਧਰਮ ਯੁੱਧ ਨੂੰ ਚੁਣੌਤੀ ਦੇਣ ਵਾਲੀਆਂ ਫੌਜਾਂ ਵਿਚ ਪਹਾੜੀ ਰਾਜੇ ਅਤੇ ਕੇਂਦਰ ਦੀ ਮੁਗ਼ਲ ਫੌਜ ਨੇ ਸਾਂਝੇ ਤੌਰ 'ਤੇ ਭਾਗ ਲਿਆ। ਜਦੋਂ ਇਹ ਫੌਜਾਂ ਗੁਰੂ ਜੀ ਦਾ ਮੁਕਾਬਲਾ ਕਰਨ ਵਿਚ ਅਸਮਰੱਥ ਹੋ ਗਈਆਂ ਤਾਂ ਉਨ੍ਹਾਂ ਨੇ ਕਪਟ ਅਤੇ ਮੱਕਾਰੀ ਭਰੀਆਂ ਚਾਲਾਂ ਦਾ ਸਹਾਰਾ ਲਿਆ। ਉਨ੍ਹਾਂ ਨੇ ਗੁਰੂ ਜੀ ਨੂੰ ਅਨੰਦਪੁਰ ਸਾਹਿਬ ਤੋਂ ਬਾਹਰ ਕੱਢਣ ਲਈ ਧਰਮ ਗ੍ਰੰਥਾਂ ਦਾ ਸਹਾਰਾ ਲਿਆ ਜਿਸ 'ਤੇ ਵਿਸ਼ਵਾਸ ਕਰ ਕੇ ਗੁਰੂ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰ ਦਿੱਤਾ। ਦੁਸ਼ਮਣ ਦੀਆਂ ਫੌਜਾਂ ਨੇ ਧਰਮ ਗ੍ਰੰਥਾਂ ਦੀਆਂ ਖਾਧੀਆਂ ਸਹੁੰਆਂ ਤੋੜ ਕੇ ਗੁਰੂ ਜੀ 'ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਗੁਰੂ ਜੀ ਅਤੇ ਉਨ੍ਹਾਂ ਦੇ ਪਿਆਰੇ ਖਾਲਸੇ ਦਾ ਬਹੁਤ ਨੁਕਸਾਨ ਹੋਇਆ। ਈਨ ਮੰਨਣ ਦੀ ਥਾਂ ਗੁਰੂ ਜੀ ਅਤੇ

ਸਿੱਖਾਂ ਨੇ ਦੁਸ਼ਮਣ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਉਨ੍ਹਾਂ ਨੂੰ ਹਰ ਮੈਦਾਨ ਪਛਾੜ ਦਿੱਤਾ। ਪ੍ਰੰਤੂ ਭਾਈ ਜੈਤਾ ਜੀ (ਭਾਈ ਜੀਵਨ ਸਿੰਘ), ਭਾਈ ਉਦੈ ਸਿੰਘ ਸਮੇਤ ਬਹੁਤ ਸਾਰੇ ਸਿੰਘ ਜੰਗ ਵਿਚ ਸ਼ਹੀਦ ਹੋ ਗਏ ਅਤੇ ਬਹੁਤ ਸਾਰੇ ਘੋੜਿਆਂ ਸਮੇਤ ਦਰਿਆ ਵਿਚ ਰੁੜ ਗਏ। ਗੁਰੂ ਪਰਵਾਰ ਵਿਛੜ ਕੇ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ।

ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਨਾਲ ਵਹੀਰ ਤੋਂ ਪਾਸੇ ਮੋਰਿੰਡੇ ਵੱਲ ਨੂੰ ਨਿਕਲ ਗਏ। ਅੱਤ ਦੀ ਸਰਦੀ ਵਿਚ ਛੋਟੇ ਸਾਹਿਬਜ਼ਾਦਿਆਂ ਲਈ ਮਾਤਾ ਜੀ ਦੀ ਬੁੱਕਲ ਤੋਂ ਇਲਾਵਾ ਹੋਰ ਕੋਈ ਸਥਾਨ ਨਹੀਂ ਸੀ ਪ੍ਰੰਤੂ ਉਹ ਪ੍ਰਭੂ ਦੇ ਭਾਣੇ ਵਿਚ ਦ੍ਰਿੜ੍ਹਤਾ ਨਾਲ ਵਿਚਰ ਰਹੇ ਸਨ ਭਾਵੇਂ ਕਿ ਪੈਂਡਾ ਬੜਾ ਹੀ ਬਿਖਮ ਸੀ। ਸਤਿਗੁਰਾਂ ਨੇ ਵੀ ਗੁਰਬਾਣੀ ਦੁਆਰਾ ਸਮਝਾਇਆ ਹੈ ਕਿ ਭਾਣਾ ਮੰਨਣਾ ਕਹਿਣਾ ਤਾਂ ਸੋਖਾ ਹੈ ਪਰ ਹੈ ਬੜਾ ਹੀ ਕਠਿਨ ਹੈ। ਗੁਰਵਾਕ ਹੈ– *ਸੁਹੇਲਾ ਕਹਨੁ ਕਹਾਵਨੁ॥ ਤੇਰਾ ਬਿਖਮੁ ਭਾਵਨੁ॥*ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਰਸਤੇ ਵਿਚ, ੧੯ ਸਾਲ ਗੁਰੂ-ਘਰ ਦਾ ਰਿਹਾ ਰਸੋਈਆ, ਗੰਗੂ ਮਿਲਿਆ ਜੋ ਉਨ੍ਹਾਂ ਨੂੰ ਆਪਣੇ ਘਰ ਲੈ ਗਿਆ। ਧਨ ਦੇ ਲਾਲਚ ਵਿਚ ਆ ਕੇ ਉਸ ਨੇ ਮਾਤਾ ਜੀ ਦੀਆਂ ਮੋਹਰਾਂ ਚੋਰੀ ਕਰ ਲਈਆਂ ਅਤੇ ਭੇਦ ਖੁਲ ਜਾਣ ਦੇ ਡਰੋਂ ਉਸ ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਮੁਗ਼ਲ ਸਿਪਾਹੀਆਂ ਦੇ ਹਵਾਲੇ ਕਰ ਦਿੱਤਾ ਅਤੇ ਉਨ੍ਹਾਂ ਤੋਂ ਵੀ ਇਨਾਮ ਪ੍ਰਾਪਤ ਕਰਨ ਵਿਚ ਸਫਲ ਹੋ ਗਿਆ। ਲਾਲਚੀ ਮਨੁੱਖ ਆਪਣੇ ਲਾਲਚ ਦੀ ਪੂਰਤੀ ਲਈ ਖੌਫ਼ੇ ਖੁਦਾ ਨੂੰ ਵਿਸਾਰ ਦਿੰਦਾ ਹੈ ਜਿਵੇਂ ਗੁਰਬਾਣੀ ਵਿਚ ਫੁਰਮਾਨ ਹੈ– *ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ॥ ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ॥* ਤਥਾ *ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥ ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥* ਉਪਰੰਤ ਮੋਰਿੰਡੇ ਦੇ ਥਾਣੇਦਾਰ ਜਾਨੀ ਖਾਨ, ਮਾਨੀ ਖਾਨ ਅਤੇ ਮੁਗ਼ਲ ਸਿਪਾਹੀ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਲੈ ਕੇ ਸਰਹਿੰਦ ਆ ਗਏ। ਸਰਹਿੰਦ ਦਾ ਨਵਾਬ ਗੁਰੂ ਜੀ ਦੇ ਸਿਰਸਾ ਦੇ ਕੰਢੇ ਉਤੇ ਹੋਏ ਯੁੱਧ ਵਿਚੋਂ ਸਹੀ ਸਲਾਮਤ ਬਚ ਨਿਕਲਣ ਤੋਂ ਬੇਹੱਦ ਸ਼ਰਮਿੰਦਾ ਸੀ ਅਤੇ ਕਿਸੇ ਤਰ੍ਹਾਂ ਲੋਕਾਂ ਅਤੇ ਕੇਂਦਰ ਦਰਬਾਰ ਸਾਹਮਣੇ ਆਪਣੀ ਇੱਜ਼ਤ ਬਚਉਣਾ ਚਾਹੁੰਦਾ ਸੀ। ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਗ੍ਰਿਫ਼ਤਾਰੀ ਦੀ ਖ਼ਬਰ ਨੇ ਉਸ ਦੇ ਮਨ ਵਿਚ ਖੁਸ਼ੀ ਦੀ ਲਹਿਰ ਪੈਦਾ ਕਰ ਦਿੱਤੀ। ਉਹ ਇਨ੍ਹਾਂ ਰਾਹੀਂ ਗੁਰੂ ਜੀ ਤਕ ਪਹੁੰਚਣ ਦਾ ਯਤਨ ਕਰਨਾ ਚਾਹੁੰਦਾ ਸੀ ਪਰ ਉਸ ਦੀ ਇਹ ਯੋਜਨਾ ਵੀ ਸਿਰੇ ਨਾ ਚੜ੍ਹ ਸਕੀ। ਉਹ ਸਾਹਿਬਜ਼ਾਦਿਆਂ ਦਾ ਧਰਮ ਪਰਿਵਰਤਨ ਕਰ ਕੇ ਦਿੱਲੀ ਦਰਬਾਰ ਅਤੇ ਮੌਲਾਣਿਆਂ ਅਤੇ ਖਾਸ ਕਰਕੇ ਨਕਸ਼ਬੰਦੀ ਲਹਿਰ ਦੇ ਸੰਚਾਲਕਾਂ ਨੂੰ ਖੁਸ਼ ਕਰਨਾ ਚਾਹੁੰਦਾ ਸੀ ਪਰ ਇਸ ਵਿਚ ਵੀ ਉਹ ਕਾਮਯਾਬ ਨਾ ਹੋ ਸਕਿਆ।

ਸਰਹਿੰਦ ਦੇ ਨਵਾਬ ਵਜ਼ੀਰ ਖਾਂ ਨੇ ਪੋਹ ਦੀ ਅਤਿ ਠੰਡੀ ਰੁਤੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿਖੇ ਕੈਦ ਕਰ ਦਿਤਾ। ਸਰਹਿੰਦ ਵਿਖੇ ਹਿੰਦੂ ਕੈਦੀਆਂ ਨੂੰ ਰੋਟੀਆਂ ਖਵਾਉਣ ਦੀ ਜ਼ਿੰਮੇਵਾਰੀ ਉਥੋਂ ਦੇ ਭਾਈ ਮੋਤੀ ਰਾਮ ਮਹਿਰਾ ਦੀ ਸੀ। ਭਾਈ ਮੋਤੀ ਰਾਮ ਗੁਰੂ-ਘਰ ਦਾ ਸ਼ਰਧਾਲੂ ਸੀ ਅਤੇ ਕਈ ਵਾਰ ਉੱਥੋਂ ਲੰਘਣ ਵਾਲੇ ਸਿੱਖਾਂ ਨੂੰ

ਲੰਗਰ ਵੀ ਛਕਾ ਦਿਆ ਕਰਦਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖ਼ਿਲਾਫ ਇਲਾਕੇ ਵਿਚ ਹੋਈ ਭਾਰੀ ਫੌਜੀ ਹਲਚਲ ਤੋਂ ਉਹ ਅਣਜਾਣ ਨਹੀਂ ਸੀ। ਕੈਦੀਆਂ ਨੂੰ ਰੋਟੀਆਂ ਖਵਾਉਣ ਦੀ ਡਿਊਟੀ ਦਿੰਦੇ ਸਮੇਂ ਮੁਗ਼ਲ ਸਿਪਾਹੀਆਂ ਦੀ ਹੁੰਦੀ ਗੱਲਬਾਤ ਤੋਂ ਉਹ ਸਮੇਂ ਦੀ ਗੰਭੀਰਤਾ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਜਦੋਂ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿਚ ਕੈਦ ਕਰ ਦਿਤਾ ਤਾਂ ਦਰੋਗੇ ਨੇ ਉਸ ਨੂੰ ਹੁਕਮ ਕੀਤਾ ਕਿ ਉਹ ਉੱਥੇ ਠੰਡੇ ਬੁਰਜ ਵਿਚ ਬੰਦ ਤਿੰਨ ਕੈਦੀਆਂ ਨੂੰ ਵੀ ਰੋਟੀ ਦੇ ਕੇ ਆਵੇ। ਕਵਿ ਸੰਤ ਰੇਣ ਪ੍ਰੇਮ ਸਿੰਘ ਨੇ ਆਪਣੀ ਰਚਨਾ 'ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ' ਵਿਚ ਇਉਂ ਲਿਖਿਆ ਹੈ:

*ਕੈਦੀ ਤੀਨ ਬੁਰਜ ਕੇ ਮਾਹਿੰ।*  
*ਜੁਗ ਗੁਰ ਸੁਤ ਇਕ ਮਾਤਾ ਆਹਿੰ।*  
*ਤਿਨ ਕੌ ਭੀ ਜਾ ਕੈ ਪਹੁੰਚਾਯੋ।*  
*ਸੁਨ ਕੈ ਮੋਤੀ ਤਹਿੰ ਚਲ ਆਯੋ।*

ਜਦੋਂ ਭਾਈ ਮੋਤੀ ਰਾਮ ਮਹਿਰਾ ਉਨ੍ਹਾਂ ਨੂੰ ਰੋਟੀ ਖਵਾਉਣ ਗਿਆ ਤਾਂ ਅੱਗੇ ਗੁਰੂ ਜੀ ਦੀ ਮਾਤਾ ਅਤੇ ਗੁਰ ਸਾਹਿਬਜ਼ਾਦਿਆਂ ਨੂੰ ਕੈਦ ਵਿਚ ਵੇਖ ਕੇ ਬਹੁਤ ਦੁਖੀ ਹੋਇਆ। ਉਸ ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਰੋਟੀ ਖਾਣ ਲਈ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਮੁਗ਼ਲ ਹਕੂਮਤ ਦੀ ਰਸੋਈ ਵਿੱਚੋਂ ਬਣ ਕੇ ਆਈ ਰੋਟੀ ਖਾਣ ਤੋਂ ਇਨਕਾਰ ਕਰ ਦਿੱਤਾ। ਭਾਈ ਮੋਤੀ ਰਾਮ ਵਾਪਸ ਚਲਾ ਗਿਆ ਅਤੇ ਆਪਣੀ ਪਤਨੀ ਨੂੰ ਸਾਰੀ ਗੱਲ ਜਾ ਦੱਸੀ। ਦੋਵੇਂ ਬਹੁਤ ਦੁਖੀ ਹੋਏ ਅਤੇ ਕਿਸੇ ਨੇ ਘਰ ਵਿਚ ਵੀ ਰੋਟੀ ਨਾ ਖਾਧੀ। ਭਾਈ ਮੋਤੀ ਰਾਮ, ਉਸ ਦੀ ਮਾਤਾ ਅਤੇ ਉਸਦੀ ਪਤਨੀ ਤੋਂ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੇ ਭੁੱਖੇ ਰਹਿਣ ਦਾ ਦੁੱਖ ਬਰਦਾਸ਼ਤ ਨਹੀਂ ਸੀ ਹੋ ਰਿਹਾ। ਬਾਬਾ ਮੋਤੀ ਰਾਮ ਮਹਿਰਾ ਦੀ ਧਰਮ ਪਤਨੀ ਨੇ ਆਪਣੇ ਚਾਂਦੀ ਦੇ ਗਹਿਣੇ ਉਸ ਨੂੰ ਦੇ ਦਿੱਤੇ ਤਾਂ ਜੋ ਉਹ ਗਹਿਣੇ ਰਿਸ਼ਵਤ ਦੇ ਤੌਰ ਉਤੇ ਮੁਗ਼ਲ ਸਿਪਾਹੀਆਂ ਨੂੰ ਦੇ ਕੇ ਠੰਡੇ ਬੁਰਜ ਵਿਚ ਜਾ ਸਕੇ ਕਿਉਂ ਕਿ ਬੁਰਜ ਦੁਆਲੇ ਪਹਿਰਾ ਐਨਾ ਸਖਤ ਸੀ ਕਿ ਉੱਥੇ ਬਿਨਾਂ ਆਗਿਆ ਚਿੜੀ ਵੀ ਨਹੀਂ ਸੀ ਫੜਕ ਸਕਦੀ। ਭਾਈ ਮੋਤੀ ਰਾਮ ਜੀ ਅਤੇ ਉਨ੍ਹਾਂ ਦੇ ਪਰਵਾਰ ਨੂੰ ਮਨੁੱਖੀ ਸੁਭਾਅ ਅਤੇ ਪ੍ਰਸਾਸ਼ਨ ਵਿਚ ਫੈਲੇ ਭ੍ਰਿਸ਼ਟਾਚਾਰ ਬਾਰੇ ਪੂਰੀ ਜਾਣਕਾਰੀ ਸੀ। (ਮਗਰੋਂ ਜਾ ਕੇ ਇਸੇ ਤਰ੍ਹਾਂ ਦਾ ਨੇਕੀ ਭਰਪੂਰ ਕਿਰਦਾਰ ਅਤੇ ਵਿਹਾਰ ਦੀਵਾਨ ਟੋਡਰ ਮੱਲ ਦੀ ਘਰ ਵਾਲੀ ਨੇ ਵੀ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਥਾਂ ਖ੍ਰੀਦਣ ਲਈ ਨਿਭਾਇਆ ਸੀ ਅਤੇ ਆਪਣੇ ਸਾਰੇ ਗਹਿਣੇ ਅਤੇ ਘਰ ਪਏ ਸਾਰੇ ਪੈਸੇ ਦੀਵਾਨ ਟੋਡਰ ਮੱਲ ਨੂੰ ਦੇ ਦਿੱਤੇ ਸਨ ਜਿਨ੍ਹਾਂ ਨਾਲ ਉਸ ਨੇ ਅਸ਼ਰਫੀਆਂ ਵਿਛਾ ਕੇ ਜ਼ਮੀਨ ਖ੍ਰੀਦੀ ਸੀ ਅਤੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦਾ ਸਸਕਾਰ ਕਰ ਕੇ ਇਤਿਹਾਸ ਵਿਚ ਸਦਾ-ਸਦਾ ਲਈ ਅਮਰ ਹੋ ਗਿਆ।) ਇਕ ਸੱਚੇ ਸਿੱਖ ਵਾਂਗ ਭਾਈ ਮੋਤੀ ਰਾਮ ਜੀ ਅੰਦਰ ਸਾਰੇ ਖਤਰੇ ਮੁੱਲ ਲੈ ਕੇ ਵੀ ਗੁਰੂ ਪਰਵਾਰ ਨੂੰ ਮਿਲਣ ਅਤੇ ਸੇਵਾ ਕਰਨ ਦੀ ਤਾਂਘ ਸੀ। ਉਸ ਨੂੰ ਸਤਿਗੁਰਾਂ ਦਾ ਮਹਾਂਵਾਕ- *ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥* ਦ੍ਰਿੜ੍ਹ ਸੀ।

ਗੁਰਬਾਣੀ ਸਿੱਖ ਨੂੰ ਆਪਣੇ ਪ੍ਰੀਤਮ ਪਿਆਰੇ ਸਤਿਗੁਰੂ ਪ੍ਰਤੀ ਆਪਣੀ ਵਫ਼ਾਦਾਰੀ, ਨੇਹੁ ਅਤੇ ਰਿਸ਼ਤਾ ਬਾਖੂਬੀ ਨਿਭਾਉਣ ਲਈ ਹਰ ਕੁਰਬਾਨੀ ਲਈ ਪ੍ਰੇਰਤ ਕਰਦੀ ਹੈ। ਗੁਰਵਾਕ ਹੈ- *ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥ ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥* ਆਪਣਾ ਫਰਜ਼ੇ ਅਵੱਲ ਨਿਭਾਉਣ ਅਤੇ ਮਹਾਨ ਨੇਕੀ ਦੇ ਕਾਰਜ ਕਰਨ ਲਈ ਭਾਈ ਮੋਤੀ ਰਾਮ ਮਹਿਰਾ ਅੱਧੀ ਰਾਤ ਨੂੰ ਦੁੱਧ ਦਾ ਗੜਵਾ ਅਤੇ ਦੋ ਗਿਲਾਸ ਲੈ ਕੇ ਮਾਤਾ ਜੀ ਦੇ ਕੈਦ ਵਾਲੇ ਸਥਾਨ 'ਤੇ ਗਿਆ। ਕੈਦੀਆਂ ਨੂੰ ਰੋਟੀਆਂ ਖਵਾਉਣ ਦੇ ਨਿੱਤ ਕਰਮ ਕਰਕੇ ਪਹਿਰੇਦਾਰਾਂ ਤੋਂ ਭਾਵੇਂ ਉਹ ਜਾਣੂ ਸੀ ਪਰ ਇੱਥੇ ਉਸ ਨੂੰ ਕਿਸੇ ਨੇ ਅੰਦਰ ਜਾਣ ਨਾ ਦਿੱਤਾ ਕਿਉਂ ਕਿ ਉਹ ਦੂਜੀ ਵਾਰ ਮੁੜ ਆਇਆ ਸੀ। ਉਸ ਨੇ ਪਹਿਰੇਦਾਰਾਂ ਨੂੰ ਧਨ ਦਾ ਲਾਲਚ ਦੇ ਕੇ ਅੰਦਰ ਜਾਣ ਦੀ ਆਗਿਆ ਲੈ ਲਈ ਅਤੇ ਮਾਤਾ ਜੀ ਨੂੰ ਸ਼ਰਧਾ-ਪੂਰਵਕ ਜਾ ਪ੍ਰਣਾਮ ਕੀਤਾ। ਮਾਤਾ ਜੀ ਨੂੰ ਜਦੋਂ ਇਹ ਪੂਰਨ ਤੌਰ 'ਤੇ ਵਿਸ਼ਵਾਸ ਹੋ ਗਿਆ ਕਿ ਇਹ ਗੁਰੂ-ਘਰ ਦਾ ਸ਼ਰਧਾਲੂ ਹੈ ਤਾਂ ਉਨ੍ਹਾਂ ਨੇ ਉਸ ਦੁਆਰਾ ਪ੍ਰੇਮ ਅਤੇ ਸ਼ਰਧਾ-ਪੂਰਵਕ ਲਿਆਂਦਾ ਦੁੱਧ ਗ੍ਰਹਿਣ ਕਰ ਲਿਆ ਅਤੇ ਨਾਲ ਹੀ ਉਸ ਨੂੰ ਇਸ ਸੇਵਾ ਬਦਲੇ ਅਸ਼ੀਰਵਾਦ ਵੀ ਦਿੱਤਾ ਜਿਸ ਦਾ ਵਰਣਨ ਕਰਦੇ ਹੋਏ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਦੱਸਿਆ ਗਿਆ ਹੈ:

*ਪਹਿਰੇਦਾਰਨ ਰੋਕਯੋ ਜਬੈ। ਕਰ ਮਿੰਨਤ ਕੁਛ ਦੀਨੋ ਤਬੈ।*
*ਛੋਡ ਦੀਨ ਮਾਤਾ ਢਿਗ ਆਯੋ। ਦੁਗਧ ਘਟਾ ਪੈ ਅਗ੍ਰ ਧਰਾਯੋ।*
*ਪਿਖ ਕੈ ਪ੍ਰੇਮ ਸੁ ਮੋਤੀ ਕੇਰਾ। ਮਾਤਾ ਕਹਯੋ ਭਲਾ ਹਵੈ ਤੇਰਾ।*
*ਮਸਤਕ ਟੇਕਤ ਮੋਤੀ ਗਯੋ। ਦੁਗਧ ਮਾਤ ਸ਼ਹਿਜ਼ਾਦਨ ਦਯੋ।*

ਮਾਤਾ ਜੀ ਅਤੇ ਸਾਹਿਬਜ਼ਾਦੇ ਤਿੰਨ ਦਿਨ ਉੱਥੇ ਨਵਾਬ ਦੀ ਕੈਦ ਵਿਚ ਰਹੇ। ਭਾਈ ਮੋਤੀ ਰਾਮ ਰੋਜ਼ਾਨਾ ਨੇਮ ਨਾਲ ਰਾਤ ਨੂੰ ਉਨ੍ਹਾਂ ਕੋਲ ਜਾਂਦਾ ਅਤੇ ਉੱਥੇ ਮੌਜੂਦ ਪਹਿਰੇਦਾਰਾਂ ਨੂੰ ਰਿਸ਼ਵਤ ਦੇ ਕੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਦੁੱਧ ਪਿਲਾਉਣ ਦੀ ਸੇਵਾ ਕਰਦਾ ਰਿਹਾ:

*ਸਗਰੇ ਦਿਵਸ ਕਛੂ ਨਹਿੰ ਖਾਯੋ। ਪਰੀ ਰੈਨ ਮੋਤੀ ਪੈ (ਦੂਧ) ਲਿਆਯੋ।*
*ਲੇ ਮਾਤਾ ਸਾਹਿਬਜ਼ਾਦਨ ਦੀਨ। ਸਗਰੀ ਰੈਨ ਚਿੰਤ ਚਿਤ ਪੀਨ।*

ਉਨ੍ਹਾਂ ਦਿਨਾਂ ਵਿਚ ਸਰਦੀ ਬਹੁਤ ਪੈ ਰਹੀ ਸੀ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਕੋਲ ਸਰਦੀ ਤੋਂ ਬਚਣ ਲਈ ਕੋਈ ਪ੍ਰਬੰਧ ਨਹੀਂ ਸੀ ਬੱਸ ਰਾਤ ਨੂੰ ਭਾਈ ਮੋਤੀ ਰਾਮ ਜੀ ਗਰਮ ਦੁੱਧ ਪਿਆ ਜਾਂਦੇ ਸਨ। ਅਕਾਲ ਪੁਰਖ ਦੀ ਰਜ਼ਾ ਵਿਚ ਰਹਿੰਦੇ ਹੋਏ ਇਹ ਸੋਹਲ ਕਲੀਆਂ ਵਰਗੇ ਦਸਮੇਸ਼ ਜੀ ਦੇ ਲਾਲ ਅਤੇ ਰੱਬ ਦਾ ਰੂਪ ਮਾਤਾ ਗੁਜਰੀ ਜੀ ਨਵਾਬ ਦੀ ਕਚਹਿਰੀ ਵਿਚ ਸੂਬਾ ਸਰਹਿੰਦ ਅਤੇ ਸਾਹਿਬਜ਼ਾਦਿਆਂ ਵਿਚਕਾਰ ਹੋਏ ਵਾਰਤਾਲਾਪ ਦੀ ਚਰਚਾ ਕਰਦੇ ਅਤੇ ਮਾਤਾ ਜੀ ਉਨ੍ਹਾਂ ਨੂੰ ਧਰਮ ਵਿਚ ਪੱਕੇ ਰਹਿਣ ਦੀ ਸਿੱਖਿਆ ਦਿੰਦੇ ਅਤੇ ਧਰਮ ਅਤੇ ਸਵੈਮਾਣ ਲਈ ਸਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਧਰਮ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹੀਦੀਆਂ ਦੀ ਗਾਥਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅੰਸ-ਬੰਸ ਹੋਣ ਸਬੰਧੀ ਦ੍ਰਿੜ੍ਹ ਕਰਾਉਂਦੇ। ਆਪਣੇ ਬੱਚਿਆਂ ਨੂੰ ਆਪਣੇ ਮਹਾਨ ਵਿਰਸੇ ਨਾਲ ਜੋੜਨ ਹਿਤ

ਆਪਣੇ ਬੱਚਿਆਂ ਨੂੰ ਜਾਣੂ ਕਰਾਉਣ ਦੀ ਅਤਿਅੰਤ ਜ਼ਰੂਰੀ ਜ਼ਿੰਮੇਵਾਰੀ ਅਜੋਕੀਆਂ ਮਾਵਾਂ ਨੂੰ ਵਿਸਰ ਹੀ ਗਈ ਹੈ ਅਤੇ ਸਾਡੀ ਨੌਜੁਆਨ ਪੀੜ੍ਹੀ ਔਝੜੀ ਪਈ ਫਿਰ ਰਹੀ ਹੈ। ਵਿਰਸੇ ਨਾਲੋਂ ਟੁੱਟ ਚੁੱਕੀ ਹੈ। ਇਕ ਰਾਤ ਸਰਦੀ ਦੇ ਨਾਲ ਝੱਖੜ ਵੀ ਝੁੱਲਣ ਲੱਗਿਆ ਪਰ ਭਾਈ ਮੋਤੀ ਰਾਮ ਆਪਣੀ ਸੇਵਾ 'ਤੇ ਕਾਇਮ ਰਿਹਾ ਅਤੇ ਉਨ੍ਹਾਂ ਨੂੰ ਨੇਮ ਨਾਲ ਦੁੱਧ ਪਿਆਉਣ ਲਈ ਬੁਰਜ ਵਿਖੇ ਪੁੱਜਿਆ। ਸਾਰੀਆਂ ਔਕੜਾਂ, ਔਝੜਾਂ ਅਤੇ ਮੁਸ਼ਕਲਾਂ ਦੀ ਪਰਵਾਹ ਨਾ ਕਰਦਿਆਂ ਆਪਣੀ ਸੱਚੀ ਪ੍ਰੀਤ ਅਤੇ ਧਰਮ-ਕਰਮ ਨੂੰ ਨਿਭਾਉਣ ਹਿੱਤ ਭਗਤ ਸ਼ੇਖ ਫਰੀਦ ਜੀ ਇਉਂ ਸਮਝਾਉਂਦੇ ਹਨ:

*ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥*
*ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥੨੪॥*
*ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥*
*ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥੨੫॥(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੯)*

ਤਥਾ

*ਕਹਿਤ ਸੁਨਤ ਨਿਸ ਕਾਲੀ ਆਈ। ਲਿਆਯੋ ਮੋਤੀ ਦੂਧ ਛਕਾਈ।*

ਮਾਤਾ ਜੀ ਉਸ ਨੂੰ ਵੇਖ ਕੇ ਪ੍ਰਸੰਨ ਹੋਏ ਅਤੇ ਅਸ਼ੀਰਵਾਦ ਦਿੱਤਾ। ਤੀਜੇ ਦਿਨ ਨਵਾਬ ਵਜ਼ੀਰ ਖਾਂ ਅਤੇ ਸਾਹਿਬਜ਼ਾਦਿਆਂ ਵਿਚਕਾਰ ਕਾਫੀ ਸਵਾਲ-ਜਵਾਬ ਹੋਏ। ਮਲੇਰਕੋਟਲੇ ਦੇ ਨਵਾਬ ਮੁਹੰਮਦ ਸ਼ੇਰ ਖਾਂ ਨੇ ਕਹਿ ਦਿੱਤਾ ਕਿ ਇਸਲਾਮ ਦੇ ਅਸੂਲਾਂ ਅਨੁਸਾਰ ਦੁੱਧ ਪੀਂਦੇ (ਸ਼ੀਰਖੋਰ) ਬੱਚਿਆਂ ਨੂੰ ਮਾਰਨਾ ਸ਼ਰ੍ਹਾ ਦੇ ਖ਼ਿਲਾਫ ਹੈ ਪਰ ਸੁੱਚਾ ਨੰਦ ਜੋ ਚੰਦੂ ਦੀ ਬੰਸ ਵਿੱਚੋਂ ਹੀ ਹੋਇਆ ਮੰਨਿਆ ਜਾਂਦਾ ਹੈ, ਨੇ ਨਵਾਬ ਨੂੰ ਉਕਸਾਉਂਦੇ ਹੋਏ ਜੰਮਦੀਆਂ ਸੂਲਾਂ ਦੇ ਮੂੰਹ ਤੋੜਨ ਲਈ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦਾ ਨਵਾਬ ਤੋਂ ਹੁਕਮ ਕਰਵਾ ਦਿੱਤਾ ਅਤੇ ਉਨ੍ਹਾਂ ਨੂੰ ਜਿਊਂਦੇ ਨੀਹਾਂ ਵਿਚ ਚਿਣੇ ਜਾਣ ਦਾ ਹੁਕਮ ਦੇ ਦਿੱਤਾ ਗਿਆ। ਮਾਨਵਤਾ ਦੇ ਇਤਿਹਾਸ ਵਿਚ ਇਹ ਇੱਕੋ ਇੱਕ ਘਿਣਾਉਣੀ ਘਟਨਾ ਸੀ ਜਿਸ ਨੇ ਸਰਹਿੰਦ ਨੂੰ ਸਦੀਵ ਕਾਲ ਲਈ ਕਲੰਕਿਤ ਕਰ ਦਿੱਤਾ ਅਤੇ ਇਸਲਾਮ ਨੂੰ ਸੱਚੇ ਦਿਲੋਂ ਮੰਨਣ ਵਾਲਿਆਂ ਦਾ ਸਿਰ ਸ਼ਰਮ ਨਾਲ ਝੁਕਾ ਦਿੱਤਾ। ਨਵਾਬ ਦੁਆਰਾ ਦਿੱਤੇ ਗਏ ਹੁਕਮ ਅਨੁਸਾਰ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਮਿਲਣ 'ਤੇ ਮਾਤਾ ਜੀ ਵੀ ਠੰਡੇ ਬੁਰਜ ਵਿਚ ਸ਼ਹੀਦੀ ਪਾ ਗਏ। ਦੀਵਾਨ ਟੋਡਰ ਮੱਲ ਨੇ ਖੜੀਆਂ ਮੋਹਰਾਂ ਵਿਛਾ ਕੇ ਜ਼ਮੀਨ ਖ੍ਰੀਦੀ ਅਤੇ ਤਿੰਨਾਂ ਮਹਾਨ ਸ਼ਖ਼ਸੀਅਤਾਂ ਦਾ ਅੰਤਿਮ ਸਸਕਾਰ ਕਰ ਦਿੱਤਾ। ਭਾਈ ਮੋਤੀ ਰਾਮ ਮਹਿਰਾ ਜੀ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੇ ਅੰਤਿਮ ਸਸਕਾਰ ਮੌਕੇ ਅੱਤਾ ਅਲੀ ਦੀ ਬੀੜ ਵਿੱਚੋਂ ਚੰਦਨ ਦੀਆਂ ਲੱਕੜਾਂ ਲਿਆ ਕੇ ਦੀਵਾਨ ਟੋਡਰ ਮੱਲ ਜੀ ਦੀ ਸਹਾਇਤਾ ਕੀਤੀ। ਇਹ ਸਥਾਨ ਹੁਣ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਥੋੜੀ ਦੂਰ ਅਤੇ ਅੱਜ ਵੀ ਪਿੰਡ ਅਤੇਵਾਲੀ ਵਿਖੇ ਸਥਿਤ ਹੈ।

**ਚਲਦਾ...**

# ਸ੍ਰੀ ਸ਼ਸਤ੍ਰ ਨਾਮ ਮਾਲਾ

*-ਸ. ਸੇਵਾ ਸਿੰਘ ਸੇਵਕ**

ਸ੍ਰੀ ਸ਼ਸਤ੍ਰ ਨਾਮ ਮਾਲਾ, ਸ੍ਰੀ ਦਸਮ ਗ੍ਰੰਥ ਦੀ ਇਕ ਪ੍ਰਸਿੱਧ ਕਾਵਿ ਗੁਣ ਸੰਪੰਨ ਤੇ ਬੀਰ ਰਸੀ ਬਾਣੀ ਹੈ। ਬਾਣੀ ਦੇ ਆਦਿ ਵਿਚ ਲਿਖਿਆ ਹੈ:

*ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥*
*ਅਥ ਸ੍ਰੀ ਸ਼ਸਤ੍ਰ ਨਾਮ ਮਾਲਾ ਪੁਰਾਣ ਲਿਖ੍ਯਤੇ॥*
*ਸ੍ਰੀ ਭਗਉਤੀ ਜੀ ਸਹਾਇ॥ ਪਾਤਿਸ਼ਾਹੀ ੧੦॥*

ਇਸ ਤੋਂ ਅੱਗੇ ੨੭ ਦੋਹਰੇ ਹਨ, ਜਿਨ੍ਹਾਂ ਵਿਚ ਸ਼ਸਤਰਾਂ ਦੇ ਅਨੇਕਾਂ ਨਾਮ ਲਿਖੇ ਹੋਏ ਹਨ। ਇਸ ਅਧਿਆਇ ਦੇ ਅੰਤਲੇ ਸ਼ਬਦ ਇਹ ਹਨ:

*ਇਤਿ ਸ੍ਰੀ ਨਾਮ ਮਾਲਾ ਪੁਰਾਣੇ ਸ੍ਰੀ ਭਗਉਤੀ ਜੀ ਉਸਤਤ ਪ੍ਰਿਥਮ ਧਿਯਾਇ ਸਮਾਪਤਮ ਸਤ ਸੁਭਮਸਤ॥੨੭॥*

ਦੂਜੇ ਅਧਿਆਇ ਵਿਚ ਚਕ੍ਰ, ਤੀਜੇ ਵਿਚ ਬਾਨ, ਚੌਥੇ ਵਿਚ ਪਾਸ ਤੇ ਫੇਰ ਤੁਪਕ ਆਦਿ ਸ਼ਸਤਰਾਂ ਦੀ ਨਾਮਾਵਲੀ ਦਿੱਤੀ ਹੋਈ ਹੈ। ਸਾਰੀ ਬਾਣੀ ੧੩੧੮ ਛੰਦਾਂ ਵਿਚ ਸਮਾਈ ਹੋਈ ਹੈ ਜਿਨ੍ਹਾਂ ਵਿੱਚੋਂ ਬਹੁਤਾ ਹਿੱਸਾ ਦੋਹਰਾ ਛੰਦ ਵਿਚ ਵਰਣਨ ਹੈ। ਅੜਿੱਲ ਤੇ ਚੌਪਈ ਛੰਦਾਂ ਤੋਂ ਛੁੱਟ ਕੁਝ ਥਾਈਂ ਇਕ ਹੋਰ ਛੰਦ ਵਰਤਿਆ ਗਿਆ ਹੈ, ਜਿਸ ਨੂੰ ਛੰਦ ਜਾਂ ਰੂਆਲ ਛੰਦ ਲਿਖਿਆ ਹੈ। ਇਸ ਤੁਕ ਦੀਆਂ ਮਾਤਰਾਂ ਦੀ ਗਿਣਤੀ ੧੨ ਜਾਂ ੧੩ ਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ਼ਾਸਤਰ ਤੇ ਸ਼ਸਤਰ ਦੋਹਾਂ ਦੇ... (ਗਿਆਤਾ) ਸਨ। ਸ਼ਾਸਤਰਾਂ ਵਿੱਚੋਂ ਆਪ ਭਗਤੀ ਤੇ ਗਿਆਨ ਦੇ ਭੰਡਾਰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਭ ਤੋਂ ਸ਼੍ਰੋਮਣੀ ਮੰਨਦੇ ਸਨ ਅਤੇ ਅੰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਸੌਂਪ ਦਿੱਤੀ।

ਆਪ ਦੀ ਸ਼ਸਤਰ-ਪੂਜਾ, ਅਕਾਲ ਪੂਜਾ ਤਕ ਪੁੱਜੀ ਹੋਈ ਸੀ। ਆਪ ਨੇ ਸਰਬ ਸ਼ਕਤੀਆਂ ਦੇ ਮਾਲਕ ਅਕਾਲ ਪੁਰਖ ਨੂੰ ਇਨ੍ਹਾਂ ਸ਼ਸਤਰਾਂ ਰਾਹੀਂ ਤੱਕਿਆ ਅਤੇ ਆਪ ਵਾਸਤੇ ਇਹ ਸਾਰੇ ਸ਼ਸਤਰ ਪਰਮਾਤਮਾ ਰੂਪ ਹੋ ਨਿਬੜੇ। ਸਤਿਗੁਰੂ ਜੀ ਸ਼ਕਤੀ ਦਾਤੇ ਸ਼ਸਤਰਾਂ ਦੀ ਪੂਜਾ ਵੀ ਆਪਣੇ ਇਸ਼ਟ ਸਮਾਨ ਕੀਤਾ ਕਰਦੇ ਸਨ। ਸ਼ਸਤਰਾਂ ਦੀ ਸੇਵਾ-ਸੰਭਾਲ, ਸਤਿਕਾਰ ਕਰਨਾ, ਸ਼ਰਧਾ ਸਹਿਤ ਦਰਸ਼ਨ ਕਰਨੇ-ਕਰਾਉਣੇ ਤੇ ਇਨ੍ਹਾਂ ਨੂੰ ਪਿਆਰ ਤੇ ਨਿਮਰਤਾ ਸਹਿਤ ਨਮਸਕਾਰ ਕਰਨੀ ਆਪ ਜੀ

* *ਗੁਰਪੁਰਵਾਸੀ*

ਦਾ ਮੂਲ ਕਰਤੱਵ ਸੀ। ਗੁਰੂ ਜੀ ਦਾ ਫ਼ੁਰਮਾਨ ਹੈ:

*ਜਿਤੇ ਸਸਤ੍ਰ ਨਾਮੰ॥ ਨਮਸਕਾਰ ਤਾਮੰ॥*
*ਜਿਤੇ ਅਸਤ੍ਰ ਭੇਯੰ॥ ਨਮਸਕਾਰ ਤੇਯੰ॥੯੧॥* *(ਬਚਿਤ੍ਰ ਨਾਟਕ, ਅਧਿ: ੧)*

ਬਚਿਤ੍ਰ ਨਾਟਕ ਗ੍ਰੰਥ ਦੀ ਨਿਰਵਿਘਨ ਸਮਾਪਤੀ ਲਈ ਆਪ ਬਾਣੀ ਸ਼ੁਰੂ ਕਰਨ ਲਗਿਆਂ ਬੇਨਤੀ ਕਰਦੇ ਹਨ ਕਿ:

*ਨਮਸਕਾਰ ਸ੍ਰੀ ਖੜਗ ਕੋ ਕਰੋਂ ਸੁ ਹਿਤੁ ਚਿਤੁ ਲਾਇ॥*
*ਪੂਰਨ ਕਰੋਂ ਗਿਰੰਥ ਇਹੁ ਤੁਮ ਮੁਹਿ ਕਰਹੁ ਸਹਾਇ॥੧॥*
*(ਬਚਿਤ੍ਰ ਨਾਟਕ, ਅਧਿ: ੧)*

ਸ੍ਰੀ ਦਸਮੇਸ਼ ਜੀ, ਬ੍ਰਹਮ ਦੇ ਰੌਦਰ ਰੂਪ ਦੁਰਗਾ, ਭਗਵਤੀ, ਸ਼ਕਤੀ, ਕਾਲ ਜਾਂ ਮਹਾਂ ਕਾਲ ਦਾ ਪ੍ਰਗਟ ਰੂਪ ਤਲਵਾਰ (ਕਿਰਪਾਨ) ਨੂੰ ਹੀ ਮੰਨਦੇ ਸਨ। ਆਪ 'ਬਚਿਤ੍ਰ ਨਾਟਕ' ਦੇ ਦੂਜੇ ਛੰਦ ਤ੍ਰਿਭੰਗੀ ਵਿਚ ਤਲਵਾਰ (ਕਿਰਪਾਨ) ਦੀ ਉਪਮਾ ਹੇਠ ਲਿਖੇ ਸ਼ਬਦਾਂ ਵਿਚ ਕਰ ਕੇ ਇਸ ਦੀ ਜੈ ਜੈਕਾਰ ਕਰਦੇ ਹਨ:

*ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਬੰਡੰ॥*
*ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ॥*
*ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸਿ ਸਰਣੰ॥*
*ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ॥੨॥* *(ਉਹੀ)*

ਸ੍ਰੀ ਕਲਗੀਧਰ ਜੀ ਮਹਾਂ ਕਾਲ ਦਾ ਰੌਦਰ ਰੂਪ ਪੂਰਨ ਸ਼ਸਤ੍ਰਧਾਰੀ ਤੇ ਮਹਾਂ ਤੇਜਵਾਨ ਬਿਆਨ ਕਰਦੇ ਹਨ:

*ਕਰੰ ਬਾਮ ਚਾਪਿਯੰ ਕ੍ਰਿਪਾਣੰ ਕਰਾਲੰ॥ ਮਹਾ ਤੇਜ ਤੇਜੰ ਬਿਰਾਜੈ ਬਿਸਾਲੰ॥*
*ਮਹਾਂ ਦਾੜ੍ਹ ਦਾੜ੍ਹੰ ਸੁ ਸੋਹੰ ਅਪਾਰੰ॥ ਜਿਨੈ ਚਰਬੀਯੰ ਜੀਵ ਜੱਗਯੰ ਹਜਾਰੰ॥੧੮॥*
*(ਉਹੀ)*

ਫੇਰ ਆਪ ਮਹਾਂ ਕਾਲ ਜੀ ਦੀ ਉਸਤਤ ਕਰਦਿਆਂ ਹੋਇਆਂ ਇਸ ਨੂੰ ਖੜਗਧਾਰੀ ਤੇ ਰਜੋ ਸਤੋ ਤਮੋ ਤਿੰਨਾਂ ਗੁਣਾਂ ਵਿਚ ਵਰਤਣਹਾਰ ਪਰ ਨਿਰਵਿਕਾਰ ਦਰਸਾਉਂਦੇ ਹਨ:

*ਨਮੋ ਦੇਵ ਦੇਵੰ ਨਮੋ ਖੜਗਧਾਰੰ॥ ਸਦਾ ਏਕ ਰੂਪੰ ਸਦਾ ਨਿਰਬਿਕਾਰੰ॥*
*ਨਮੋ ਰਾਜਸੰ ਸਾਤਕੰ ਤਾਮਸੇਅੰ॥ ਨਮੋ ਨਿਰਬਿਕਾਰੰ ਨਮੋ ਨਿਰਜੁਰੇਅੰ॥੮੫॥* *(ਉਹੀ)*

ਅਥਵਾ:

*ਨਮੋ ਸਸਤ੍ਰ ਪਾਣੇ॥ ਨਮੋ ਅਸਤ੍ਰ ਮਾਣੇ॥*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਸਾਰੀ ਆਯੂ ਪੂਰਨ ਸ਼ਸਤਰਧਾਰੀ ਰਹੇ ਅਤੇ ਖ਼ਾਲਸੇ ਦੀ ਸਾਜਣਾ ਕਰ ਕੇ ਸਿੰਘਾਂ ਨੂੰ ਵੀ ਸਦਾ ਸ਼ਸਤਰਧਾਰੀ ਰਹਿਣ ਦੀ ਆਗਿਆ ਕੀਤੀ। ਭਾਈ ਨੰਦ ਲਾਲ ਜੀ ਦੇ ਰਹਿਤਨਾਮੇ ਵਿਚ ਲਿਖਿਆ ਹੈ:

*ਸ਼ਸਤ੍ਰ ਹੀਨ ਇਹ ਕਬਹੂੰ ਨ ਹੋਈ। ਰਹਿਤਵੰਤ ਖਾਲਸ ਹੈ ਸੋਈ।*

ਰਹਿਤਵਾਨ ਸ਼ਸਤਰਧਾਰੀ ਖ਼ਾਲਸੇ ਨੂੰ ਰਾਜ ਭਾਗ ਦਿਵਾਉਣ ਵਾਲੇ ਇਹ ਸ਼ਸਤਰ ਹੀ ਹਨ। ਮਹਾਂਕਵੀ ਭਾਈ ਸੰਤੋਖ ਸਿੰਘ ਜੀ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਲਿਖਦੇ ਹਨ:

*ਸ਼ਸਤ੍ਰਨ ਕੇ ਅਧੀਨ ਹੈ ਰਾਜ। ਜੋ ਨਾ ਧਰਹਿ ਤਿਸ ਬਿਗਰਹਿ ਕਾਜ।*

'ਪੰਥ ਪ੍ਰਕਾਸ਼' ਦੇ ਕਰਤਾ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਇਸ਼ਟ ਹੇਠ ਲਿਖੇ ਅਨੁਸਾਰ ਮੰਨੇ ਹਨ:

**੧.** ਅਕਾਲ ਪੁਰਖ। **੨.** ਗੁਰੂ ਗ੍ਰੰਥ ਸਾਹਿਬ ਜੀ। **੩.** ਕਿਰਪਾਨ ਅਕਾਲ ਰੂਪ। ਅਤੇ ਫੇਰ ਕਿਰਪਾਨ ਨੂੰ ਅਕਾਲ ਰੂਪ ਲਿਖਿਆ ਹੈ, ਜਿਵੇਂ

*ਰੂਪ ਅਨੂਪ ਅਕਾਲ ਕੋ ਲਖ ਸਤਿਗੁਰ ਕਿਰਪਾਨ।*
*ਮਾਨਨ ਪੂਜਨ ਜੋਗ ਲਖ ਕੀਨੋ ਪੀਰ ਬਖਾਨ।*

ਤਿੰਨ ਤਰ੍ਹਾਂ ਦੀ ਇਸ਼ਟ ਪੂਜਾ ਬਾਰੇ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:

*ਤਮ ਪ੍ਰਧਾਨ ਅੱਤ੍ਰੀਨ ਕੋ ਇਸ਼ਟ ਆਹਿ ਕਿਰਪਾਨ।*
*ਰਜ ਪ੍ਰਧਾਨ ਕਿਰਤੀਨ ਕੋ ਇਸ਼ਟ ਗ੍ਰੰਥ ਗੁਰੁ ਜਾਨ।*
*ਸਤ ਪ੍ਰਧਾਨ ਬ੍ਰਿਕਤਾਨ ਕੋ ਆਹਿ ਅਕਾਲ ਉਪਾਸਯ।*
*ਤਾਂਤੇ ਸਬਨ ਕਲਜਾਨ ਹਿਤ ਤ੍ਰੈ ਇਸ਼ਟ ਕਰੇ ਪ੍ਰਕਾਸ।*
*ਪਰਤੱਖ ਬਪੁ ਅਕਾਲ ਕੋ ਪਿਖੀਅਤ ਗ੍ਰੰਥ ਕ੍ਰਿਪਾਨ।*
*ਸੂਖਮ ਰੂਪ ਅਕਾਲ ਕੋ ਲਖਤ ਸੰਤ ਮਧ ਧਿਆਨ।* *(ਪੰਥ ਪ੍ਰਕਾਸ਼)*

ਭਗਉਤੀ ਅਥਵਾ ਕਿਰਪਾਨ ਦਾ ਸਤੋਤ੍ਰ ਕਥਨ ਕਰਦਿਆਂ ਹੋਇਆਂ ਭੁਯੰਗ ਪ੍ਰਯਾਤ ਛੰਦ ਰਾਹੀਂ ਇਉਂ ਉਸਤਤ ਕੀਤੀ ਹੈ:

*ਨਮੋ ਸ੍ਰੀ ਭਗੌਤੀ ਬਢੈਲ ਸਰੋਹੀ। ਕਰੇ ਏਕ ਤੈ ਦ੍ਵੈ ਸੁਭਟ ਹਾਥ ਸੋਹੀ।*
*ਮਹਾਂ ਕਾਲ ਕੀ ਕਾਲਕਾ ਕਾਲ ਕ੍ਰੁਧੰ। ਮਹਾਂ ਬਿਗ੍ਰਹੀ ਬ੍ਰਿਧਦਾ ਸਿਧ ਉਧੰ।*
*ਜਬੈ ਮਯਾਨ ਤੈ ਬੀਰ ਤੋ ਕੋ ਸੜੱਕੈ। ਪ੍ਰਲੈ ਕਾਲ ਕੇ ਸਿੰਧ ਬਕੈ ਭੜੱਕੈ।*
*ਰੁਧਰ ਮੰਜਨੀ ਗੰਜਨੀ ਤੂੰ ਅਗੌਤੀ। ਸਦਾ ਜੈ ਸਦਾ ਜੈ ਸਦਾ ਜੈ ਭਗੌਤੀ।*
*ਸਦਾ ਦਾਹਨੇ ਦਾਸ ਕੋ ਦਾਨ ਦੀਜੈ। ਗੁਰੂ ਸਾਹ ਗੋਬਿੰਦ ਕੀ ਰੱਖ ਕੀਜੈ।*

ਇਸ ਅਸਤੋਤ੍ਰ ਦਾ ਮੂਲ ਸੋਮਾ, ਕਵੀ ਜੀ ਉਸ ਦਸਮ ਗ੍ਰੰਥ ਨੂੰ ਦੱਸਦੇ ਹਨ, ਜਿਸ ਦੇ ਦਰਸ਼ਨ ਉਨ੍ਹਾਂ ਨੇ ਅਬਚਲ ਨਗਰ ਤੇ ਪਟਨੇ ਸਾਹਿਬ ਕੀਤੇ ਹਨ। ਆਪ ਲਿਖਦੇ ਹਨ:

*ਇਹੁ ਅਸਤੋਤ੍ਰ ਗੁਰ ਦਸਮੇ ਸੈਂ। ਲਿਖਯੋ ਵੀਚ ਨਿਚ ਗ੍ਰੰਥ ਬਸੇਸੈਂ।*
*ਅਬਚਲ ਨਗਰ ਸੁ ਪਟਨੇ ਪਿਖਯੋ। ਸੱਤ੍ਰਾ ਸੈ ਬਵੰਜ ਮੈ ਲਿਖਯੋ।*

ਸ੍ਰੀ ਗੁਰੂ ਜੀ ਦੀ ਸ਼ਸਤ੍ਰ ਪੂਜਾ ਦੀ ਫ਼ਿਲਾਸਫ਼ੀ ਕਿਸੇ ਡਰਾਉਣ-ਧਮਕਾਉਣ ਜਾਂ

ਕਤਲ- ਗ਼ਾਰਤ ਉੱਤੇ ਨਿਰਭਰ ਨਹੀਂ ਸੀ, ਸਗੋਂ ਆਪ ਦੀ ਤੇਗ ਅਥਵਾ ਸ੍ਰੀ ਸਾਹਿਬ ਵਿਚੋਂ ਤੇ ਤੀਰਾਂ ਵਿੱਚੋਂ ਅੰਮ੍ਰਿਤ ਝਰਦਾ ਸੀ ਤੇ ਪਾਪੀ ਤੇ ਦੁਸ਼ਟ ਜੀਵਾਂ ਦਾ ਕਲਿਆਣ ਹੁੰਦਾ ਸੀ। ਆਪ ਦੇ ਸਾਰੇ ਸ਼ਸਤਰ ਦੀਨ ਦੁਖੀ, ਲਿਤਾੜੇ ਮੁਤਾੜੇ ਤੇ ਮਜ਼ਲੂਮਾਂ ਵਾਸਤੇ ਰੱਖਿਆ ਕਰਨ ਵਾਲੀ ਢਾਲ ਤੇ ਜ਼ਾਲਮਾਂ ਵਾਸਤੇ ਕਾਲ ਦਾ ਰੂਪ ਸਨ। ਆਪ ਸੰਸਾਰ ਉੱਤੇ ਸੱਚ, ਪਿਆਰ, ਏਕਤਾ, ਪਵਿੱਤਰਤਾ ਤੇ ਬਰਾਬਰਤਾ ਦਾ ਸੰਚਾਰ ਕਰਨਾ ਚਾਹੁੰਦੇ ਸਨ ਤੇ ਜਿਹੜਾ ਵੀ ਜਾਬਰ ਆਪ ਦੇ ਇਸ ਪਾਵਨ ਆਦਰਸ਼ ਦੀ ਪੂਰਤੀ ਦੇ ਰਸਤੇ ਵਿਚ ਰੋਕ ਬਣ ਕੇ ਅੜਦਾ ਸੀ, ਸੋ ਝੜਦਾ ਸੀ।

ਉਪਰੋਕਤ ਦ੍ਰਿਸ਼ਟਾਂਤਾਂ ਤੋਂ ਸਤਿਗੁਰੂ ਜੀ ਦੀ ਆਪਣੀ ਸ਼ਸਤਰ ਭਗਤੀ ਤੇ ਖਾਲਸੇ ਪ੍ਰਤੀ ਦਿੱਤੇ ਗਏ ਹੁਕਮ ਦਾ ਭਲੀ-ਭਾਂਤ ਗਿਆਨ ਹੋ ਜਾਂਦਾ ਹੈ। ਉਨ੍ਹਾਂ ਦੀ ਬਾਣੀ 'ਸ੍ਰੀ ਸ਼ਸਤ੍ਰ ਨਾਮ ਮਾਲਾ' ਦੇ ਅਰੰਭਕ ਦੋਹਰੇ ਇਸ ਪ੍ਰਕਾਰ ਹਨ:

*ਸਾਂਗ ਸਰੋਹੀ ਸੈਫ ਅਸ ਤੀਰ ਤੁਪਕ ਤਲਵਾਰ॥*
*ਸੱਤ੍ਰਾਂਤਕ ਕਵਚਾਂਤਿ ਕਰ ਕਰੀਐ ਰੱਛ ਹਮਾਰ॥੧॥*
*ਅਸ ਕ੍ਰਿਪਾਨ ਧਾਰਾਧਰੀ ਸੈਲ ਸੂਫ ਜਮਦਾਢ॥*
*ਕਵਚਾਂਤਕ ਸੱਤ੍ਰਾਂਤ ਕਰ, ਤੇਗ ਤੀਰ ਰਨਬਾਢ॥੨॥*
*ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥*
*ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ॥੩॥*
*ਤੀਰ ਤੁਹੀ ਸੈਹਥੀ ਤੁਹੀ ਤੁਹੀ ਤਬਰ ਤਲਵਾਰ॥*
*ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ॥੪॥*
*ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ ਅਰੁ ਤੀਰ॥*
*ਤੁਹੀ ਨਿਸ਼ਾਨੀ ਜੀਤ ਕੀ ਆਜੁ ਤੁਹੀ ਜਗਬੀਰ॥੫॥ (ਸ੍ਰੀ ਸ਼ਸਤ੍ਰ ਨਾਮ ਮਾਲਾ)*

ਸ਼ਸਤਰਧਾਰੀ ਸਤਿਗੁਰੂ ਜੀ ਸ਼ਸਤਰਾਂ ਦੇ ਬੇਗਣਿਤ ਨਾਮ ਗਿਣਦਿਆਂ ਹੋਇਆਂ, ਉਨ੍ਹਾਂ ਦੀ ਉਪਮਾ ਕਰਦਿਆਂ ਹੋਇਆਂ ਤੇ ਉਨ੍ਹਾਂ ਨੂੰ ਪ੍ਰਮੇਸਰ ਰੂਪ ਦਰਸਾਂਦਿਆਂ ਹੋਇਆਂ ਕਾਵਿਕ ਗੁਣਾਂ, ਸ਼ਬਦ ਅਲੰਕਾਰਾਂ ਤੇ ਰਸ ਦਾ ਹੁਨਰ ਵੀ ਸੁਹਣੇ ਤਰੀਕੇ ਨਾਲ ਉਘਾੜਦੇ ਹਨ। ਇਕ ਦੋਹਰੇ ਵਿਚ ਆਪ ਵੱਲੋਂ ਕੀਤੀ ਗਈ ਅਨੁਪ੍ਰਾਸ ਅਲੰਕਾਰ ਦੀ ਵਰਤੋਂ ਕੈਸੀ ਆਭਾ ਓਜ ਭਰੀ ਹੈ:

*ਖੱਤ੍ਰਿਯਾਂਕ ਖੇਲਤ ਖੜਗ ਖਗ ਖੰਡੋ ਖੱਤ੍ਰਿਆਰ॥*
*ਖੇਲਾਂਤਕ ਖਲ ਕੇਮਰੀ ਅਸਿ ਕੇ ਨਾਮ ਬਿਚਾਰ॥ (ਉਹੀ)*

ਆਪ ਵੱਲੋਂ ਵਰਣਨ ਕੀਤੇ ਗਏ ਸ਼ਸਤਰਾਂ ਦੇ ਨਾਮਾਂ ਵਿੱਚੋਂ ਕੁਝ ਇਕ ਨਮੂਨੇ ਮਾਤਰ ਇਹ ਹਨ:

ਸਾਂਗ, ਸਰੋਹੀ, ਸੈਫ, ਅਸ, ਤੀਰ, ਤੁਪਕ, ਤਲਵਾਰ, ਕ੍ਰਿਪਾਨ, ਸੂਲ, ਜਮਦਾੜ, ਖੰਡਾ, ਖੜਗ, ਤੇਗ਼, ਤਬਰ, ਨਿਖੰਗ, ਬਾਣ, ਕਟਾਰੀ, ਸੇਲ, ਕਰਦ,

ਸਿਪਰ, ਕਵਚ, ਬਿਛੂਓ, ਤੋਪ, ਬਾਂਕ, ਬੱਜ੍ਰ, ਗੁਰਜ, ਗਦਾ, ਤੁਫੰਗ, ਛੁਰੀ, ਖੰਜਰ, ਧਨੁਖ, ਖਤੰਗ, ਜਮਧਾਰ, ਸਿਪਰਾ, ਸ਼ਮਸ਼ੇਰ, ਭਗਵਤੀ, ਭਵਰਾ ਹਲਬਿ, ਜੁਨੱਬੀ, ਮਗ਼ਰਬੀ, ਮਿਸਰੀ, ਗਡੀਆ, ਭਸੜੀ, ਭੈਰਵੀ, ਭਾਲਾ, ਨੇਜਾ, ਬਰਛੀ, ਚਕ੍ਰ, ਸੁਦਰਸ਼ਨ ਚਕ੍ਰ, ਸਿਲੀਮੁਖ, ਸਰ, ਪਾਸ, ਬਿਬਾਨ, ਭਵਾਨੀ ਆਦਿ।

ਭਗਉਤੀ ਅਥਵਾ ਸ੍ਰੀ ਸਾਹਿਬ ਦੇ ਲੱਛਣ ਬਿਆਨ ਕਰਦਿਆਂ ਹੋਇਆਂ ਸ੍ਰੀ ਦਸਮੇਸ਼ ਜੀ ਲਿਖਦੇ ਹਨ:

*ਪ੍ਰਗਟ ਚੰਡਕਾ ਖੰਡਕਾ ਦੁਸ਼ਟ ਦਮਨੀ॥*
*ਡਰੈ ਦੁਸ਼ਟ ਦੋਖੀ ਇਹੈ ਜਵਾਲ ਬਮਨੀ॥*
*ਰਹੈ ਮਿਆਨ ਮਧੰ ਸਮੈ ਦੁਸ਼ਟ ਘਾਵੈ॥*
*ਇਹੀ ਹੈ ਜਵਾਲਾ ਭਵਾਨੀ ਕਹਾਵੈ॥*

ਇਸੇ ਭਗਉਤੀ ਸ਼ਸਤਰ ਦੇ ਜੰਗ ਵਿਚ ਦਿਖਾਏ ਗਏ ਚਮਤਕਾਰਿਆਂ ਨੂੰ ਸ੍ਰੀ ਗੁਰੂ ਜੀ ਇਕ ਲਟਕ ਭਰੇ ਅਲੰਕ੍ਰਿਤ ਸਵੱਈਏ ਵਿਚ ਬਿਆਨਦੇ ਹਨ:

*ਕੋਟਿਨ ਕੋਟ ਸੌ ਚੋਟ ਪਰੀ*
*ਨਹਿ ਓਟ ਕਰੀ ਭਏ ਅੰਗ ਨ ਢੀਲੇ॥*
*ਜੇ ਨਿਪਟੇ ਅਟਕੇ ਭਟਤੇ*
*ਚਟਦੈ ਛਿਤ ਪੈ ਪਟਕੇ ਗਰਬੀਲੇ॥*
*ਜੇ ਨ ਹਟੇ ਬਿਕਟੇ ਭਟ ਕਾਹੂ ਸੌ*
*ਤੇ ਚਟਦੈ ਚਟਕੇ ਚਟਕੀਲੇ॥*
*ਰੌਰ ਪਰੇ ਰਨ ਰਾਜਿਵ ਲੋਚਨ*
*ਰੋਸ ਭਰੇ ਰਨ ਸਿੰਘ ਰਜੀਲੇ॥* *(ਚਰਿਤ੍ਰੋਪਖਿਆਨ)*

ਭਾਰਤ ਵਾਸੀਆਂ ਵਿੱਚੋਂ ਮਰ ਚੁਕੀ ਬੀਰਤਾ ਤੇ ਸੌਰਯ ਨੂੰ ਸੁਰਜੀਤ ਕਰਨ ਲਈ ਜਿੱਥੇ ਸਤਿਗੁਰੂ ਜੀ ਨੇ ਕਈ ਹੋਰ ਕੌਤਕ ਭਰਪੂਰ ਸਾਧਨ ਵਰਤੋਂ ਵਿਚ ਲਿਆਂਦੇ, ਉੱਥੇ ਉਨ੍ਹਾਂ ਨੇ ਭਾਂਤ-ਭਾਂਤ ਦੇ ਸ਼ਸਤਰਾਂ ਤੋਂ ਆਮ ਜਨਤਾ ਨੂੰ ਜਾਣੂ ਕਰਾਉਣ ਲਈ 'ਸ੍ਰੀ ਸ਼ਸਤ੍ਰ ਨਾਮ ਮਾਲਾ' ਬਾਣੀ ਦਾ ਉਚਾਰਨ ਕੀਤੀ। ਸ਼ਸਤਰ, ਬੀਰਤਾ ਨੂੰ ਭਲੀ-ਭਾਂਤ ਪ੍ਰਗਟਾਉਣ ਤੇ ਬੀਰ-ਗੁਣਾਂ ਦਾ ਪੂਰਾ ਮੁੱਲ ਪੁਆਉਣ ਦਾ ਸਫਲ ਸਾਧਨ ਹਨ। ਸ਼ਸਤਰਾਂ ਦਾ ਪਿਆਰ ਤੇ ਸਤਿਕਾਰ, ਲੋਕਾਂ ਵਿਚ ਨਿਰਭੈਤਾ, ਨਿਡਰਤਾ, ਦਲੇਰੀ, ਹਿੰਮਤ, ਸਾਹਸ, ਸਵੈਮਾਣ ਤੇ ਆਪਾ ਵਾਰਣ ਦਾ ਜਜ਼ਬਾ ਪੈਦਾ ਕਰਦਾ ਹੈ। ਸੋ ਲੋੜ ਹੈ ਕਿ ਸ੍ਰੀ ਕਲਗੀਧਰ ਜੀ ਦਾ ਸਾਜਿਆ ਨਿਵਾਜਿਆ ਖਾਲਸਾ, ਇਤਿਹਾਸ ਦੀ ਰੋਸ਼ਨੀ ਵਿਚ ਆਪਣੇ ਗੌਰਵ-ਮਈ ਵਿਰਸੇ ਨੂੰ ਕਾਇਮ ਰੱਖਣ ਲਈ ਸ਼ਸਤਰਾਂ ਨਾਲ ਪਿਆਰ ਕਰੇ ਤੇ ਸ਼ਸਤਰਧਾਰੀ ਹੋ ਕੇ ਦੁਨੀਆ ਵਿੱਚੋਂ ਜ਼ੋਰ-ਜ਼ੁਲਮ ਦਾ ਨਾਸ ਕਰ ਕੇ ਸੱਚ, ਧਰਮ, ਨੇਕੀ ਤੇ ਪਵਿੱਤਰਤਾ ਦਾ ਰਾਜ ਕਾਇਮ ਕਰੇ। ■

# ਸਿਧਾਂਤ, ਸੰਵਾਦ ਤੇ ਸਾਖੀ

*-ਡਾ. ਰੂਪ ਸਿੰਘ**

ਸਿਧਾਂਤ, ਸੰਵਾਦ ਤੇ ਸਾਖੀ ਸ਼ਬਦ ਸਾਡੇ ਆਮ ਬੋਲ-ਚਾਲ ਦੇ ਸ਼ਬਦ ਹਨ। ਇਹ ਸ਼ਬਦ ਬਹੁਤ ਮਹੱਤਵਪੂਰਨ ਤੇ ਆਪਸ ਵਿਚ ਸੰਬੰਧਿਤ ਹਨ। ਇਹ ਤਿੰਨੇ ਸ਼ਬਦ ਆਤਮ-ਨਿਰਭਰ, ਸੁਤੰਤਰ ਵੀ ਹਨ ਅਤੇ ਤਿੰਨਾਂ ਵਿਚ ਆਪਸੀ ਸੁਮੇਲ ਤੇ ਸਾਂਝ ਵੀ ਸਿਰੇ ਦੀ ਹੈ। ਇਨ੍ਹਾਂ ਤਿੰਨਾਂ ਸ਼ਬਦਾਂ ਨੂੰ ਧਾਰਮਿਕ, ਸਮਾਜਿਕ ਤੇ ਦਾਰਸ਼ਨਿਕ ਪੱਖ ਤੋਂ ਸਮਝਣ ਦਾ ਯਤਨ ਕਰਦੇ ਹਾਂ। ਸਿਧਾਂਤ ਧਰਮ, ਸਮਾਜ-ਸੰਸਾਰ ਦਾ ਮੂਲ ਹਨ ਇਹ ਬਹੁਤ ਹੀ ਸੰਖੇਪ ਤੇ ਸੂਖਮ ਹੁੰਦੇ ਹਨ। ਇਹ ਸਮੇਂ-ਸਥਾਨ ਭਾਵ ਦੇਸ਼ ਕਾਲ, ਭਾਸ਼ਾ, ਸਭਿਆਚਾਰ ਦਾ ਪ੍ਰਭਾਵ ਨਹੀਂ ਕਬੂਲਦੇ। ਸਿਧਾਂਤ ਸਰਵ-ਵਿਆਪੀ ਭਾਵ ਸਮੇਂ-ਸਥਾਨ ਦੇ ਪ੍ਰਭਾਵ ਤੋਂ ਸੁਤੰਤਰ ਹੁੰਦੇ ਹਨ। ਸਿਧਾਂਤ ਦਾ ਅਰਥ ਹੈ- ਤੱਤਸਾਰ, ਅੰਤ ਨੂੰ ਸਿੱਧ ਹੋਈ ਬਾਤ, ਸਹੀ ਨਤੀਜਾ, ਸਮੇਂ ਦਾ ਸੱਚ, ਕਿਸੇ ਤਰਕ/ਵਿਚਾਰ ਦਾ ਨਿਚੋੜ/ਸਾਰ ਆਦਿ। ਜਿਵੇਂ ਨਿਊਟਨ ਦੇ ਗਤੀ ਦੇ ਨਿਯਮ। ਸਿਧਾਂਤ ਦੀ ਸਥਾਪਨਾ ਕਰਨ ਵਾਲੇ, ਵੱਖ-ਵੱਖ ਖੇਤਰਾਂ ਜਾਂ ਵਿਸ਼ਿਆਂ ਦੇ ਖੋਜ-ਕਰਤਾ ਜਾਂ ਸਿਧਾਂਤਵੇਤਾ ਕਹਾਏ। ਧਰਮ ਖੇਤਰ ਵਿਚ ਧਰਮ ਦੇ ਨਵੇਂ ਸਿਧਾਂਤ ਸਿਰਜਣ ਵਾਲੇ ਧਰਮ ਬਾਨੀ, ਵਿਗਿਆਨ ਦੇ ਖੇਤਰ ਦੇ ਵਿਗਿਆਨੀ, ਸਮਾਜ ਖੇਤਰ ਦੇ ਸਮਾਜ ਸ਼ਾਸਤਰੀ ਆਦਿ ਸਦਵਾਏ। ਖੈਰ, ਅਸੀਂ ਕੇਵਲ ਧਾਰਮਿਕ ਪੱਖ ਤੋਂ ਹੀ ਇਨ੍ਹਾਂ ਸ਼ਬਦਾਂ ਨੂੰ ਸਮਝਣ ਲਈ ਯਤਨਸ਼ੀਲ ਹਾਂ।

ਸਿਧਾਂਤ ਨੂੰ ਜਾਣਨ ਵਾਲੇ ਨੂੰ ਸਿਧਾਂਤੀ ਜਾਂ ਸਿਧਾਂਤਵੇਤਾ ਵੀ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਇਹ ਸ਼ਬਦ ਕੇਵਲ ਇਕ ਵਾਰ ਆਇਆ ਹੈ:

*ਅਚਿੰਤ ਹਮ੍ਾ ਕਉ ਸਗਲ ਸਿਧਾਂਤੁ॥*
*ਅਚਿੰਤੁ ਹਮ ਕਉ ਗੁਰਿ ਦੀਨੋ ਮੰਤੁ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੫੭)*

ਅਰਥ ਸਪੱਸ਼ਟ ਹਨ-ਚਿੰਤਾ ਦੂਰ ਕਰਨ ਵਾਲੇ ਪ੍ਰਭੂ ਦਾ ਨਾਮ ਜਪਣਾ ਹੀ ਮੇਰੇ ਵਾਸਤੇ ਸਾਰੇ ਧਰਮਾਂ ਦਾ ਨਿਚੋੜ ਹੈ। ਚਿੰਤਾ ਦੂਰ ਕਰਨ ਵਾਲੇ ਪਰਮਾਤਮਾ ਦਾ ਨਾਮ-ਮੰਤਰ ਮੈਨੂੰ ਗੁਰੂ ਨੇ ਦਿੱਤਾ ਹੈ। ਸਿੱਖ ਧਰਮ ਦੇ ਮੂਲ ਸਿਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਥਾਪਿਤ ਕੀਤੇ। ਸਿਧਾਂਤ ਨੂੰ ਸਮਝਣ ਵਾਲੇ ਵਿਰਲੇ ਹੀ ਹੁੰਦੇ ਹਨ। ਸਿਧਾਂਤ ਸੰਬੰਧੀ ਵਿਚਾਰ-ਚਰਚਾ ਵੀ ਸਿਧਾਂਤ ਨੂੰ ਸਮਝਣ ਵਾਲੇ ਨਾਲ ਹੀ ਹੋ ਸਕਦੀ ਹੈ, ਹਰ ਆਮ ਆਦਮੀ ਨਾਲ ਨਹੀਂ। ਇਹੀ ਕਾਰਨ ਹੈ ਕਿ, ਸ੍ਰੀ ਗੁਰੂ ਨਾਨਕ ਦੇਵ ਜੀ, ਧਰਤ

** ਸਾਬਕਾ ਮੁੱਖ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ; Email: sikhscholar@gmail.com*

ਲੋਕਾਈ ਨੂੰ ਸੋਧਣ ਵਾਸਤੇ ਲੰਮੀਆਂ ਉਦਾਸੀਆਂ ਕਰਦੇ ਹਨ ਅਤੇ ਸਮੇ-ਸਮੇਂ, ਵੱਖ-ਵੱਖ ਧਰਮਾਂ ਦੇ ਕੇਵਲ ਮੁਖੀਆਂ ਨਾਲ ਹੀ ਵਿਚਾਰ-ਚਰਚਾ ਕਰਦੇ ਹਨ। ਮੂਲ ਸਿਧਾਂਤ ਨੂੰ ਸਮਝਣ ਲਈ 'ਸੰਵਾਦ ਵਿਧੀ' ਸਭ ਤੋਂ ਸਾਰਥਕ ਹੈ। ਸੰਵਾਦ (ਸੰਬਾਦ) ਦਾ ਅਰਥ ਹੈ- ਚਰਚਾ, ਪ੍ਰਸ਼ਨ ਉੱਤਰ, ਖ਼ਬਰ, ਸਮਾਚਾਰ ਆਦਿ। ਸੰਵਾਦ ਕਰਨ ਵਾਲੇ ਨੂੰ ਸੰਵਾਦੀ ਕਿਹਾ ਗਿਆ ਹੈ। ਭਾਵ ਜੋ ਵਿਚਾਰ-ਚਰਚਾ ਕਰ ਸਕੇ, ਰਾਇ ਦੇ ਸਕੇ, ਰਾਇ ਨਾਲ ਸਹਿਮਤ ਹੋ ਸਕੇ। ਸੰਵਾਦ ਨਾਲ ਹੀ ਮਿਲਦਾ-ਜੁਲਦਾ ਸ਼ਬਦ ਬਿਬਾਦ ਵਿਵਾਦ ਹੈ, ਪਰ ਅਰਥ ਭਾਵ ਵਿਚ ਢੇਰ ਸਾਰਾ ਅੰਤਰ ਹੈ। ਵਿਵਾਦ ਕਰਨਾ, ਵਿਰੋਧ ਕਰਨਾ, ਝਗੜਾ ਕਰਨਾ ਆਦਿ ਹਨ। ਗੁਰਬਾਣੀ ਸੰਵਾਦ ਕਰਨ ਲਈ ਪ੍ਰੋਤਸਾਹਿਤ ਕਰਦੀ ਹੈ ਅਤੇ ਵਿਵਾਦ ਕਰਨ ਤੋਂ ਸਖਤੀ ਨਾਲ ਵਰਜਦੀ ਹੈ:

*- ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ॥...(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੪)*

*- ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪੩)*

ਸੰਵਾਦ ਸਤਿ ਦਾ ਮਾਰਗ, ਹਰ ਤਰ੍ਹਾਂ ਦੀਆਂ ਦੂਰੀਆਂ ਦੂਰ ਕਰਨ ਵਿਚ ਸਹਾਇਕ ਹੈ ਪਰ ਵਿਵਾਦ ਦੂਰੀਆਂ ਦਾ ਕਾਰਨ ਬਣਦਾ ਹੈ। ਸੰਵਾਦ ਕਿਸੇ ਵੀ ਰੂਪ ਵਿਚ, ਕਿਸੇ ਵੀ ਸਮੇਂ 'ਵਾਦ-ਵਿਵਾਦ' ਦਾ ਬਦਲ ਨਹੀਂ। ਸੰਵਾਦ ਤਾਂ ਸਹਿਜ, ਸਾਰਥਕ ਵਿਚਾਰ-ਚਰਚਾ ਹੈ, ਜਿਸ ਵਿਚ ਪਹਿਲਾਂ ਸੁਣਨਾ ਹੈ ਤੇ ਫਿਰ ਬੋਲਣਾ ਹੈ। ਇਹ ਰੋਸ ਕਰਨ ਦੀ ਪਰਵਿਰਤੀ ਨਹੀਂ, ਸਗੋਂ ਸਹਿਜ ਵਿਚ ਉੱਤਰ ਦੇਣ ਦੀ ਜ਼ਿੰਮੇਵਾਰੀ ਦੀ ਚੇਤਨਾ ਹੈ:

*ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ॥*
*ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੮)*

ਸੰਵਾਦ ਲਈ ਗੁਰਮਤਿ ਸ਼ਬਦਾਵਲੀ ਸ਼ਬਦ 'ਗੋਸਟ-ਗੋਸਟਿ' ਵੀ ਆਇਆ ਹੈ, ਜਿਸ ਦਾ ਅਰਥ ਹੈ- ਵਿਚਾਰ-ਵਿਟਾਂਦਰਾ, ਗੱਲਬਾਤ, ਸਭਾ, ਮਜਲਿਸ ਇਕੱਠ ਆਦਿ, ਭਾਵ ਸਭਾ ਵਿਚ ਵਾਰਤਾਲਾਪ, ਚਰਚਾ। ਸਿੱਧਾਂ ਨਾਲ ਹੋਈ ਵਿਚਾਰ-ਚਰਚਾ ਆਧਾਰਿਤ ਗੁਰੂ ਨਾਨਕ ਸਾਹਿਬ ਦੀ ਪ੍ਰਸਿੱਧ ਬਾਣੀ 'ਸਿਧ ਗੋਸਟਿ' ਇਸ ਦੀ ਪ੍ਰਤੱਖ ਉਦਾਹਰਨ ਹੈ। ਗੁਰਬਾਣੀ ਦੇ ਨਿਮਨ-ਲਿਖਤ ਫੁਰਮਾਨ ਸੰਵਾਦ ਵਿਧੀ ਦੇ ਪ੍ਰਤੱਖ ਪ੍ਰਮਾਣ ਹਨ:

*-ਖਾਧੀ ਖੁਣਸਿ ਜੁਗੀਸਰਾਂ ਗੋਸਟਿ ਕਰਨਿ ਸਭੇ ਉਠਿ ਆਈ। (ਵਾਰ ੧:੪੦)*

*-ਬਾਬੇ ਕੀਤੀ ਸਿਧਿ ਗੋਸਟਿ ਸਬਦਿ ਸਾਂਤਿ ਸਿਧਾਂ ਵਿਚਿ ਆਈ॥ (ਵਾਰ ੧:੪੪)*

ਸਿਧ ਲੋਕ ਮਨ ਦੀ ਖਿੰਨਤਾ, ਕ੍ਰੋਧ ਕਰਕੇ ਆਏ ਸਨ, ਪਰ ਗੁਰੂ ਬਾਬੇ ਨਾਲ ਸੰਵਾਦ ਕਰ ਕੇ ਉਨ੍ਹਾਂ ਨੂੰ ਸ਼ਾਂਤੀ ਮਿਲੀ। ਉਨ੍ਹਾਂ ਨੂੰ ਇਹ ਕਹਿਣਾ ਪਿਆ- *ਧਨੁ ਨਾਨਕ ਤੇਰੀ ਵਡੀ ਕਮਾਈ* ਭਾਈ ਗੁਰਦਾਸ ਜੀ ਦੇ ਕਥਨ- *ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ* ਅਨੁਸਾਰ ਜਗਤ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਨੇ

'ਸ਼ਬਦ' ਸ਼ਕਤੀ ਤੇ ਸੰਵਾਦ ਮਧਿਆਮ ਰਾਹੀਂ 'ਵਿਸ਼ਵ ਵਿਜੇਤਾ' ਬਣ *ਜਾਹਰ ਪੀਰ ਜਗਤੁ ਗੁਰੁ ਬਾਬਾ* ਦਾ ਰੁਤਬਾ ਪ੍ਰਾਪਤ ਕੀਤਾ। *ਜਗਤੁ ਗੁਰੂ ਗੁਰੁ ਨਾਨਕ ਦੇਉ* ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਬਦ-ਸ਼ਕਤੀ ਤੇ ਸੰਵਾਦ ਵਿਧੀ ਦੁਆਰਾ, ਧਾਰਮਿਕ ਹਉਮੈਂ-ਹੰਕਾਰ 'ਚ ਗ੍ਰਸਤ ਸਿੱਧਾਂ, ਨਾਥਾਂ, ਜੋਗੀਆਂ, ਪੀਰਾਂ, ਫਕੀਰਾਂ, ਅਵਤਾਰਾਂ ਦੇ ਕੰਨ ਫੜਾਏ, ਭਾਵ ਸਾਰਿਆਂ ਨੂੰ ਸ਼ਬਦ-ਸ਼ਕਤੀ ਦੀ ਸੋਝੀ ਪ੍ਰਦਾਨ ਕੀਤੀ। ਇੱਥੋਂ ਤੀਕ ਕਿ 'ਬਾਬਰ' ਕੇ ਨਿਵ-ਨਿਵ ਮਿਲੇ ਤੇ ਕਈ ਹੋਰ ਨਵਾਬ-ਹਾਕਮਾਂ ਨੇ ਵੀ ਗੁਰੂ ਜੀ ਦੀ ਤਾਬਿਆਦਾਰੀ ਕਬੂਲ ਕੀਤੀ:

*ਸਿਧ ਨਾਥ ਅਵਤਾਰ ਸਭ ਗੋਸਟਿ ਕਰਿ ਕਰਿ ਕੰਨ ਫੜਾਇਆ।*
*ਬਾਬਰ ਕੇ ਬਾਬੇ ਮਿਲੇ ਨਿਵਿ ਨਿਵਿ ਸਭ ਨਬਾਬੁ ਨਿਵਾਇਆ। (ਵਾਰ ੨੬:੨੧)*

ਸ੍ਰੀ ਗੁਰੂ ਨਾਨਕ ਦੇਵ ਜੀ ਧਰਮ ਚਰਚਾ ਕਰਨ, ਸਿਧਾਂਤ ਦੀ ਸਥਾਪਤੀ ਵਾਸਤੇ ਵੱਖ-ਵੱਖ ਥਾਂਵਾਂ 'ਤੇ ਸਮਰੱਥ 'ਸਿੱਧ' ਪੁਰਸ਼ਾਂ ਦੀ ਭਾਲ ਕਰਨ ਲਈ ਪਹਿਲਾ ਕੌਤਕ ਰਚਦੇ ਹਨ। ਕੌਤਕ ਦੌਰਾਨ ਹੀ ਵਿਚਾਰ-ਚਰਚਾ ਕਰਨ ਲਈ ਵਿਸ਼ੇਸ਼ ਸ਼ਖ਼ਸੀਅਤਾਂ ਸਨਮੁਖ ਹੁੰਦੀਆਂ ਹਨ। ਇਹ ਕੌਤਕ ਭਾਵੇਂ ਉਨ੍ਹਾਂ ਹਰਿਦੁਆਰ 'ਚ ਉਲਟ ਦਿਸ਼ਾ ਵਿਚ ਪਾਣੀ ਦੇ ਕੇ, ਕੁਰਕਸ਼ੇਤਰ ਵਿਚ ਸੂਰਜ ਗ੍ਰਹਿਣ ਸਮੇਂ ਹਿਰਨ ਰਿੰਨ੍ਹ ਕੇ, ਕਾਅਬੇ ਵਿਚ ਕਾਅਬੇ ਵੱਲ ਲੱਤਾਂ ਪਸਾਰ ਕੇ, ਸੁਲਤਾਨਪੁਰ ਲੋਧੀ ਵਿਚ ਨਮਾਜ਼ ਅਦਾ ਕਰ ਕੇ, ਜਗਨਨਾਥਪੁਰੀ ਵਿਚ ਬ੍ਰਹਿਮੰਡੀ ਆਰਤੀ ਉਚਾਰ ਕੇ ਕੀਤੇ। ਵਿਸ਼ੇਸ਼ ਦੇਖਣ ਵਾਲੀ ਗੱਲ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ 'ਸੰਵਾਦ' ਧਰਮ ਮੁਖੀਆਂ-ਰਾਜ ਮੁਖੀਆਂ, ਸਮਰੱਥ ਸ਼ਖ਼ਸੀਅਤਾਂ ਨਾਲ ਹੀ ਕਰਦੇ ਹਨ। ਇਕ ਪਾਸੇ ਸਮੇਂ ਦੇ ਬਾਦਸ਼ਾਹ, ਸਿਕੰਦਰ ਲੋਧੀ (੧੫੦੬ ਈ.) ਤੇ ਬਾਬਰ (੧੫੨੧ ਈ.) ਨਾਲ ਵਿਚਾਰ-ਚਰਚਾ ਕਰਦੇ ਹਨ ਅਤੇ ਦੂਸਰੇ ਪਾਸੇ ਸੁਮੇਰ ਪਰਬਤ, ਗੋਰਖ ਮਤੇ (੧੫੦੭ ਈ.) ਜੋਗੀ ਭੰਗਰ ਨਾਥ, ਗੋਰਖਨਾਥ ਤੇ ਕੁਰਖੇਤਰ ਵਿਚ (੧੫੦੬ ਈ.) 'ਨਾਨੂ' ਨਾਮ ਦੇ ਪੰਡਤ ਨਾਲ ਸੰਵਾਦ ਕਰ ਕੇ, ਨਾਨਕ ਨਿਰਮਲ ਪੰਥ ਦਾ ਪ੍ਰਚਾਰਕ ਬਣਾਉਂਦੇ ਹਨ। ਮੱਕੇ ਵਿਚ ਰੁਕਨਦੀਨ ਅਤੇ ਬਗਦਾਦ (੧੫੧੭ ਈ.) ਵਿਚ ਪੀਰ ਦਸਤਗੀਰ ਨਾਲ ਧਰਮ-ਚਰਚਾ ਕਰਦੇ ਹਨ। ਭਾਈ ਗੁਰਦਾਸ ਜੀ ਸ਼ਾਹਦੀ ਭਰਦੇ ਹਨ:

*- ਪੁਛਿਆ ਫਿਰਿ ਕੈ ਦਸਤਗੀਰ ਕਉਣ ਫਕੀਰੁ ਕਿਸ ਕਾ ਘਰਿਆਨਾ।*
*ਨਾਨਕ ਕਲਿ ਵਿਚਿ ਆਇਆ ਰਬੁ ਫਕੀਰੁ ਇਕੋ ਪਹਿਚਾਨਾ। (ਵਾਰ ੧:੩੫)*
*- ਗੜ ਬਗਦਾਦੁ ਨਿਵਾਇ ਕੈ ਮਕਾ ਮਦੀਨਾ ਸਭੇ ਨਿਵਾਇਆ।*
*ਸਿਧ ਚਉਰਾਸੀਹ ਮੰਡਲੀ ਖਟਿ ਦਰਸਨਿ ਪਾਖੰਡਿ ਜਿਣਾਇਆ। (ਵਾਰ ੧:੩੭)*

ਸਿਧਾਂਤ ਸੰਬੰਧੀ ਸੰਵਾਦ, ਸਿਧਾਂਤੀ ਲੋਕਾਂ ਨਾਲ ਭਾਵ ਸਿਧਾਂਤ ਨੂੰ ਸਮਝਣ ਵਾਲਿਆਂ ਨਾਲ ਕੀਤਾ ਜਾ ਸਕਦਾ ਹੈ। ਇਸ ਵਿਚਾਰ ਦੀ ਪ੍ਰਤੱਖ ਉਦਾਹਰਨ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਦਰਸ਼ਨ 'ਚੋਂ ਦੇਖੀ ਜਾ ਸਕਦੀ ਹੈ। ਇਸ ਦੀ

ਪੁਸ਼ਟੀ ਪਾਵਨ ਗੁਰਬਾਣੀ ਅਤੇ ਇਤਿਹਾਸਿਕ ਪੱਖ ਤੋਂ ਉਦਾਸੀਆਂ ਸਮੇਂ ਵੀ ਹੁੰਦੀ ਹੈ। ਜਪੁ ਜੀ ਸਾਹਿਬ, ਸਿਧ ਗੋਸਟਿ, ਓਅੰਕਾਰ ਅਤੇ ਮਲਾਰ ਦੀ ਵਾਰ ਆਦਿ ਬਾਣੀਆਂ ਇਸ ਦੀ ਸ਼ਾਹਦੀ ਭਰਦੀਆਂ ਹਨ। ਕਿਧਰੇ ਵੀ ਸੰਸਾਰਿਕ ਰਿਸ਼ਤੇਦਾਰੀ, ਘਰ-ਪਰਵਾਰ ਨਾਲ ਸੰਬੰਧਿਤ ਸੁਆਲ-ਜੁਆਬ ਨਹੀਂ। ਹਰ ਵਿਚਾਰ ਗੋਸ਼ਟੀ ਸਮੇਂ ਪਰਮਾਰਥ ਦੀ ਪ੍ਰਮੁੱਖਤਾ ਹੈ। ਅਸਲ ਵਿਚ ਧਰਮ ਬਾਨੀ ਆਮ ਸੰਸਾਰਿਕ ਸ਼ਖ਼ਸੀਅਤ ਨਹੀਂ, ਸਗੋਂ ਨਿਰੰਕਾਰੀ ਰੂਹਾਨੀ ਹੁੰਦੀਆਂ ਹੋਈਆਂ, ਰੂਹਾਨੀਅਤ ਦਾ ਉਪਦੇਸ਼ ਦ੍ਰਿੜ੍ਹ ਕਰਾਉਂਦੀਆਂ ਹਨ। ਇਹੀ ਕਾਰਨ ਹੈ ਕਿ, ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਨੂੰ 'ਨਾਨਕ ਜੋਤਿ' ਦੇ ਦੈਵੀ ਸਿਧਾਂਤ ਨੂੰ ਹੀ ਰੂਪਮਾਨ ਕੀਤਾ ਹੈ, ਕਿਧਰੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਤਾ-ਪਿਤਾ, ਭੈਣ, ਬੱਚਿਆਂ ਜਾਂ ਸੰਸਾਰਿਕ ਰਿਸ਼ਤੇ-ਨਾਤਿਆਂ ਦਾ ਜ਼ਿਕਰ ਨਹੀਂ ਕੀਤਾ। ਭਾਵ ਸਮਾਜਿਕ-ਸੰਸਾਰਿਕ ਉਲੇਖ ਨਹੀਂ। ਜੋਤਿ ਸਿਧਾਂਤ ਦੇ ਰਹੱਸ ਨੂੰ ਸਮਝਿਆ, ਅਨੁਭਵ ਕੀਤਾ ਜਾ ਸਕਦਾ ਪਰ ਕਿਸੇ ਨੂੰ ਅਨੁਭਵ ਕਰਾਉਣਾ ਅਸੰਭਵ ਹੈ। ਮਹਾਤਮਾ ਬੁੱਧ ਨੂੰ ਗਿਆਨ ਦੀ ਪ੍ਰਾਪਤੀ ਹੋਣ 'ਤੇ ਉਨ੍ਹਾਂ ਦਾ ਸਾਥੀ (ਪ੍ਰਮੁੱਖ ਚੇਲਾ) ਅਨੰਦ ਪੁੱਛਦਾ ਹੈ, ਪ੍ਰਾਪਤ ਹੋਏ ਗਿਆਨ ਬਾਰੇ ਸਾਨੂੰ ਵੀ ਚਾਨਣਾ ਪਾਓ? ਤਾਂ ਮਹਾਤਮਾ ਬੁੱਧ ਕਹਿੰਦੇ ਹਨ, 'ਇਹ ਅਨੁਭਵ ਦਾ ਵਿਸ਼ਾ ਹੈ, ਮਹਿਸੂਸ ਤਾਂ ਕੀਤਾ ਜਾ ਸਕਦਾ ਹੈ, ਦਰਸਾਇਆ ਨਹੀਂ ਜਾ ਸਕਦਾ'। ਭਗਤ ਕਬੀਰ ਜੀ ਗੁਰਬਾਣੀ ਵਿਚ ਇਸ ਰਹੱਸ ਨੂੰ ਸਪੱਸ਼ਟ ਕਰਦੇ ਹਨ:

*ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੩੪)*

ਅਸੀਂ ਕਹਿ ਸਕਦੇ ਹਾਂ ਕਿ ਸਿਧਾਂਤ ਨੂੰ ਸਮਝਣ-ਸਮਝਾਉਣ ਵਾਸਤੇ ਸਿਧਾਂਤੀ ਲੋਕ ਹੀ ਸੰਵਾਦ ਰਚਦੇ ਹਨ। ਇਹ ਸੰਵਾਦ ਵੀ ਸੰਬੰਧਿਤ ਸਿਧਾਂਤ ਨੂੰ ਸਮਝਣ ਵਾਲਿਆਂ ਵਿਚ ਹੀ ਹੋ ਸਕਦਾ, ਆਮ ਲੋਕਾਂ ਵਿਚ ਨਹੀਂ। ਫਿਰ ਸੁਆਲ ਪੈਦਾ ਹੁੰਦਾ ਹੈ ਕਿ ਸਿਧਾਂਤ ਆਮ ਲੋਕਾਂ ਨੂੰ ਕਿਵੇਂ ਸਮਝਾਇਆ ਜਾਵੇ? ਇਸ ਕਾਰਜ ਵਾਸਤੇ ਸਾਖੀ ਵਿਧੀ ਸਭ ਤੋਂ ਵੱਧ ਸਫਲ ਤੇ ਸਾਰਥਕ ਹੈ। ਅਸੀਂ ਸੰਸਾਰਕ ਲੋਕ, ਸਰਵ-ਹਿੱਤਕਾਰੀ ਸਿਧਾਂਤਾਂ ਨੂੰ ਸੰਸਾਰਿਕ ਭਾਸ਼ਾ, ਸ਼ੈਲੀ-ਸ਼ਬਦਾਵਲੀ ਵਿਚ ਹੀ ਸਮਝ ਸਕਦੇ ਹਾਂ। ਸਾਖੀ ਦਾ ਅਰਥ ਹੈ; ਇਤਿਹਾਸ ਜਾਂ ਕਥਾ, ਜੋ ਅੱਖੀਂ ਡਿੱਠੀ ਕਹੀ ਗਈ ਹੋਵੇ। ਸਾਖੀ ਦਾ ਭਾਵ ਸਿੱਖਿਆ, ਨਸੀਹਤ ਵੀ ਹੈ। ਸਾਖੀ ਦਾ ਅਰਥ ਸਾਕਸ਼ੀ, ਗਵਾਹ, ਸ਼ਹਾਦਤ ਤੋਂ ਵੀ ਹਨ। ਭਾਈ ਵੀਰ ਸਿੰਘ ਜੀ ਸਾਖੀ ਦੇ ਅਰਥ, ਜੋ ਅੱਖ ਦੇ ਸਾਹਮਣੇ ਹੋਵੇ, ਅੱਖੀਂ ਡਿੱਠੀ ਗੱਲ ਦਾ ਦੱਸਣਾ। ਇਸ ਤੋਂ ਅੱਗੇ ਕਥਾ, ਵਾਰਤਾ, ਅਰਥ ਬਣੇ ਹਨ। ਇਸ ਤੋਂ ਦੇਖਣ ਹਾਰ ਪ੍ਰਗਟ, ਸਾਖਯਾਤਕਾਰ, ਸਿੱਖਿਆ, ਗਵਾਹੀ ਆਦਿ ਅਰਥ ਬਣੇ ਹਨ। ਗੁਰਬਾਣੀ ਸਾਖੀ ਸ਼ਬਦ ਦੇ ਅਰਥਾਂ ਦੀ ਪ੍ਰੋੜ੍ਹਤਾ ਕਰਦੀ ਹੈ;

*- ਗੁਰ ਸਾਖੀ ਉਪਦੇਸੁ ਕਰਿ ਆਪਿ ਤਰੈ ਸੈਸਾਰੁ ਤਰਾਇਆ। (ਵਾਰ ੨੯:੧)*

*– ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।* *(ਵਾਰ ੧੯:੧੨)*

*– ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੮)*

ਸਤਿਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਸਾਰਿਕ ਜੀਵਨ-ਕਾਲ ਨਾਲ ਸੰਬੰਧਿਤ ਸਾਖੀਆਂ ਸਾਨੂੰ 'ਸਿਧਾਂਤ' ਸਮਝਾਉਣ ਵਿਚ ਸਾਰਥਿਕ ਤੇ ਸਹਾਇਕ ਹਨ। ਭੁੱਖੇ ਸਾਧੂਆਂ ਨੂੰ ਭੋਜਨ ਛਕਾਉਣਾ, ਮੌਲਵੀ ਨਾਲ ਨਮਾਜ਼ ਅਦਾ ਕਰਨੀ, ਕਾਅਬੇ ਵੱਲ ਪੈਰ, ਕੁਰਕਸ਼ੇਤਰ 'ਚ ਸੂਰਜ ਗ੍ਰਹਿਣ ਸਮੇਂ ਮੀਟ ਰਿੰਨ੍ਹਣਾ, ਜਗਨਨਾਥ ਪੁਰੀ ਵਿਚ ਆਰਤੀ ਅਦਿ ਸਾਰੀਆ ਸਾਖੀਆਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ। ਧਰਮ ਦਾ ਪ੍ਰਚਾਰ-ਪ੍ਰਸਾਰ ਸਾਖੀ ਸਹਿਤ ਦੇ ਸਰਲ ਢੰਗ ਨਾਲ ਹੀ ਸੌਖਾ ਤੇ ਸੰਸਾਰ ਪੱਧਰ 'ਤੇ ਕੀਤਾ ਜਾ ਸਕਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਸਮੇਂ ਸਾਈਂ ਭੀਖਣ ਸ਼ਾਹ ਵੱਲੋਂ ਪੂਰਬ ਨੂੰ ਮੂੰਹ ਕਰ ਕੇ ਨਮਾਜ਼ ਅਦਾ ਕਰਨਾ ਅਤੇ ਗੁਰਦੇਵ ਵੱਲੋਂ ਦੋਨਾਂ ਕੁੱਜੀਆਂ 'ਤੇ ਹੱਥ ਰੱਖਣਾ ਆਦਿ ਵੀ ਰਹੱਸਵਾਦੀ ਸਿਧਾਂਤਾਂ ਨੂੰ ਸਮਝਾਉਣ ਦੇ ਹੀ ਸਾਰਥਕ ਸੰਕੇਤ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਾਵਨ ਪੰਕਤੀ- *ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ* ਬਹੁਤ ਕੁਝ ਸਪੱਸ਼ਟ ਕਰਦੀ ਹੈ। ਅਸਲ ਵਿਚ ਕੀ ਕਹਿਣਾ? ਕੀ ਸੁਣਨਾ? ਕਿਸ ਨੂੰ ਕਹਿਣਾ? ਕਿੱਥੇ ਕਹਿਣਾ? ਦੀ ਸਮਝ ਹੋਣੀ ਵੀ ਜ਼ਰੂਰੀ ਹੈ। ਗੁਰੂ ਨਾਨਕ ਸਾਹਿਬ ਤਾਂ ਸਪੱਸ਼ਟ ਅਦੇਸ਼ ਕਰਦੇ ਹਨ:

*...ਪੜਿ ਅਖਰੁ ਏਹੋ ਬੁਝੀਐ॥ ਮੂਰਖੈ ਨਾਲਿ ਨ ਲੁਝੀਐ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੭੩)*

ਨਹੀਂ ਤਾਂ ਬੋਲ਼ੇ ਅੱਗੇ ਭਾਵੇਂ ਭੈਰੋ ਗਾਵੋ ਜਾਂ ਗਉੜੀ ਕੋਈ ਫਰਕ ਨਹੀਂ ਪੈਂਦਾ:

*ਬੋਲੈ ਅਗੈ ਗਾਵੀਐ ਭੈਰਉ ਸੋ ਗਉੜੀ॥* *(ਵਾਰ ੩੪:੬)*

ਸਿਧਾਂਤ ਦੀ ਸਿਰਜਣਾ ਸਿਧਾਂਤਕ ਸ਼ਖ਼ਸੀਅਤਾਂ ਸ਼ਖ਼ਸੀ ਰੂਪ ਵਿਚ ਕਰਦੀਆਂ ਹਨ। ਸਿਧਾਂਤ ਨੂੰ ਸਮਝਣ-ਸਮਝਾਉਣ ਵਿਚ ਸੰਗਤੀ ਜੁਗਤ ਸਭ ਤੋਂ ਸਾਰਥਕ ਹੈ ਅਤੇ ਸੰਸਥਾਵਾਂ ਸਿਧਾਂਤ ਦੇ ਪ੍ਰਚਾਰ-ਪ੍ਰਸਾਰ ਵਿਚ ਸਹਾਇਕ ਸਿਧ ਹੁੰਦੀਆਂ ਹਨ। ਸਿਧਾਂਤ ਨੂੰ ਵਿਰਲੇ ਹੀ ਸਮਝਦੇ ਹਨ। ਸਿਧਾਂਤਕ ਸਮਝ ਰੱਖਣ ਵਾਲੇ ਸਰੋਤੇ ਤਾਂ ਬਿਲਕੁਲ ਨਿਵੇਕਲੇ ਹੁੰਦੇ ਹਨ। ਸਿਧਾਂਤ ਨੂੰ ਸਮਝਣ ਲਈ ਸੰਵਾਦ ਵਿਧੀ ਹੀ ਸਾਰਥਕ ਹੈ ਪਰ ਸਰੋਤੇ ਦੀ ਘਾਟ ਕਰਕੇ ਇਸ ਦਾ ਦਾਇਰਾ ਸੀਮਤ ਹੋ ਜਾਂਦਾ ਹੈ। ਸਿਧਾਂਤ ਨੂੰ ਸੰਗਤੀ ਰੂਪ ਵਿਚ ਸਮਝਾਉਣ ਲਈ 'ਸਾਖੀ' ਵਿਧੀ ਹੀ ਸਾਰਥਕ ਤੇ ਸਹਾਇਕ ਹੈ। ਆਮ ਕਰਕੇ ਸਿਧਾਂਤਕ ਵਿਆਖਿਆ ਨੂੰ ਖੁਸ਼ਕ ਮੰਨਿਆ ਗਿਆ ਹੈ ਪਰ ਸਮਝਦਾਰ ਦਾਰਸ਼ਨਿਕ ਬੁਲਾਰੇ-ਵਿਆਖਿਆਕਾਰ ਸਿਧਾਂਤਕ ਸ਼ਬਦਾਵਲੀ ਨੂੰ ਸਾਖੀ ਰੂਪ ਵਿਚ ਸੁਆਦਲੀ ਤੇ ਰਸਦਾਇਕ ਬਣਾ ਕੇ, ਸਰੋਤਿਆਂ ਨੂੰ ਉਪਦੇਸ਼ ਦ੍ਰਿੜ੍ਹ ਕਰਾਉਂਦੇ ਹੋਏ, ਮੰਤਰ-ਮੁਗਧ ਕਰ ਲੈਂਦੇ ਹਨ।

ਧਾਰਮਿਕ ਤੇ ਵਿਗਿਆਨਕ ਤੌਰ 'ਤੇ ਇਹ ਸੱਚ ਸਥਾਪਿਤ ਹੋ ਚੁੱਕਾ ਹੈ ਕਿ, 'ਸਰਬ-ਸ਼ਕਤੀਮਾਨ' ਭਾਵ ਸਿਖਰਲੀ ਸ਼ਕਤੀ, 'ਸਿਖਰਲੀ ਸੂਖਮਤਾ' ਵਿਚ ਵਿਦਮਾਨ ਹੈ। 'ਸਿਖਰਲੀ ਸੂਖਮਤਾ' ਸ਼ਕਤੀ ਹੀ ਸ੍ਰਿਸ਼ਟੀ ਸਿਰਜਣਾ ਤੇ ਸਰਵ-

ਨਾਸ਼ ਦੇ ਸਮਰੱਥ ਹੈ। ਧਰਮ ਦੀ ਦੁਨੀਆ ਵਿਚ, 'ਸਬਦ-ਗੁਰੂ' ਦਾ ਸਿਧਾਂਤ 'ਸੂਖਮਤਾ ਦੀ ਸਿਖਰ' ਹੈ, ਜੋ ਸੰਸਾਰ ਲਈ ਅਦੁੱਤੀ ਤੇ ਵਿਲੱਖਣ ਹੈ। 'ਨਾਨਕ ਨਿਰਮਲ ਪੰਥ' ਦੇ 'ਸ਼ਬਦ ਗੁਰੂ' ਦੇ ਨਿਰਮਲ ਸਿਧਾਂਤ ਨੂੰ ਵਿਰਲੇ ਹੀ ਸਮਝ ਸਕਦੇ ਹਨ ਪਰ ਸਾਖੀ ਸਾਹਿਤ ਦੀ ਸਿੱਖਿਆ ਸਦਕਾ 'ਸ਼ਬਦ ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸ਼ਰਧਾ, ਸਤਿਕਾਰ ਤੇ ਸੰਪੂਰਨ ਸਮਰਪਿਤ ਦੀ ਭਾਵਨਾ ਪ੍ਰਚਲਿਤ ਹੋ ਸਕੀ। ਅਸੀਂ ਕਹਿ ਸਕਦੇ ਹਾਂ ਕਿ, 'ਸ਼ਬਦ ਗੁਰੂ' ਸੂਖਮਤਾ ਦੇ ਸਿਖਰਲੇ ਸਿਧਾਂਤ ਨੂੰ ਸਮਝਣ-ਸਮਝਾਉਣ ਤੇ ਅਪਣਾਉਣ ਲਈ ਸੰਵਾਦ ਵਿਧੀ ਹੈ ਅਤੇ ਸੰਗਤੀ ਰੂਪ ਵਿਚ ਪ੍ਰਚਾਰ-ਪ੍ਰਸਾਰ ਕਰਨ ਲਈ ਸਾਖੀ ਸਾਹਿਤ ਸਾਰਥਕ ਹੈ। ਸੰਵਾਦ ਤੇ ਸਾਖੀ ਦਾ ਮਕਸਦ ਸਤਿ ਨਾਲ ਜੋੜਨਾ ਹੈ, ਸਾਧਨ ਅਲੱਗ-ਅਲੱਗ ਹਨ ਮਕਸਦ ਇਕ ਹੀ ਹੈ। ਸਿਧਾਂਤਾਂ ਨੂੰ ਸਮਝਣ ਲਈ ਸੰਵਾਦ ਤੇ ਸਾਖੀ ਵਿਧੀ ਵਿਚ ਸਾਂਝ ਹੈ, ਅੰਤਰ-ਵਿਰੋਧ ਦੀ ਕੋਈ ਗੁੰਜਾਇਸ਼ ਨਹੀਂ।

ਸਿਧਾਂਤ ਸੂਖਮ ਹੋਣ ਕਾਰਨ ਸਮੇਂ-ਸਥਾਨ ਦੇ ਪ੍ਰਭਾਵ ਤੋਂ ਸੁਤੰਤਰ, ਸਰੂਪ-ਅਕਾਰ ਰਹਿਤ ਹਨ ਪਰ ਸਿਧਾਂਤਕ ਬਿਰਤਾਂਤ-ਸੰਵਾਦ, ਸਿਧਾਂਤਕ ਸ਼ਖ਼ਸੀਅਤਾਂ 'ਸ਼ਖ਼ਸੀ' ਰੂਪ ਵਿਚ ਹੀ ਕਰ ਸਕਦੀਆਂ ਹਨ। ਸਿਧਾਂਤਕ-ਬਿਰਤਾਂਤ ਨੂੰ ਸਾਖੀ ਰੂਪ ਵਿਚ ਸੌਖਿਆਂ ਸਮਝਿਆ-ਸਮਝਾਇਆ, ਪ੍ਰਚਾਰਿਆ-ਪ੍ਰਸਾਰਿਆ ਜਾ ਸਕਦਾ ਹੈ। ਸਿਧਾਂਤਕ ਬਿਰਤਾਂਤ ਸਿਰਜਣ ਵਾਲਿਆਂ ਨੂੰ ਕੱਟੜ-ਸੰਕੀਰਨ ਨਹੀਂ ਹੋਣਾ ਚਾਹੀਦਾ ਤੇ ਸਰੋਤਿਆਂ ਨੂੰ ਸਾਖੀ ਸਾਹਿਤ ਨੂੰ ਕੇਵਲ ਕੰਨ ਰਸ-ਸੁਆਦ ਵਾਸਤੇ ਹੀ ਪੜ੍ਹਨਾ-ਸੁਣਨਾ ਨਹੀਂ ਚਹੀਦਾ, ਸਗੋਂ ਸਾਖੀਆਂ ਦੇ ਰਹੱਸ ਨੂੰ ਸਮਝਣ ਲਈ ਸਮੇਂ ਦਾ ਸਦ-ਉਪਯੋਗ ਕਰਨਾ ਚਾਹੀਦਾ ਹੈ।

ਬਹੁ-ਗਿਣਤੀ 'ਚ ਸਾਖੀਆਂ ਸੁਣਨ ਵਾਲੇ ਸਿੱਖਾਂ 'ਚੋਂ ਹੀ ਕੁਝ ਸਾਦਿਕ ਸਿੱਖ ਬਣ ਸ਼ਹਾਦਤ ਦਾ ਜਾਮ ਪੀ ਇਤਿਹਾਸ ਸਿਰਜ ਜਾਂਦੇ ਹਨ ਪਰ ਸਿਧਾਂਤ 'ਤੇ ਸੰਵਾਦ ਵਿਚਾਰ ਚਰਚਾ ਕਰਨ ਵਾਲੇ ਕਥਾਵਾਚਕ ਹੋ ਵਿਚਰਦੇ ਹਨ। ਸਿਧਾਂਤ ਸਮਝਿਆਂ ਸੋਝੀ ਪ੍ਰਾਪਤ ਹੁੰਦੀ ਹੈ ਪਰ ਸਮਝਣ ਲਈ ਸਮਾਂ ਤੇ ਸਮਰੱਥਾ ਦਰਕਰਾਰ ਹੈ।

ਸਾਖੀ ਸਰਲ, ਸਪੱਸ਼ਟ ਤੇ ਸਿਮਰਤੀ 'ਚ ਟਿਕਾਉਣੀ ਅਸਾਨ ਹੁੰਦੀ ਹੈ ਤੇ ਸ਼ਰਧਾ-ਸਤਿਕਾਰ, ਸਬਰ-ਸਿਦਕ ਪੈਦਾ ਕਰਦੀ ਹੈ, ਖਾਸ ਕਰਕੇ ਜੋ ਸਮੇਂ-ਸਥਾਨ ਨੂੰ ਸਨਮੁਖ ਰੱਖ ਸੁਣੀ-ਸੁਣਾਈ ਜਾਵੇ। ਉਦਾਹਰਨ ਵਜੋਂ ਜੇਕਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਸਾਖੀ ਸੜ੍ਹਦੇ-ਬਲਦੇ ਹਾੜ੍ਹ ਮਹੀਨੇ ਜਦ ਚਾਰ ਚੁਫੇਰੇ ਅੱਗ ਬਰਸ ਰਹੀ ਹੋਵੇ ਅਤੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਦੀ ਸਾਖੀ ਕੱਕਰ ਵਰ੍ਹਦੇ ਪੋਹ ਮਹੀਨੇ ਕਿਸੇ ਸਿਆਣੇ ਸਾਖੀਕਾਰ ਪਾਸੋਂ ਸੁਣੀ ਜਾਵੇ ਤਾਂ ਸੁਣਨ ਵਾਲੇ ਦੇ ਦਿਲ-ਦਿਮਾਗ 'ਤੇ ਸਾਰਥਿਕ-ਸਦੀਵੀ ਅਸਰਦਾਰ ਹੋਵੇਗੀ, ਇਹ ਮੇਰਾ ਦ੍ਰਿੜ੍ਹ ਵਿਸ਼ਵਾਸ ਤੇ ਜਾਤੀ ਤਜਰਬਾ ਹੈ। **ਬਾਕੀ ਸਫਾ ੬੪ 'ਤੇ**

# ਚਾਲ਼ੀ ਮੁਕਤੇ

*-ਡਾ. ਜਸਵੰਤ ਸਿੰਘ ਨੇਕੀ**

ਭਾਰਤੀ ਧਰਮ-ਪਰੰਪਰਾ ਵਿਚ 'ਮੁਕਤਾ' ਉਸ ਨੂੰ ਕਹਿੰਦੇ ਹਨ, ਜੋ ਅਸਤਿਤਵ ਪਰਕ ਬੰਧਨਾਂ ਤੋਂ ਅਜ਼ਾਦ ਹੋ ਗਿਆ ਹੋਵੇ। ਮਨੁੱਖੀ ਹੋਂਦ ਨਾਲ ਜੁੜੇ ਹੋਏ ਇਹ ਬੰਧਨ ਜਨਮ-ਮਰਨ, ਮੋਹ-ਮਾਇਆ ਦੇ, ਦੁੱਖ-ਸੁੱਖ ਆਦਿ ਦੇ ਬੰਧਨ ਹਨ। ਇਨ੍ਹਾਂ ਤੋਂ ਛੁਟਕਾਰੇ ਦਾ ਨਾਮ 'ਮੁਕਤੀ' ਹੈ ਤੇ ਐਸੀ ਮੁਕਤੀ ਪ੍ਰਾਪਤ ਕਰਨ ਵਾਲੇ 'ਮੁਕਤੇ' ਕਹਾਉਂਦੇ ਹਨ।

ਸਿੱਖ ਧਰਮ ਵਿਚ ਮੁਕਤੀ ਦਾ ਮੁੱਖ ਸਾਧਨ ਆਤਮ-ਸਮਰਪਨ ਹੈ— ਆਪਣੇ ਆਪੇ ਵੱਲੋਂ ਮਰ ਜਾਣ ਦਾ! ਇਹ ਆਤਮ-ਸਮਰਪਨ ਵਾਹਿਗੁਰੂ ਦੀ ਯਾਦ ਵਿਚ ਰਹਿਣ ਦਾ, ਸਤਿਗੁਰੂ ਦੇ ਬਚਨਾਂ ਤੋਂ ਵਾਰਨੇ ਜਾਣ ਦਾ, ਆਪਣੇ ਅੰਦਰ ਪਿਆਰ ਤੇ ਨਿਮਰਤਾ ਵਸਾਉਣ ਵਾਲਾ, ਧਰਮ ਦੀ ਖ਼ਾਤਰ ਆਪਾ ਵਾਰਨ ਵਾਲਾ, ਜਾਂ ਫਿਰ ਆਪਣੀ ਬੇਮੁਖਤਾ ਤੋਂ ਪਛਤਾ ਕੇ ਮੁੜ ਸ਼ਰਨ ਆਉਣ ਵਾਲਾ, ਕਿਸੇ ਵੀ ਪ੍ਰਕਾਰ ਦਾ ਆਤਮ-ਸਮਰਪਨ ਹੋ ਸਕਦਾ ਹੈ। ਕਿਸੇ ਮੁਕਤੇ ਨੂੰ ਸੇਵ ਕੇ ਹੀ ਪ੍ਰਾਣੀ ਮੁਕਤ ਹੋ ਸਕਦਾ ਹੈ।

ਅਰਦਾਸ ਵਿਚ ਜਿਨ੍ਹਾਂ ਚਾਲ਼ੀ ਮੁਕਤਿਆਂ ਨੂੰ ਸ਼ਰਧਾਂਜਲੀ ਅਰਪਨ ਕੀਤੀ ਜਾਂਦੀ ਹੈ, ਉਹ ਮੁਕਤੇ ਹਨ, ਜੋ ਆਤਮ-ਸਮਰਪਨ ਦੀਆਂ ਸਿਖਰਾਂ ਨੂੰ ਛੂੰਹਦਿਆਂ ਮੁਕਤੀ-ਦਾਤੇ ਸਤਿਗੁਰੂ ਤੋਂ ਆਪਣੀਆਂ ਜਾਨਾਂ ਵਾਰ ਗਏ।

ਪਹਿਲੇ ਚਾਲ਼ੀ ਮੁਕਤੇ ਉਹ ਸਿੰਘ ਸਨ, ਜੋ ਚਮਕੌਰ ਦੀ ਗੜ੍ਹੀ ਵਿਚ ਦਸ ਲੱਖ ਫ਼ੌਜ ਦਾ ਟਾਕਰਾ ਕਰਦੇ ਸ਼ਹੀਦ ਹੋਏ। ਇਹ ਸਿੰਘ ਲਗਾਤਾਰ ਕਈ ਦਿਨਾਂ ਤੋਂ ਢਿੱਡੋਂ ਭੁੱਖੇ, ਕੇਵਲ ਸਿਦਕ ਤੇ ਸਿਰੜ ਦੇ ਸਿਰ 'ਤੇ ਲੜਦੇ ਰਹੇ। ਅਥਾਹ ਮੁਗ਼ਲ ਫੌਜ ਨੇ ਇਸ ਗੜ੍ਹੀ ਦਾ ਬੜਾ ਸਖ਼ਤ ਮੁਹਾਸਰਾ ਘੱਤਿਆ ਹੋਇਆ ਸੀ। ਸਮੁੰਦਰ ਦੀਆਂ ਛੱਲਾਂ ਵਾਂਗ ਉਹ ਬਾਰ-ਬਾਰ ਗੜ੍ਹੀ ਉੱਤੇ ਧਾਵਾ ਬੋਲਦੇ ਪਰ ਸਿੰਘਾਂ ਦੇ ਜਵਾਬੀ ਤੀਰਾਂ ਨਾਲ ਟਕਰਾ ਕੇ ਸਮੁੰਦਰ ਦੀਆਂ ਛੱਲਾਂ ਵਾਂਗ ਹੀ ਵਾਪਸ ਪਰਤ ਜਾਂਦੇ। ਵਿਚ ਵਿਚ ਸਿੰਘਾਂ ਦੇ ਜਥੇ ਗੜ੍ਹੀ ਤੋਂ ਬਾਹਰ ਆ ਕੇ ਵੀ ਦੁਸ਼ਮਣ ਦੇ ਆਹੂ ਲਾਹੁੰਦੇ ਤੇ ਕਰੜੇ ਹੱਥ ਦਿਖਾਉਂਦੇ ਸ਼ਹੀਦੀਆਂ ਪ੍ਰਾਪਤ ਕਰ ਜਾਂਦੇ। ਦੋਵੇਂ ਵੱਡੇ ਸਾਹਿਬਜ਼ਾਦੇ ਵੀ ਸ਼ਹੀਦ ਹੋ ਗਏ।

ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ, ਇਵੇਂ ਹੀ ਸੂਰਮਗਤੀ ਨੂੰ ਪ੍ਰਾਪਤ ਹੋਏ। ਸਾਹਿਬਜ਼ਾਦਿਆਂ ਦੀ ਸ਼ਹੀਦੀ ਮਗਰੋਂ ਕਲਗੀਧਰ ਪਾਤਸ਼ਾਹ ਨੂੰ ਗੜ੍ਹੀ ਵਿਚ ਬਚ ਰਹੇ ਸਿੰਘਾਂ ਦੀ ਪ੍ਰਤਿਨਿਧਤਾ ਕਰਦੇ ਪੰਜਾਂ ਸਿੰਘਾਂ ਨੇ ਗੜ੍ਹੀ ਛੱਡ ਕੇ ਨਿਕਲ ਜਾਣ ਦਾ 'ਹੁਕਮ' ਦਿੱਤਾ। ਸਤਿਗੁਰੂ ਜੀ ਦੁਸ਼ਮਣ ਨੂੰ ਵੰਗਾਰਦੇ ਨਿਕਲੇ ਤਾਂ ਇਨ੍ਹਾਂ ਸਿੰਘਾਂ ਨੇ

---

** ਗੁਰਪੁਰਵਾਸੀ*

ਧੌਂਸਿਆਂ ਦੀ ਵੰਗਾਰ ਮਚਾ ਦਿੱਤੀ ਤੇ ਦੁਸ਼ਮਣ ਨੂੰ ਇਕ ਵਾਰ ਤਾਂ ਸ਼ਸ਼ੋਪੰਜ ਵਿਚ ਪਾ ਦਿੱਤਾ। ਪਰ ਅਣਗਿਣਤ ਮੁਲਖਈਏ ਅੱਗੇ ਗਿਣਤੀ ਦੇ ਸਿੰਘ ਕਿਤਨਾ ਚਿਰ ਨਿਭ ਸਕਦੇ ਸਨ? ਅੰਤ ਇੱਕ ਇੱਕ ਕਰ ਕੇ ਸਾਰੇ ਦੇ ਸਾਰੇ ਸੂਰਮਗਤੀ ਨੂੰ ਪ੍ਰਾਪਤ ਹੋ ਗਏ।[੧]

ਇਨ੍ਹਾਂ ਤੋਂ ਮਗਰੋਂ ਹੋਏ ਚਾਲ਼ੀ ਮੁਕਤੇ ਮਾਝੇ ਦੇ ਉਹ ਸਿੰਘ ਸਨ, ਜੋ ਸ੍ਰੀ ਅਨੰਦਪੁਰ ਸਾਹਿਬ ਦੇ ਮੁਹਾਸਰੇ ਵੇਲੇ ਦਿਲ ਛੱਡ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਲਿਖ ਕੇ ਦੇ ਆਏ ਸਨ, ਕਿ "ਤੂੰ ਸਾਡਾ ਗੁਰੂ ਨਹੀਂ ਤੇ ਅਸੀਂ ਤੇਰੇ ਸਿੱਖ ਨਹੀਂ।" ਪਤਾ ਨਹੀਂ ਕਿਹੜੇ ਕਮਜ਼ੋਰ ਛਿਨ ਉਹ ਇਹ ਬੇਦਾਵਾ ਲਿਖ ਆਏ ਸਨ। ਉਨ੍ਹਾਂ ਦੀ ਆਤਮਾ ਵਿਚ, ਤਾਂ ਸਤਿਗੁਰੂ ਦੀ ਯਾਦ ਅਜੇ ਵੀ ਕਾਇਮ ਸੀ। ਸ਼ਾਇਦ ਲੰਮੀ ਭੁੱਖ ਦੀ ਬੇਵੱਸੀ ਨਹੀਂ ਸਨ ਝੱਲ ਸਕੇ। ਸ਼ਾਇਦ ਅਵਿਰਲ ਘਮਸਾਨ ਕਰਦਿਆਂ ਥੱਕ ਗਏ ਸਨ। ਇਹ ਕਮਜ਼ੋਰ ਸਨ, ਕਠੋਰ ਨਹੀਂ ਸਨ। ਸ਼ਾਇਦ ਕਮਜ਼ੋਰੀ ਤੇ ਥਕਾਵਟ ਇਨ੍ਹਾਂ 'ਤੇ ਹਾਵੀ ਹੋ ਗਈ ਸੀ। ਸੋ ਕਮਜ਼ੋਰੀ ਦੇ ਕਿਸੇ ਛਿਨ ਗੁਰੂ ਨੂੰ ਬੇਦਾਵਾ ਦੇ ਕੇ ਨਿਕਲ ਆਏ ਸਨ। ਦੁਸ਼ਮਣ ਨੇ ਵੀ ਬੇਦਾਵਾ ਲਿਖਣ ਵਾਲਿਆਂ ਨੂੰ ਰਾਹ ਦੇ ਦਿੱਤਾ ਸੀ। ਜਦੋਂ ਉਹ ਘਰੀਂ ਪਹੁੰਚੇ ਤਾਂ ਘਰਦਿਆਂ ਨੇ ਬੂਹੇ ਨ ਟੱਪਣ ਦਿੱਤੇ: "ਆ ਗਏ ਓ ਆਪਣੇ ਗੁਰੂ ਨੂੰ ਪਿੱਠ ਦੇ ਕੇ?" ਉਨ੍ਹਾਂ ਦੀਆਂ ਘਰ-ਵਾਲੀਆਂ ਨੇ ਲਾਅਨਤਾਂ ਪਾਉਂਦਿਆਂ ਆਖਿਆ, "ਤੁਸੀਂ ਘਰੀਂ ਚੂੜੀਆਂ ਪਹਿਨ ਕੇ ਬੈਠੋ, ਅਸੀਂ ਜਾਨੀਆਂ ਸਤਿਗੁਰੂ ਨੂੰ ਸੀਸ ਦੇਣ! ਇਹ ਜਾਨਾਂ ਜਿਹੜੀਆਂ ਬਚਾ ਲਿਆਏ ਓ, ਕਦੋਂ ਤੀਕ ਤੁਹਾਡੇ ਨਾਲ ਨਿਭਣਗੀਆਂ?"

ਘਰਾਂ ਤੋਂ ਫਿਟਕਾਰਿਆਂ ਨੂੰ ਮਾਤਾ ਭਾਗੋ (ਮਾਤਾ ਭਾਗ ਕੌਰ ਜੀ) ਵਾਪਸ ਗੁਰੂ-ਚਰਨਾਂ ਵੱਲ ਲੈ ਤੁਰੀ।

ਉਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਦੇ ਜੰਗਲ 'ਚੋਂ ਹੋ, ਜੱਟ ਪੁਰੇ ਹੁੰਦੇ ਹੋਏ, ਫੀਰੋਜ਼ਪੁਰ ਵਾਲੇ ਪਾਸੇ ਨੂੰ ਤੁਰ ਪਏ ਸਨ। ਸ਼ਾਹੀ ਫ਼ੌਜਾਂ ਤਾਂ ਉਨ੍ਹਾਂ ਦਾ ਖੁਰਾ ਨੱਪਦੀਆਂ ਫਿਰਦੀਆਂ ਸਨ। ਇਨ੍ਹਾਂ ਫ਼ੌਜਾਂ ਦੇ ਪਿੱਛੋਂ ਤੁਰੇ ਆਉਣ ਦੀ ਇਨ੍ਹਾਂ ਬੇਦਾਵੀਏ ਸਿੱਖਾਂ ਨੂੰ ਭਿਣਕ ਪੈ ਗਈ। ਖਿਦਰਾਣੇ ਦੀ ਢਾਬ ਦੇ ਕੰਢੇ ਇਨ੍ਹਾਂ ਨੇ ਤੁਰੀ ਆਉਂਦੀ ਵੈਰੀ ਫ਼ੌਜ ਨੂੰ ਰਸਤੇ ਵਿਚ ਰੋਕਣ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਨੇ ਬਸਤਰ ਬਿਰਛਾਂ ਉੱਤੇ ਟੰਗ ਦਿੱਤੇ। ਦੂਰੋਂ ਇਉਂ ਜਾਪਣ ਲੱਗਾ, ਜਿਵੇਂ ਕੋਈ ਫ਼ੌਜ ਓਥੇ ਤੰਬੂ (ਡੇਰੇ ਤਾਣੇ) ਲਾਈ ਬੈਠੀ ਹੋਵੇ। ਆਪ ਉਹ ਐਸੇ ਟਿਕਾਣੇ ਮਲ ਕੇ ਬੈਠ ਗਏ; ਜਿੱਥੋਂ, ਆ ਰਹੀ ਫ਼ੌਜ ਉਤੇ ਪੂਰੇ ਜਲਾਲ ਨਾਲ ਹਮਲਾ ਕਰ ਸਕਣ। ਵੈਰੀਆਂ ਦੀ ਵਹੀਰ ਆਈ, ਪਰ ਇਨ੍ਹਾਂ ਦੇ ਹੱਲੇ ਅੱਗੇ ਕੁਝ ਖ਼ਤਮ ਹੋ ਗਈ, ਕੁਝ ਤਿੱਤਰ-ਬਿੱਤਰ ਹੋ ਗਈ। ਪਰ ਇਹ ਚਾਲ਼ੀ ਦੇ ਚਾਲ਼ੀ ਸਿੰਘ ਵੀ ਗੁਰੂ ਦੀ ਖ਼ਾਤਰ ਸ਼ਹੀਦ ਹੋ ਗਏ।[੨]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉੱਥੇ ਆਣ ਪੁੱਜੇ। ਇਨ੍ਹਾਂ ਸਿੰਘਾਂ ਦੀ ਸੂਰਮਗਤੀ ਤੇ ਕੁਰਬਾਨੀ ਕਾਰਨ ਬਹੁਤ ਦ੍ਰਵੇ। ਇੱਕ ਇੱਕ ਦਾ ਸਿਰ ਉਨ੍ਹਾਂ ਆਪਣੀ ਗੋਦੀ ਵਿਚ ਲਿਆ, ਇੱਕ ਇੱਕ ਦਾ ਮੱਥਾ ਚੁੰਮਿਆ ਤੇ ਖ਼ਿਤਾਬ ਦਿੱਤੇ- "ਇਹ ਮੇਰਾ ਪੰਜ

ਹਜ਼ਾਰੀ, ਇਹ ਮੇਰਾ ਦਸ ਹਜ਼ਾਰੀ, ਇਹ ਮੇਰਾ...।"

ਜਦ ਉਨ੍ਹਾਂ ਦੇ ਜਥੇਦਾਰ ਮਹਾਂ ਸਿੰਘ ਕੋਲ ਸਤਿਗੁਰੂ ਜੀ ਪਹੁੰਚੇ ਤਾਂ ਕੀ ਵੇਖਦੇ ਹਨ, ਉਸ ਦੇ ਪ੍ਰਾਣ ਅਜੇ ਚੱਲ ਰਹੇ ਹਨ। ਗੁਰੂ ਜੀ ਨੇ ਉਸ ਦਾ ਸਿਰ ਵੀ ਆਪਣੀ ਗੋਦ ਵਿਚ ਲਿਆ, ਮੂੰਹ ਵਿਚ ਪਾਣੀ ਪਾਇਆ ਤਾਂ ਉਸ ਨੂੰ ਰਤਾ ਸੁਰਤ ਆਈ। ਤਦ ਗੁਰੂ ਜੀ ਨੇ ਉਸ ਦੇ ਮਸਤਕ 'ਤੇ ਹੱਥ ਫੇਰਿਆ ਤੇ ਅਸੀਸਾਂ ਦਿੰਦਿਆਂ, ਉਸ ਦਾ ਨਾਮ ਪੁਕਾਰਿਆ। ਗੁਰੂ ਜੀ ਨੇ ਅਨੰਤ ਮੇਹਰ ਵਿਚ ਆ ਕੇ ਬਚਨ ਕੀਤਾ- "ਮਹਾਂ ਸਿੰਘ ਜੀ! ਕੁਝ ਮੰਗ ਲਵੋ, ਅੱਜ ਜੋ ਕੁਝ ਮੰਗੋਗੇ, ਮਿਲੇਗਾ!!" ਮਹਾਂ ਸਿੰਘ ਅੱਗੋਂ ਅਤਿ ਮਸੂਮ ਸ਼ੁਕਰਾਨੇ ਵਿਚ ਡੁਬ-ਡੁਬਾਉਂਦੀਆਂ ਅੱਖਾਂ ਨਾਲ ਬੋਲਿਆ- "ਸੱਚੇ ਪਾਤਸ਼ਾਹ! ਜੇ ਤੁੱਠੇ ਹੋ ਤਾਂ ਸਾਡਾ ਲਿਖਿਆ ਬੇਦਾਵਾ ਪਾੜ ਦਿਓ!!" ਸਤਿਗੁਰੂ ਜੀ ਨੇ ਕਿਹਾ- "ਮਹਾਂ ਸਿੰਘ ਜੀ! ਕੁਝ ਹੋਰ ਵੀ ਮੰਗ ਲਓ!!" ਮਹਾਂ ਸਿੰਘ ਬੋਲੇ- "ਦਾਤਾਰ ਪਾਤਸ਼ਾਹ! ਬੱਸ ਟੁੱਟੀ ਗੰਢ ਦਿਉ!!" ਸਤਿਗੁਰਾਂ ਨੇ ਕਮਰਕੱਸੇ ਵਿਚ ਸਾਂਭਿਆ ਬੇਦਾਵਾ ਕੱਢਿਆ; ਪਾੜ ਕੇ ਉਸ ਦੇ ਪੁਰਜ਼ੇ ਹਵਾ ਵਿਚ ਉਡਾ ਦਿੱਤੇ। ਮਹਾਂ ਸਿੰਘ ਨੇ ਸ਼ੁਕਰਾਨੇ ਵਿਚ ਸਤਿਗੁਰਾਂ ਦੇ ਚਰਨ ਚੁੰਮ ਲਏ ਤੇ ਫਿਰ ਆਪਣੇ ਮੇਹਰਬਾਨ ਸਤਿਗੁਰੂ ਦੀ ਗੋਦ ਵਿਚ ਹੀ ਪ੍ਰਾਣ ਤਿਆਗ ਗਿਆ। ਸਤਿਗੁਰਾਂ ਨੇ ਮਹਾਂ ਸਿੰਘ ਦੇ ਸਮੱਸਤ ਸ਼ਹੀਦ ਜਥੇ ਨੂੰ ਮੁਕਤਿਆਂ ਦਾ ਖ਼ਿਤਾਬ ਦਿੱਤਾ।

*- ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥*
*ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ॥...*
*ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੦)*

*- ਮੁਕਤੇ ਸੇਵੇ ਮੁਕਤਾ ਹੋਵੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬)*

## ਹਵਾਲੇ:

*੧. ਇਨ੍ਹਾਂ ਚਾਲੀ ਮੁਕਤਿਆਂ ਦੇ ਨਾਮ ਇਹ ਸਨ:*

*ਸਹਜ ਸਿੰਘ, ਸਰਦੂਲ ਸਿੰਘ, ਸਰੂਪ ਸਿੰਘ, ਸਾਹਿਬ ਸਿੰਘ, ਸੁਜਾਨ ਸਿੰਘ, ਸ਼ੇਰ ਸਿੰਘ, ਸੇਵਾ ਸਿੰਘ, ਸੰਗੋ ਸਿੰਘ, ਸੰਤ ਸਿੰਘ, ਹਰਦਾਸ ਸਿੰਘ, ਹਿਮੰਤ ਸਿੰਘ, ਕਰਮ ਸਿੰਘ, ਪਾਲ ਸਿੰਘ, ਖੜਗ ਸਿੰਘ, ਗੁਰਦਾਸ ਸਿੰਘ, ਗੁਰਦਿੱਤ ਸਿੰਘ, ਗੁਲਾਬ ਸਿੰਘ, ਗੰਗਾ ਸਿੰਘ, ਗੰਡਾ ਸਿੰਘ, ਚੜ੍ਹਤ ਸਿੰਘ, ਜਵਾਹਰ ਸਿੰਘ, ਜੈਮਲ ਸਿੰਘ, ਜ੍ਵਾਲਾ ਸਿੰਘ, ਝੰਡਾ ਸਿੰਘ, ਟੇਕ ਸਿੰਘ, ਠਾਕੁਰ ਸਿੰਘ, ਤ੍ਰਿਲੋਕ ਸਿੰਘ, ਦਯਾਲ ਸਿੰਘ, ਦਾਮੋਦਰ ਸਿੰਘ, ਨਰਾਯਣ ਸਿੰਘ, ਨਿਹਾਲ ਸਿੰਘ ਸਿੰਘ, ਪੰਜਾਬ ਸਿੰਘ, ਪ੍ਰੇਮ ਸਿੰਘ, ਬਸਾਵਾ ਸਿੰਘ, ਬਿਸਨ ਸਿੰਘ, ਭਗਵਾਨ ਸਿੰਘ, ਮਤਾਬ ਸਿੰਘ, ਮੁਹਕਮ ਸਿੰਘ, ਰਣਜੀਤ ਸਿੰਘ, ਰਤਨ ਸਿੰਘ।*

*੨. ਇਨ੍ਹਾਂ ੪੦ ਸ਼ਹੀਦਾਂ ਦੇ ਨਾਮ ਇਹ ਸਨ:*

*ਸਮੀਰ ਸਿੰਘ, ਸਰਜਾ ਸਿੰਘ, ਸਾਧੂ ਸਿੰਘ, ਸੁਹੇਲ ਸਿੰਘ, ਸੁਲਤਾਨ ਸਿੰਘ, ਸੋਭਾ ਸਿੰਘ, ਸੰਤ ਸਿੰਘ, ਹਰਸਾ ਸਿੰਘ, ਹਰੀ ਸਿੰਘ, ਕਰਨ ਸਿੰਘ, ਕਰਮ ਸਿੰਘ, ਕਾਲ੍ਹਾ ਸਿੰਘ, ਕੀਰਤਿ ਸਿੰਘ, ਕ੍ਰਿਪਾਲ ਸਿੰਘ, ਖੁਸ਼ਾਲ ਸਿੰਘ, ਗੁਲਾਬ ਸਿੰਘ, ਗੰਗਾ ਸਿੰਘ, ਗੰਡਾ ਸਿੰਘ, ਘਰਬਾਰਾ ਸਿੰਘ, ਚੰਬਾ ਸਿੰਘ, ਜਾਦੋ ਸਿੰਘ, ਜੋਗਾ ਸਿੰਘ, ਜੰਗ ਸਿੰਘ, ਦਯਾਲ ਸਿੰਘ, ਦਰਬਾਰਾ ਸਿੰਘ, ਦਿਲਬਾਗ ਸਿੰਘ, ਧਰਮ ਸਿੰਘ, ਧੰਨਾ ਸਿੰਘ, ਨਿਹਾਲ ਸਿੰਘ, ਨਿਧਾਨ ਸਿੰਘ, ਬੂੜ ਸਿੰਘ, ਭਾਗ ਸਿੰਘ, ਭੋਲਾ ਸਿੰਘ, ਭੰਗਾ ਸਿੰਘ, ਮਹਾ ਸਿੰਘ, ਮੱਜਾ ਸਿੰਘ, ਮਾਨ ਸਿੰਘ, ਮੈਯਾ ਸਿੰਘ, ਰਾਇ ਸਿੰਘ, ਲਛਮਣ ਸਿੰਘ। ? (ਭਾਈ ਕਾਨ੍ਹ ਸਿੰਘ ਨਾਭਾ: ਮਹਾਨ ਕੋਸ਼)*

■

# ਗੁਰਦੁਆਰਾ ਪਾਤਸ਼ਾਹੀ ਦਸਵੀਂ, ਰਾਇਪੁਰ ਰਾਣੀ

*-ਡਾ. ਪਰਮਵੀਰ ਸਿੰਘ**

ਰਾਇਪੁਰ ਰਾਣੀ ਹਰਿਆਣਾ ਦੇ ਪੰਚਕੂਲਾ ਜ਼ਿਲ੍ਹੇ ਵਿਚ ਸਥਿਤ ਇਕ ਨਗਰ ਹੈ ਜਿਹੜਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਕ ਛੋਟੀ ਜਿਹੀ ਰਿਆਸਤ ਦੇ ਰੂਪ ਵਿਚ ਮੌਜੂਦ ਸੀ। ਇੱਥੋਂ ਦੇ ਰਾਉ ਫ਼ਤਿਹ ਸਿੰਘ ਦੀ ਵਿਧਵਾ ਰਾਣੀ ਇਸ ਦਾ ਪ੍ਰਬੰਧ ਕਰਦੀ ਸੀ। ਜਦੋਂ ਗੁਰੂ ਜੀ ਪਾਉਂਟਾ ਸਾਹਿਬ ਤੋਂ ਟੋਕਾ ਪਿੰਡ ਵਿੱਚੋਂ ਹੁੰਦੇ ਹੋਏ ਅਨੰਦਪੁਰ ਸਾਹਿਬ ਵਾਪਸ ਜਾ ਰਹੇ ਸਨ ਤਾਂ ਉਨ੍ਹਾਂ ਨੇ ਮਾਣਕ ਟਾਬਰਾ ਵਿਖੇ ਪੜਾਉ ਕੀਤਾ ਸੀ ਜਿਹੜਾ ਕਿ ਰਾਇਪੁਰ ਰਾਣੀ ਤੋਂ ਲਗਪਗ ੪ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਰਾਇਪੁਰ ਦੀ ਰਾਣੀ ਇੱਥੇ ਹੀ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਈ ਸੀ ਅਤੇ ਉਨ੍ਹਾਂ ਨੂੰ ਆਪਣੇ ਮਹਿਲਾਂ ਵਿਚ ਚਰਨ ਪਾਉਣ ਦੀ ਬੇਨਤੀ ਕੀਤੀ ਸੀ। ਰਾਣੀ ਦੀ ਬੇਨਤੀ ਮੰਨ ਕੇ ਗੁਰੂ ਜੀ ਨੇ ਉਸ ਦੇ ਕਿਲ੍ਹੇ ਵਿਚ ਚਰਨ ਪਾਏ ਸਨ।

ਗੁਰੂ ਜੀ ਦੇ ਰਾਇਪੁਰ ਵਿਖੇ ਰਾਣੀ ਦੇ ਕਿਲ੍ਹੇ ਵਿਚ ਜਾਣ ਦੀ ਇਕ ਹੋਰ ਸਾਖੀ ਵੀ ਪ੍ਰਚਲਿਤ ਹੈ। ਕਿਹਾ ਜਾਂਦਾ ਹੈ ਕਿ ਗੁਰੂ ਜੀ ਟੋਕਾ ਸਾਹਿਬ ਦੇ ਅਸਥਾਨ 'ਤੇ ਤੇਰਾਂ ਦਿਨ ਨਿਵਾਸ ਕਰਨ ਉਪਰੰਤ ਅਨੰਦਪੁਰ ਸਾਹਿਬ ਨੂੰ ਜਾਂਦੇ ਹੋਏ ਰਾਉ ਫ਼ਤਿਹ ਸਿੰਘ ਦੇ ਕਿਲ੍ਹੇ ਵਿਚ ਗਏ ਸਨ ਪਰ ਉਨ੍ਹਾਂ ਨੂੰ ਇਹ ਕਹਿ ਕੇ ਉੱਥੇ ਨਿਵਾਸ ਨਹੀਂ ਕਰਨ ਦਿੱਤਾ ਗਿਆ ਕਿਉਂਕਿ ਸਢੌਰੇ ਦੇ ਪਠਾਣ ਗੁਰੂ ਜੀ ਦੇ ਪਿੱਛੇ ਲੱਗੇ ਹੋਏ ਸਨ। ਰਾਇਪੁਰ ਦਾ ਰਾਉ ਬਹੁਤਾ ਸ਼ਕਤੀਸ਼ਾਲੀ ਨਹੀਂ ਸੀ ਅਤੇ ਉਹ ਸਮੇਂ ਦੀ ਹਕੂਮਤ ਨਾਲ ਸੰਬੰਧਿਤ ਪਠਾਣਾਂ ਨਾਲ ਦੁਸ਼ਮਣੀ ਨਹੀਂ ਲੈਣਾ ਚਾਹੁੰਦਾ ਸੀ ਜਿਨ੍ਹਾਂ ਤੋਂ ਡਰ ਕੇ ਉਸ ਨੇ ਗੁਰੂ ਜੀ ਨੂੰ ਆਪੇ ਕਿਲ੍ਹੇ ਵਿਚ ਨਿਵਾਸ ਕਰਨ ਦੀ ਮਨਾਹੀ ਕਰ ਦਿੱਤੀ ਸੀ। ਗੁਰੂ ਜੀ ਅੱਗੇ ਮਾਣਕ ਟਾਬਰਾ ਵਿਖੇ ਚਲੇ ਗਏ ਸਨ। ਪਿੱਛਾ ਕਰ ਰਹੇ ਪਠਾਣਾਂ ਨੇ ਫਿਰ ਵੀ ਰਾਉ ਫ਼ਤਿਹ ਸਿੰਘ ਦਾ ਕਤਲ ਕਰ ਦਿੱਤਾ ਸੀ ਅਤੇ ਰਾਣੀ ਵਿਧਵਾ ਹੋ ਗਈ ਸੀ। ਆਪਣੀ ਗ਼ਲਤੀ ਦਾ ਅਹਿਸਾਸ ਕਰਦੇ ਹੋਏ ਰਾਣੀ ਗੁਰੂ ਜੀ ਤੋਂ ਮਾਫ਼ੀ ਮੰਗਣ ਮਾਣਕ ਟਾਬਰਾ ਗਈ ਸੀ ਅਤੇ ਗੁਰੂ ਜੀ ਨੇ ਉਸ ਨੂੰ ਮਾਫ਼ ਕਰਦੇ ਹੋਏ ਉਸ ਦੇ ਕਿਲ੍ਹੇ ਵਿਚ ਚਰਨ ਪਾਉਣ ਦੀ ਉਸ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ ਸੀ। ਇੱਥੇ ਇਕ ਗੱਲ ਵਿਚਾਰਨ ਵਾਲੀ ਹੈ ਕਿ ਪਾਉਂਟਾ ਸਾਹਿਬ ਤੋਂ ਗੁਰੂ ਜੀ ਆਪਣੇ ਸਿੰਘਾਂ ਨਾਲ ਚੱਲ ਰਹੇ ਸਨ ਅਤੇ ਰਾਹ ਵਿਚ ਕਈ ਪਿੰਡ ਅਜਿਹੇ ਸਨ ਜਿੱਥੇ ਮੁਸਲਮਾਨਾਂ ਦਾ ਜ਼ੋਰ ਸੀ। ਇਨ੍ਹਾਂ ਵਿਚੋਂ ਟੋਕਾ ਸਾਹਿਬ ਇਕ ਅਜਿਹਾ ਪਿੰਡ ਸੀ ਜਿੱਥੇ ਰੰਘੜ ਹੀ ਵੱਸਦੇ ਸਨ ਜਿਨ੍ਹਾਂ ਨੇ ਗੁਰੂ ਜੀ ਦੇ ਲਸ਼ਕਰ ਵਿੱਚੋਂ ਦੋ ਊਠ ਵੀ ਚੋਰੀ ਕਰ ਲਏ ਸਨ। ਗੁਰੂ ਜੀ ਦੇ ਸਿੱਖਾਂ ਨੂੰ ਜਦੋਂ ਰੰਘੜਾਂ ਦੀ ਇਸ ਚੋਰੀ ਦਾ ਪਤਾ ਲੱਗਿਆ ਤਾਂ ਸਿੱਖਾਂ ਨੇ ਆਪਣੀ ਤਾਕਤ ਨਾਲ ਉਨ੍ਹਾਂ ਤੋਂ ਊਠ ਵਾਪਸ ਲੈ ਲਏ ਸਨ। ਗੁਰੂ ਜੀ

** ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੨; ਮੋ. ੯੮੭੨੦-੭੪੩੨੨*

ਦੇ ਪਾਉਂਟਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਤਕ ਅਜਿਹੀ ਕਿਸੇ ਹੋਰ ਘਟਨਾ ਦਾ ਜ਼ਿਕਰ ਨਹੀਂ ਮਿਲਦਾ ਜਿਸ ਵਿਚ ਪਠਾਣਾਂ ਜਾਂ ਮੁਗ਼ਲ ਸਿਪਾਹੀਆਂ ਦੀ ਕੋਈ ਟੁੱਕੜੀ ਗੁਰੂ ਜੀ ਦਾ ਪਿੱਛਾ ਕਰ ਰਹੀ ਸੀ। ਦੂਜੀ ਮਹੱਤਵਪੂਰਨ ਗੱਲ ਇਹ ਹੈ ਕਿ ਭੰਗਾਣੀ ਸਾਹਿਬ ਵਿਖੇ ਗੁਰੂ ਜੀ ਦਾ ਯੁੱਧ ਹਿੰਦੂ ਪਹਾੜੀ ਰਾਜਿਆਂ ਨਾਲ ਸੀ ਨਾ ਕਿ ਹਕੂਮਤ ਨਾਲ ਅਤੇ ਨਾ ਹੀ ਮੁਗ਼ਲ ਫ਼ੌਜ ਵਿੱਚੋਂ ਕੱਢੇ ਗਏ ਪਠਾਣਾਂ ਦੇ ਸਕੇ-ਸੰਬੰਧੀ ਇੰਨੀ ਤਾਕਤ ਰੱਖਦੇ ਸਨ ਕਿ ਗੁਰੂ ਜੀ ਦਾ ਪਿੱਛਾ ਕਰ ਕੇ ਉਨ੍ਹਾਂ ਨੂੰ ਕੋਈ ਨੁਕਸਾਨ ਪਹੁੰਚਾ ਸਕਦੇ ਜਾਂ ਮੁਗਲ ਰਿਆਸਤ ਵਿਚ ਪੈਂਦੇ ਕਿਸੇ ਰਾਉ ਦਾ ਇਸ ਕਰਕੇ ਕਤਲ ਕਰ ਸਕਦੇ ਕਿ ਉਨ੍ਹਾਂ ਨੇ ਗੁਰੂ ਜੀ ਨੂੰ ਨਿਵਾਸ ਕਰਨ ਲਈ ਜਗ੍ਹਾ ਦਿੱਤੀ ਹੈ।

ਭਾਈ ਧੰਨਾ ਸਿੰਘ ਅਤੇ ਪਰਦੁਮਨ ਸਿੰਘ ਬੱਦੋਂ ਨੇ ਪਠਾਣਾਂ ਹੱਥੋਂ ਰਾਉ ਦੇ ਕਤਲ ਦੀ ਗੱਲ ਕਹੀ ਹੈ ਪਰ ਬੱਦੋਂ ਜੀ ਦੁਆਰਾ ਗੁਰਦੁਆਰਿਆਂ ਦਾ ਕੀਤਾ ਗਿਆ ਸਰਵੇਖਣ ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਦਰਜ ਕੀਤਾ ਹੈ। ਭਾਈ ਸਾਹਿਬ ਨੇ ਇਹ ਤਾਂ ਦਰਜ ਕੀਤਾ ਹੈ ਕਿ ਪੜੋਸੀ ਪਠਾਣਾਂ ਤੋਂ ਡਰਦੇ ਹੋਏ ਰਾਉ ਫ਼ਤਿਹ ਸਿੰਘ ਨੇ ਗੁਰੂ ਜੀ ਨੂੰ ਠਹਿਰਨ ਨਹੀਂ ਦਿੱਤਾ ਸੀ ਪਰ ਇਹ ਗੱਲ ਨਹੀਂ ਲਿਖੀ ਕਿ ਪਠਾਣਾਂ ਨੇ ਰਾਉ ਦਾ ਕਤਲ ਕਰ ਦਿੱਤਾ ਸੀ। ਭਾਈ ਸੰਤੋਖ ਸਿੰਘ ਅਤੇ ਗਿਆਨੀ ਗਿਆਨ ਸਿੰਘ ਨੇ ਵੀ ਰਾਉ ਦੇ ਕਤਲ ਸੰਬੰਧੀ ਕਿਸੇ ਘਟਨਾ ਦਾ ਕੋਈ ਜ਼ਿਕਰ ਨਹੀਂ ਕੀਤਾ। ਗੁਰੂ ਜੀ ਦੇ ਰਾਇਪੁਰ ਵਿਖੇ ਰਾਣੀ ਦੇ ਕਿਲ੍ਹੇ ਵਿਚ ਨਿਵਾਸ ਬਾਰੇ ਪੰਡਿਤ ਤਾਰਾ ਸਿੰਘ ਨਰੋਤਮ ਲਿਖਦੇ ਹਨ ਕਿ, "ਰਾਣੀ ਨੇ ਬਹੁਤ ਸੇਵਾ ਕਰੀ ਥਾਨ ਪਵਿਤ੍ਰ ਕਰਾਵਣੇ ਹੇਤ ਗੁਰੂ ਜੀ ਕੋ... ਲੇ ਗਈ। ਗੁਰੂ ਜੀ ਨੇ ਪ੍ਰਸੰਨ ਹੋ ਕਰ ਢਾਲ ਤਲਵਾਰ ਬਖ਼ਸ਼ੇ।"

ਭਾਈ ਸੰਤੋਖ ਸਿੰਘ ਦੱਸਦੇ ਹਨ ਕਿ ਜਦੋਂ ਗੁਰੂ ਜੀ ਰਾਣੀ ਦੇ ਕਿਲ੍ਹੇ ਵਿਚ ਪ੍ਰਵੇਸ਼ ਕੀਤੇ ਤਾਂ ਰਾਣੀ ਦੇ ਮਨ ਵਿਚ ਗੁਰੂ ਜੀ ਲਈ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਪੈਦਾ ਹੋਇਆ। ਉਸ ਨੇ ਆਪਣੇ ਹੱਥੀਂ ਤਿਆਰ ਕੀਤੇ ਪਕਵਾਨ ਗੁਰੂ ਜੀ ਨੂੰ ਪਰੋਸੇ ਜਿਨ੍ਹਾਂ ਦਾ ਸੇਵਨ ਕਰਕੇ ਗੁਰੂ ਜੀ ਬਹੁਤ ਅਨੰਦ ਵਿਚ ਆ ਗਏ ਸਨ। ਰਾਣੀ ਨੇ ਗੁਰੂ ਜੀ ਨੂੰ ਧਨ ਦੀ ਥੈਲੀ ਭੇਟ ਕਰਦੇ ਹੋਏ ਆਪਣੇ ਪੁੱਤਰ ਨੂੰ ਫੜ ਕੇ ਗੁਰੂ ਜੀ ਦੇ ਚਰਨੀਂ ਲਾਇਆ। ਗੁਰੂ ਜੀ ਨੇ ਪ੍ਰਸੰਨ ਹੋ ਕੇ ਰਾਣੀ ਨੂੰ ਕਿਹਾ ਕਿ ਇਸ ਦੇ ਕੇਸ ਰੱਖੋ ਅਤੇ ਸ਼ਸਤਰ ਵਿੱਦਿਆ ਵਿਚ ਨਿਪੁੰਨ ਕਰੋ:

*ਪਾਤੀ ਲੇ ਕਰਿ ਦਰਬ ਕੀ ਗੁਰ ਧਰਿ ਅਗੁਵਾਏ।*
*ਪੁਨ ਨੰਦਨ ਕੋ ਹਾਥ ਗਹਿ ਚਰਨਨ ਪਰ ਪਾਏ।*
*ਹੁਇ ਪ੍ਰਸੰਨ ਸ੍ਰੀ ਪ੍ਰਭੁ ਕਹਯੋ 'ਸਿਰ ਕੇਸ ਰਖੀਜੈ।*
*ਆਯੁਧ ਬਿਦਯਾ ਕੇ ਬਿਖੈ ਸੁਤ ਨਿਪੁਨ ਕਰੀਜੈ'॥*

ਬਾਬਾ ਸੁਮੇਰ ਸਿੰਘ ਦੱਸਦੇ ਹਨ ਕਿ ਪੁੱਤਰ ਨੂੰ ਅਸ਼ੀਰਵਾਦ ਦੇਣ ਉਪਰੰਤ ਗੁਰੂ ਜੀ ਨੇ ਰਾਣੀ ਨੂੰ ਇਕ ਢਾਲ ਅਤੇ ਸ੍ਰੀ ਸਾਹਿਬ ਬਖ਼ਸ਼ਿਸ਼ ਕੀਤੇ ਸਨ:

*ਦਈ ਢਾਰ ਤਰਵਾਰ ਕਹੀ ਜਬ ਰਾਜ ਖਾਲਸਾ ਕੈ ਹੈ।*

*ਤਬ ਤੇਰੀ ਸੰਤਾਨ ਸੁ ਰਾਨੀ ਅਤਿ ਮਰਾਤਿਬੋ ਪੈ ਹੈ।*

ਭਾਵੇਂ ਕਿ ਗੁਰੂ ਜੀ ਦੁਆਰਾ ਬਖ਼ਸ਼ਿਸ਼ ਕੀਤੀਆਂ ਇਹ ਨਿਸ਼ਾਨੀਆਂ ਕਿਤੇ ਨਜ਼ਰ ਨਹੀਂ ਆਉਂਦੀਆਂ ਪਰ ਕਿਲ੍ਹੇ ਦੇ ਅੰਦਰ ਮੁੱਖ ਦਰਵਾਜ਼ੇ ਦੇ ਸਾਹਮਣੇ ਉਹ ਤ੍ਰਿਵੇਣੀ ਰੁੱਖ (ਨਿੰਮ, ਪਿੱਪਲ ਅਤੇ ਬੋਹੜ) ਹਾਲੇ ਵੀ ਕਾਇਮ ਹਨ ਜਿੱਥੇ ਗੁਰੂ ਜੀ ਬੈਠੇ ਸਨ। ਰੁੱਖਾਂ ਦੇ ਹੇਠਾਂ ਹੀ ਗੁਰੂ ਜੀ ਦੇ ਦਰਸ਼ਨ ਅਸਥਾਨ ’ਤੇ ਇਕ ਪੁਰਾਤਨ ਮੰਜੀ ਸਾਹਿਬ ਬਣਿਆ ਹੋਇਆ ਹੈ ਜਿਸ ਦੇ ਆਲੇ-ਦੁਆਲੇ ਇਕ ਛੋਟਾ ਜਿਹਾ ਕਮਰਾ ਉਸਾਰਿਆ ਹੋਇਆ ਹੈ। ਇਹ ਅਸਥਾਨ ਰੁੱਖਾਂ ਦੇ ਹੇਠਾਂ ਵਿਦਮਾਨ ਹੈ ਪਰ ਉਨ੍ਹਾਂ ਦੇ ਮਾਰੂ ਪ੍ਰਭਾਵ ਤੋਂ ਬਚਿਆ ਹੋਇਆ ਹੈ।

ਮੌਜੂਦਾ ਸਮੇਂ ਵਿਚ ਕਿਲ੍ਹੇ ਦੇ ਅੰਦਰ ਰਾਉ ਦੇ ਖ਼ਾਨਦਾਨ ਦਾ ਕੋਈ ਵੀ ਵਿਅਕਤੀ ਨਹੀਂ ਰਹਿੰਦਾ ਬਲਕਿ ਇਕ ਚੌਕੀਦਾਰ ਖੰਡਰ ਬਣ ਚੁੱਕੇ ਕਿਲ੍ਹੇ ਦੀ ਰਾਖੀ ਲਈ ਨਿਯੁਕਤ ਕੀਤਾ ਹੋਇਆ ਹੈ। ਗੁਰਦੁਆਰਾ ਸਾਹਿਬ ਦੀ ਸਾਂਭ-ਸੰਭਾਲ ਭਾਈ ਧਰਮ ਸਿੰਘ ਕਰਦੇ ਹਨ। ਇਹ ਇਕ ਨੇੜ੍ਹਲੇ ਪਿੰਡ ਸ਼ਾਹਪੁਰ ਦੇ ਵਸਨੀਕ ਹਨ। ਇਨ੍ਹਾਂ ਨੇ ਦੱਸਿਆ ਕਿ ਇਨ੍ਹਾਂ ਦੀ ਉਮਰ ੬੫ ਸਾਲ ਹੈ ਅਤੇ ਪਿਛਲੇ ਲਗਪਗ ੪੫ ਸਾਲ ਤੋਂ ਇੱਥੇ ਸੇਵਾ ਕਰ ਰਹੇ ਹਨ। ਇਹ ਆਪਣੇ ਆਪ ਨੂੰ ਲੱਖੀ ਸ਼ਾਹ ਵਣਜਾਰਾ ਦੇ ਖ਼ਾਨਦਾਨ ਨਾਲ ਸੰਬੰਧਿਤ ਦੱਸਦੇ ਹਨ ਅਤੇ ਬੜੇ ਮਾਣ ਨਾਲ ਕਹਿੰਦੇ ਹਨ ਕਿ ਇਨ੍ਹਾਂ ਨੇ ੧੫ ਸਾਲ ਦੀ ਉਮਰ ਵਿਚ ਬੁੱਢਾ ਦਲ ਤੋਂ ਅੰਮ੍ਰਿਤ ਛਕਿਆ ਸੀ। ਜਦੋਂ ੧੭-੧੮ ਸਾਲ ਦੇ ਸਨ ਤਾਂ ਉਸ ਸਮੇਂ ਤੋਂ ਹੀ ਇੱਥੇ ਰੋਜ਼ਾਨਾ ਸੇਵਾ ਕਰਨ ਲਈ ਆਇਆ ਕਰਦੇ ਸਨ। ਇੱਥੇ ਇਕ ਮਾਈ ਸੇਵਾ ਕਰਿਆ ਕਰਦੀ ਸੀ ਅਤੇ ਜਦੋਂ ਇਹ ਮਾਈ ਰੋਜ਼ਾਨਾ ਸੇਵਾ ਕਰਦਿਆਂ ਨੂੰ ਦੇਖਦੀ ਤਾਂ ਬਹੁਤ ਖ਼ੁਸ਼ ਹੁੰਦੀ। ਇਕ ਦਿਨ ਕਹਿਣ ਲੱਗੀ ਕਿ ਇਸ ਅਸਥਾਨ ਦੀ ਸੇਵਾ-ਸੰਭਾਲ ਲਵਾਂ ਨਹੀਂ ਤਾਂ ਗੁਰੂ ਜੀ ਦਾ ਇਹ ਅਸਥਾਨ ਲੁਪਤ ਹੋ ਜਾਵੇਗਾ। ਮਾਤਾ ਜੀ ਤੋਂ ਹੀ ਇੱਥੇ ਸੇਵਾ ਕਰਨ ਦਾ ਮੌਕਾ ਮਿਲਿਆ ਅਤੇ ਇਹ ਕਾਰਜ ਨਿਰੰਤਰ ਅਤੇ ਨਿਰਵਿਘਨ ਜਾਰੀ ਹੈ। ਮਾਤਾ ਜੀ ੯੦ ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ ਸਨ ਪਰ ਪਰਮਾਤਮਾ ਦੀ ਬਖ਼ਸ਼ਿਸ਼ ਸਦਕਾ ਗੁਰੂ ਦੇ ਕਾਰਜ ਵਿਚ ਕਦੇ ਰੁਕਾਵਟ ਨਹੀਂ ਆਈ। ਆਲੇ-ਦੁਆਲੇ ਦੇ ਪਿੰਡਾਂ ਦੀ ਸੰਗਤ ਇੱਥੇ ਹਾਜ਼ਰੀ ਭਰਦੀ ਹੈ। ਗੁਰਪੁਰਬ ਮਨਾਏ ਜਾਂਦੇ ਹਨ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਵੱਡੀ ਗਿਣਤੀ ਵਿਚ ਸੰਗਤ ਹਾਜ਼ਰੀ ਭਰਦੀ ਹੈ।

ਭਾਈ ਧਰਮ ਸਿੰਘ ਨੇ ਦੱਸਿਆ ਕਿ ਇੱਥੇ ਕੋਈ ਕਮੇਟੀ ਨਹੀਂ ਹੈ ਅਤੇ ਉਹ ਇਕੱਲੇ ਹੀ ਇੱਥੇ ਸੇਵਾ-ਸੰਭਾਲ ਕਰਦੇ ਹਨ, ਦਰਸ਼ਨ ਕਰਨ ਲਈ ਆਉਣ ਵਾਲੀ ਸੰਗਤ ਸਹਿਯੋਗ ਕਰਦੀ ਹੈ। ਉਹਨਾਂ ’ਤੇ ਪਰਮਾਤਮਾ ਦੀ ਬਖ਼ਸ਼ਿਸ਼ ਹੋਈ ਹੈ ਅਤੇ ਉਹ ਗੁਰੂ-ਘਰ ਦੀ ਸੇਵਾ ਕਰਨ ਲੱਗੇ ਹਨ। ਕੱਲ੍ਹ ਨੂੰ ਕੋਈ ਹੋਰ ਇਹ ਸੇਵਾ ਕਰੇਗਾ ਅਤੇ ਇਹ ਸੇਵਾ ਇਸੇ ਤਰ੍ਹਾਂ ਸਦੀਵ ਕਾਲ ਤਕ ਚੱਲਦੀ ਰਹਿਣੀ ਹੈ:

*ਬਾਬੇ ਨਾਨਕ ਦਾ ਥੜ੍ਹਾ,*
*ਇਕ ਗਿਆ ਦੂਜਾ ਆਨ ਖੜ੍ਹਾ।*

ਦਸੰਬਰ ੨੦੨੪ ਦਾ ਬਾਕੀ:

# ਇਤਿਹਾਸ ਸਿੱਖ ਰਹਿਤ ਮਰਯਾਦਾ
# (ਰਹਿਤਨਾਮਿਆਂ ਤੋਂ ਸਿੱਖ ਰਹਿਤ ਮਰਯਾਦਾ ਤਕ ਦਾ ਸਫ਼ਰ)

*-ਸ. ਗੁਰਚਰਨਜੀਤ ਸਿੰਘ ਲਾਂਬਾ**

## ਅਪ੍ਰੈਲ, ੧੯੩੧

ਰਹੁ-ਰੀਤ ਸਬ-ਕਮੇਟੀ ਵੱਲੋਂ ਬੜੀ ਮਿਹਨਤ ਕਰ ਕੇ ਸਿੱਖ ਰਹਿਤ ਮਰਯਾਦਾ ਦਾ ਵਿਸਤ੍ਰਿਤ ਖਰੜਾ ਤਿਆਰ ਕੀਤਾ। ਇਸ ਨੂੰ ਪ੍ਰੋਫੈਸਰ ਤੇਜਾ ਸਿੰਘ ਜੀ ਐਮ.ਏ., ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਨੇ ਤਿਆਰ ਕੀਤਾ। ਇਸ ਖਰੜੇ ਨੂੰ ਵੱਧ ਤੋਂ ਵੱਧ ਹੱਥਾਂ ਵਿਚ ਪਹੁੰਚਾਉਣ ਲਈ ਅਪ੍ਰੈਲ ੧੯੩੧ ਦੇ 'ਗੁਰਦੁਆਰਾ ਗਜ਼ਟ' ਦੀ ਜਿਲਦ ਨੰਬਰ ੩ ਲਾਹੌਰ ਵਿਚ ਛਾਪ ਕੇ ਸੰਗਤਾਂ ਦੀਆਂ ਰਾਵਾਂ ਲੈਣ ਲਈ ਵੰਡਿਆ ਗਿਆ। "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਗਜ਼ਟ ਆਮ ਤੌਰ 'ਤੇ ਸ੍ਰੀ ਅੰਮ੍ਰਿਤਸਰ ਛਪਦਾ ਸੀ ਪਰ ੧੯੩੧ ਵਿਚ ਪ੍ਰੈੱਸ ਆਰਡੀਨੈਂਸ ਜਾਰੀ ਹੋ ਜਾਣ ਕਾਰਨ ਲਗਾਤਾਰ ਅੱਠ ਮਹੀਨੇ ਇਹ ਗਜ਼ਟ ਨਹੀਂ ਛਪ ਸਕਿਆ। ਇਸ ਦੇ ਬਾਅਦ ਇਹ ਪਾਬੰਦੀ ਸਮਾਪਤ ਤਾਂ ਹੋ ਗਈ ਪਰ ਓਂਅਕਾਰ ਪ੍ਰੈਸ ਜਿਸ ਵਿਚ ਇਹ ਛਪਦਾ ਸੀ, ਉਸ ਕੋਲੋਂ ਸਰਕਾਰ ਨੇ ਫ਼ਿਰ ਜ਼ਮਾਨਤ ਮੰਗ ਲਈ। ਇਸ ਲਈ ਇਹ ਗਜ਼ਟ ਲਾਹੌਰ ਵਿਚ ਛਾਪਿਆ ਗਿਆ।

ਇਸ ਖਰੜੇ ਨੂੰ ਵਿਸਥਾਰ ਸਹਿਤ ਗਜ਼ਟ ਵਿਚ ਛਾਪਣ ਦਾ ਮਕਸਦ ਸਪੱਸ਼ਟ ਸੀ ਕਿ ਹਰ ਆਮ-ਖਾਸ ਤਕ ਇਸ ਦੀ ਪਹੁੰਚ ਹੋਵੇ। ਕੋਈ ਇਹ ਨਹੀਂ ਕਹਿ ਸਕਦਾ ਕਿ ਮੈਨੂੰ ਇਸ ਦਾ ਇਲਮ ਨਹੀਂ ਸੀ। ਗਜ਼ਟ ਵਿਚ ਛਪਣ ਦਾ ਮਤਲਬ ਹੁੰਦਾ ਹੈ ਕਿ ਇਹ ਹੁਣ ਜਨਤਕ ਦਸਤਾਵੇਜ਼ ਹੈ ਅਤੇ ਹਰ ਕੋਈ ਇਸ ਬਾਰੇ ਆਪਣੀ ਰਾਇ ਅਤੇ ਵਿਚਾਰ ਪੇਸ਼ ਕਰ ਸਕਦਾ ਹੈ। ਇਹ ਬਹੁਤ ਵੱਡਾ ਕਾਰਜ ਸੀ; ਕਿਉਂ ਇਸ ਨੇ ਸਾਰੇ ਸੰਸਾਰ ਦੇ ਹਰ ਸਿੱਖ ਮਾਈ ਭਾਈ ਨੂੰ ਪ੍ਰਭਾਵਿਤ ਕਰਨਾ ਸੀ ਅਤੇ ਨਾਲ ਹੀ ਇਹ ਇਕ ਕਾਨੂੰਨੀ ਦਸਤਾਵੇਜ਼ ਵੀ ਬਣਨਾ ਸੀ। ਇਸ ਲਈ ਗਜ਼ਟ ਵਿਚ ਇਸ ਨੂੰ ਛਾਪਦਿਆਂ ਇਹ ਬੇਨਤੀ ਵੀ ਕੀਤੀ ਗਈ,

"ਨੋਟ- ਸੰਗਤਾਂ ਦੀ ਸੇਵਾ ਵਿਚ ਇਹ ਪ੍ਰਾਰਥਨਾ ਹੈ ਕਿ ਉਹ ਇਸ ਖਰੜੇ ਨੂੰ ਕੇਵਲ ਤਜਵੀਜ਼ਾਂ ਹੀ ਸਮਝ ਕੇ ਬੜੇ ਗਹੁ ਅਤੇ ਠੰਡੇ ਦਿਲ ਨਾਲ ਵਿਚਾਰਨ ਤੇ ਇਸ ਸੰਬੰਧੀ ਅੰਤਮ ਫੈਸਲੇ ਦੀ ਓਡੀਕ ਰੱਖਣ ਇਸੇ ਨੂੰ ਹੀ ਫੈਸਲਾ ਨਾ ਸਮਝ ਲੈਣ।"

ਜਿਹੜੀ ਬਿਧੀ ਅਤੇ ਜੁਗਤੀ ਖਰੜੇ ਨੂੰ ਤਿਆਰ ਕਰਨ ਅਤੇ ਫਿਰ ਸੰਗਤ ਤਕ ਪਹੁੰਚਾਉਣ ਲਈ 'ਗੁਰਦੁਆਰਾ ਗਜ਼ਟ' ਵਿਚ ਛਾਪਿਆ ਗਿਆ ਉਹ ਆਪਣੇ ਆਪ

** New Jersey. USA. Mo: +1 9736990950 Email: santsipahi@gmail.com*

ਵਿਚ ਇਕ ਅਦੁੱਤੀ ਕਦਮ ਸੀ।

(ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ-ਪੰਨਾ ੩੬੨-੩੬੨)

## ੪-੫ ਅਕਤੂਬਰ, ੧੯੩੧

੪ ਅਕਤੂਬਰ, ੧੯੩੧ ਨੂੰ ਰਹੁ-ਰੀਤ ਸਬ-ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੀ ਇਕੱਤ੍ਰਤਾ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਹੋਈ। ਇਸ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ, ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਲਾਭ ਸਿੰਘ ਜੀ, ਗਿਆਨੀ ਹੀਰਾ ਸਿੰਘ ਦਰਦ ਅਤੇ ਰਹੁ-ਰੀਤ ਸਬ-ਕਮੇਟੀ ਦੇ ਕਨਵੀਨਰ ਪ੍ਰੋ. ਤੇਜਾ ਸਿੰਘ ਜੀ ਹਾਜ਼ਰ ਸਨ।

ਇਹ ਕਾਰਵਾਈ ਸਵੇਰੇ ੧੦:੦੦ ਵਜੇ ਸ਼ੁਰੂ ਕੀਤੀ ਗਈ ਪਰ ਇਸ ਨੂੰ ਆਰਜ਼ੀ ਤੌਰ ’ਤੇ ਸ਼ਾਮ ਲਈ ਮੁਲਤਵੀ ਕਰ ਦਿੱਤਾ ਗਿਆ ਕਿਉਂਕਿ ਇਸ ਸਥਾਨ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਮਾਗਮ ਹੋਣਾ ਸੀ।

ਮੁਲਤਵੀ ਹੋਈ ਇਕੱਤ੍ਰਤਾ ਮੁੜ ਸ਼ਾਮ ਨੂੰ ਸਾਢੇ ਨੌਂ ਵਜੋਂ ਅਰੰਭ ਹੋਈ। ਇਸ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਕਾਲੀ ਕੌਰ ਸਿੰਘ ਜੀ, ਸੰਤ ਮਾਨ ਸਿੰਘ ਜੀ, ਪ੍ਰੋ. ਗੰਗਾ ਸਿੰਘ ਜੀ, ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਲਾਭ ਸਿੰਘ ਜੀ ਅਤੇ ਕਨਵੀਨਰ ਪ੍ਰੋ. ਤੇਜਾ ਸਿੰਘ ਜੀ ਹਾਜ਼ਰ ਸਨ।

ਉਪਰੰਤ ਪ੍ਰੋ. ਤੇਜਾ ਸਿੰਘ ਜੀ ਨੇ ਸਿੱਖ ਰਹਿਤ ਮਰਯਾਦਾ ਦਾ ਤਿਆਰ ਕੀਤਾ ਖਰੜਾ ਪੇਸ਼ ਕੀਤਾ ਅਤੇ ਦੱਸਿਆ ਕਿ ਇਹ ਖਰੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਕਮ ਨਾਲ ਤਿਆਰ ਕਰ ਕੇ ਬਾਹਰ ਤੋਂ ਆਈਆਂ ਰਾਵਾਂ ਦੇ ਆਧਾਰ ’ਤੇ ਇਸ ਦੀ ਤਰਮੀਮ ਕੀਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਇਸ ਨੂੰ ਵਿਚਾਰ ਕੇ ਵੇਖ ਲਿਆ ਜਾਏ, ਜੇਕਰ ਇਸ ਦੇ ਮੁਢਲੇ ਅਸੂਲਾਂ ਉੱਤੇ ਬਹੁਤ ਮਤਭੇਦ ਨਾ ਹੋਵੇ ਤਾਂ ਬਹਿ ਕੇ ਇਸ ਵਿਚ ਤਰਮੀਮਾਂ ਦੱਸੀਆਂ ਜਾਣ, ਅਤੇ ਜੇਕਰ ਮੁਢਲੇ ਅਸੂਲਾਂ ਉੱਤੇ ਬਹੁਤ ਮਤਭੇਦ ਹੋਵੇ ਤਾਂ ਪਹਿਲਾਂ ਮੋਟੇ-ਮੋਟੇ ਅਸੂਲ 'ਤੈਅ ਕੀਤੇ ਜਾਣ, ਜਿਨ੍ਹਾਂ ਅਨੁਸਾਰ ਮੁੜ ਨਵਾਂ ਖਰੜਾ ਤਿਆਰ ਕੀਤਾ ਜਾਵੇ, ਅਤੇ ਉਸ ਦੇ ਤਿਆਰ ਕਰਨ ਲਈ ਰਹੁ-ਰੀਤ ਕਮੇਟੀ ਦੀ ਇਕ ਸਬ-ਕਮੇਟੀ ਉਨ੍ਹਾਂ ਸੱਜਣਾਂ ਦੀ ਬਣਾਈ ਜਾਵੇ ਜੋ ਉਨ੍ਹਾਂ ਤੈਅ ਕੀਤੇ ਹੋਏ ਮੁੱਢਲੇ ਅਸੂਲਾਂ ਦੇ ਹਾਮੀ ਹੋਣ।

ਇਸ ’ਤੇ ਵਿਚਾਰ-ਵਟਾਂਦਰੇ ਦੇ ਬਾਅਦ ਇਹ ਪਾਸ ਹੋਇਆ ਕਿ ਇਸ ਖਰੜੇ ਨੂੰ ਜਿਸ ਵਿਚ ਸਿੱਖ ਰਹਿਣੀ ਨੂੰ ‘ਸ਼ਖਸੀ’ ਅਤੇ ‘ਪੰਥਕ’ ਰਹਿਣੀ ਉੱਤੇ ਵੰਡਿਆ ਹੋਇਆ ਹੈ ਵਿਚਾਰ ਲਈ ਲਿਆ ਜਾਏ ਅਤੇ ਇਸ ਵਿਚ ਯੋਗ ਤਰਮੀਮਾਂ ਕਰ ਕੇ ਪਾਸ ਕੀਤਾ ਜਾਵੇ। ਇਸ ਵਿਚ ਸਹਿਜਧਾਰੀਆਂ ਅਤੇ ਅੰਮ੍ਰਿਤਧਾਰੀਆਂ ਦੋਹਾਂ ਲਈ ਰਹੁਰੀਤ ਭੀ ਆ ਜਾਂਦੀ ਹੈ ਅਰਥਾਤ ਜਿਹੜੇ ਪ੍ਰਾਣੀ ਕਿਸੇ ਕਾਰਨ ਕਰਕੇ ਹਾਲੀ

ਅੰਮ੍ਰਿਤ ਨਹੀਂ ਛਕ ਸਕਦੇ ਉਹ ਸ਼ਖ਼ਸੀ ਰਹਿਣੀ ਉੱਤੇ ਹੀ ਚੱਲਣ ਅਤੇ ਜਿਹੜੇ ਤਿਆਰ-ਬਰ-ਤਿਆਰ ਹੋ ਗੁਰੂ-ਪੰਥ ਦੀ ਜ਼ਿੰਮੇਵਾਰੀ ਵਾਲੀ ਪਦਵੀ ਵਿਚ ਸ਼ਾਮਲ ਹੋਣਾ ਚਾਹੁਣ ਉਹ ਸ਼ਖ਼ਸੀ ਅਤੇ ਪੰਥਕ ਦੋਵੇਂ ਤਰ੍ਹਾਂ ਦੀ ਰਹਿਣੀ ਧਾਰਨ ਕਰਨ। ਪਰ ਮਤ (ਅਰਥਾਤ ਯਕੀਨ) ਸਾਰੇ ਸਿੱਖਾਂ ਦਾ ਇਕ ਹੋਵੇ। ਉਹ ਇਹ ਕਿ-

"ਜੋ ਇਸਤ੍ਰੀ ਪੁਰਸ਼ ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ) ਅਤੇ ਉਨ੍ਹਾਂ ਦੀ ਦੱਸੀ ਸਿਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸਚਾ ਰੱਖਦਾ ਹੋਵੇ, ਉਹ ਸਿੱਖ ਹੈ।"

ਇਸ ਤੋਂ ਬਾਅਦ ਇਹ ਇੱਕਤਰਤਾ ਅਗਲੇ ਦਿਨ ੫ ਅਕਤੂਬਰ ਲਈ ਮੁਲਤਵੀ ਕੀਤੀ ਗਈ। ਪਰ ਹਾਜ਼ਰੀ ਘੱਟ ਹੋਣ ਕਰਕੇ ਕੋਈ ਕਾਰਵਾਈ ਨਾ ਹੋ ਸਕੀ। ਅਲਬੱਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤਰ ਵੱਲੋਂ ਇਹ ਸੂਚਨਾ ਅੰਕਤ ਕੀਤੀ ਗਈ ਕਿ ਰਹੁ-ਰੀਤ ਕਮੇਟੀ ਦਾ ਅਗਲਾ ਸਮਾਗਮ ਛੇਤੀ ਬੁਲਾਇਆ ਜਾਵੇਗਾ ਅਤੇ ਉਸ ਵਿਚ ਖਰੜੇ 'ਤੇ ਵਿਚਾਰ ਹੋ ਕੇ ਪਾਸ ਕੀਤਾ ਜਾਵੇਗਾ। ਫਿਰ ਇਹ ਤਰਮੀਮ ਕੀਤਾ ਖਰੜਾ ਅਖ਼ਬਾਰਾਂ ਵਿਚ ਛਪਵਾ ਕੇ ਰਾਵਾਂ ਮੰਗੀਆਂ ਜਾਣਗੀਆਂ। ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮਾਗਮ ਵਿਚ ਪੇਸ਼ ਹੋ ਕੇ ਪਾਸ ਕੀਤਾ ਜਾਵੇਗਾ।

ਇਸ ਸਾਰੀ ਕਾਰਵਾਈ ਦੀ ਰਿਪੋਰਟ 'ਤੇ ਪ੍ਰੋ. ਤੇਜਾ ਸਿੰਘ ਜੀ, ਕਨਵੀਨਰ ਰਹੁ-ਰੀਤ ਕਮੇਟੀ ਨੇ ਦਸਤਖ਼ਤ ਕੀਤੇ ਅਤੇ ੧ ਨਵੰਬਰ, ੧੯੩੧ ਈ. ਦੀ ਤਾਰੀਖ ਵੀ ਪਾਈ। ਉਪਰੰਤ ਇਹ ਸਾਰੀ ਕਾਰਵਾਈ ਰਿਪੋਰਟ ਗੁਰਦੁਆਰਾ ਗਜ਼ਟ ਦੇ ਨਵੰਬਰ, ੧੯੩੧ ਅੰਕ ਵਿਚ ਛਾਪੀ ਗਈ। (ਗੁਰਦੁਆਰਾ ਗਜ਼ਟ, ਨਵੰਬਰ, ੧੯੩੧)

## ੩ ਜਨਵਰੀ, ੧੯੩੨

ਲਾਭ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਦੀ ਹਾਜ਼ਰੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਰਹੁ-ਰੀਤੀ ਸਬ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦਾ ਸਮਾਗਮ ਹੋਇਆ। ਇਸ ਵਿਚ ਸਿੱਖ ਰਹਿਤ ਮਰਯਾਦਾ ਦਾ ਖਰੜਾ ਬਾਹਰੋਂ ਆਈਆਂ ਰਾਵਾਂ ਦੇ ਆਧਾਰ 'ਤੇ ਤਰਮੀਮ ਕਰ ਕੇ ਪੇਸ਼ ਕੀਤਾ ਗਿਆ। ਇਸ ਇਕੱਤ੍ਰਤਾ ਵਿਚ ਇਹ ਵੀ ਪ੍ਰਵਾਨ ਕੀਤਾ ਗਿਆ ਕਿ ਅਗਲੀ ਇਕੱਤ੍ਰਤਾ ਵਿਚ ਖਰੜੇ 'ਤੇ ਵਿਚਾਰ ਕਰ ਕੇ ਪਾਸ ਕੀਤੇ ਅਤੇ ਇਹ ਤਰਮੀਮ ਕੀਤਾ ਖਰੜਾ ਅਖਬਾਰਾਂ ਵਿਚ ਛਾਪ ਕੇ ਸੰਗਤਾਂ ਦੀਆਂ ਰਾਵਾਂ ਮੰਗੀਆਂ ਜਾਣ।

## ੩੧ ਜਨਵਰੀ, ੧੯੩੨

ਸਿੱਖ ਰਹਿਤ ਮਰਯਾਦਾ ਦੇ ਖਰੜੇ ਤੇ ਵਿਚਾਰ ਲਈ ਰਹੁ-ਰੀਤ ਸਬ-ਕਮੇਟੀ ਦੀ ਇਕ ਹੋਰ ਇਕੱਤ੍ਰਤਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ।

## ੬ ਮਾਰਚ, ੧੯੩੨

ਮੈਂਬਰਾਂ ਦੀ ਅਦਲਾ ਬਦਲੀ-ਸ਼੍ਰੋਮਣੀ ਕਮੇਟੀ ਦੀ ਦੂਜੀ ਜਨਰਲ ਇਕੱਤ੍ਰਤਾ

ਵਿਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਥੇਦਾਰ ਤੇਜਾ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ ੬੯ ਮੈਂਬਰ ਹਾਜ਼ਰ ਹੋਏ। ਇਸ ਦੌਰਾਨ ਰਹੁ-ਰੀਤੀ ਕਮੇਟੀ ਦੇ ਸਤਿਕਾਰਯੋਗ ਮੈਂਬਰ ਗਿ. ਸੁੰਦਰ ਸਿੰਘ ਜੀ ਭਿੰਡਰਾਂਵਾਲੇ ਜੋ ੧੫ ਫ਼ਰਵਰੀ, ੧੯੩੦ ਈ. ਨੂੰ ਗੁਰਪੁਰੀ ਸਿਧਾਰ ਗਏ ਸਨ, ਦਾ ਨਾਮ ਕੱਟ ਦਿੱਤਾ ਗਿਆ।

ਇਸ ਦੇ ਨਾਲ ਹੀ ਬਾਬੂ ਤੇਜਾ ਸਿੰਘ ਭਸੌੜ ਨੂੰ ਗੁਰਬਾਣੀ ਦੀ ਨਿਰਾਦਰੀ ਕਰਨ ਕਰਕੇ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ, ਉਨ੍ਹਾਂ ਦਾ ਅਤੇ ਭਾਈ ਲਾਲ ਸਿੰਘ ਜੀ ਐਡੀਟਰ, ਕੱਕਾਰ ਬਹਾਦੁਰ, ਅੰਮ੍ਰਿਤਸਰ ਦੇ ਨਾਂ ਵੀ ਹਟਾ ਦਿੱਤੇ ਗਏ।

ਉਪਰੰਤ ਇਸ ਸੂਚੀ ਵਿਚ ਅੱਠ ਨਾਮ ਵਧਾਏ ਗਏ। ਇਹ ਸਨ- ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਜੀ, ਪ੍ਰਿੰਸੀਪਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਸ. ਵਸਾਵਾ ਸਿੰਘ ਜੀ ਗੁਰਦਾਸਪੁਰੀ, ਗਿ. ਕਰਤਾਰ ਸਿੰਘ ਜੀ, ਖਾਲਸਾ ਹਾਈ ਸਕੂਲ ਗੁਰੂ ਸਰ ਸਿਧਾਰ (ਲੁਧਿਆਣਾ), ਬਾਬਾ ਪ੍ਰੇਮ ਸਿੰਘ ਜੀ ਹੋਤੀ, ਗਿ. ਨਾਹਰ ਸਿੰਘ ਜੀ, ਐਡੀਟਰ, ਅਸਲੀ ਕੌਮੀ ਦਰਦ, ਅੰਮ੍ਰਿਤਸਰ ਅਤੇ ਸ. ਇੰਦਰ ਸਿੰਘ ਜੀ, ਨਨਕਾਣਾ ਸਾਹਿਬ ਸ਼ਾਮਲ ਕੀਤੇ ਗਏ।

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ ਦੇ ਪੰਨਾ ੯੦)

ਇੱਥੇ ਇਹ ਭੁਲੇਖਾ ਪਾਣ ਦੀ ਕੋਸ਼ਿਸ਼ ਕੀਤੀ ਗਈ ਕਿ ਸਤਿਕਾਰਯੋਗ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲਿਆਂ ਦਾ ਨਾਮ ਉਨ੍ਹਾਂ ਦੀ ਬਾਬੂ ਤੇਜਾ ਸਿੰਘ ਭਸੌੜ ਨਾਲ ਵਿਰੋਧਤਾ ਕਾਰਨ ਹਟਾਇਆ ਗਿਆ ਹਾਲਾਂਕਿ ਉਹਨਾਂ ਦੇ ਗੁਰਪੁਰੀ ਸਿਧਾਰ ਜਾਣ ਦੇ ਬਾਅਦ ਇਹ ਨਾਮ ਹਟਾਇਆ ਗਿਆ।

### ੨੬ ਸਤੰਬਰ, ੧੯੩੨

ਰਹਿਤ ਮਰਯਾਦਾ ਦੇ ਖਰੜੇ ਤੇ ਮੁੜ ਵਿਚਾਰ ਕਰਨ ਲਈ ਰਹੁ-ਰੀਤ ਸਬ-ਕਮੇਟੀ ਦਾ ਇਕ ਹੋਰ ਸਮਾਗਮ ਕੀਤਾ ਗਿਆ।

### ੧ ਅਕਤੂਬਰ, ੧੯੩੨

ਪ੍ਰੋ. ਤੇਜਾ ਸਿੰਘ ਜੀ, ਕਨਵੀਨਰ, ਰਹੁ-ਰੀਤ ਕਮੇਟੀ ਨੇ ਖਰੜੇ 'ਤੇ ਪ੍ਰਾਪਤ ਹੋਏ ਸੁਝਾਵਾਂ ਦੇ ਅਨੁਰੂਪ ਆਪਣੀ ਰਿਪੋਰਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੀ।

### ੩੧ ਜਨਵਰੀ, ੧੯੩੨

ਸਿੱਖ ਰਹਿਤ ਮਰਯਾਦਾ ਦੇ ਖਰੜੇ 'ਤੇ ਵਿਚਾਰ ਲਈ ਰਹੁ-ਰੀਤ ਸਬ-ਕਮੇਟੀ ਦੀ ਇਕ ਹੋਰ ਇਕੱਤ੍ਰਤਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ।

### ੨੬ ਸਤੰਬਰ, ੧੯੩੨

ਰਹਿਤ ਮਰਯਾਦਾ ਦੇ ਖਰੜੇ 'ਤੇ ਮੁੜ ਵਿਚਾਰ ਕਰਨ ਲਈ ਰਹੁ-ਰੀਤ ਸਬ-ਕਮੇਟੀ ਦਾ ਇਕ ਹੋਰ ਸਮਾਗਮ ਕੀਤਾ ਗਿਆ। **ਚਲਦਾ...**

# ਸੁਹਾਗਣ

*-ਸ. ਨਰਿੰਦਰ ਸਿੰਘ ਸੋਚ**

ਸੁਹਾਗ ਭਾਗ ਤੋਂ ਬਿਨਾਂ ਕੋਈ ਸੁਹਾਗਣ ਨਹੀਂ, ਏਸੇ ਕਰਕੇ ਸੁਹਾਗਣ ਵਡਭਾਗਣ ਹੁੰਦੀ ਹੈ। ਸੁਹਾਗ ਦੇ ਸਾਰੇ ਗਹਿਣਿਆਂ ਦਾ ਸੁਆਮੀ ਇਕੱਲਾ ਸੁਹਾਗ ਹੁੰਦਾ ਹੈ ਪਰ ਖੁਸ਼ੀ ਦੋਹਾਂ ਦੀ ਸਾਂਝੀ ਹੁੰਦੀ ਹੈ।

ਸੁਹਾਗ ਕੇਵਲ ਇਕ ਉਮਰ ਨਹੀਂ, ਸਗੋਂ ਇਕ ਅਵਸਥਾ ਹੈ। ਇਹ ਅਵਸਥਾ ਸਰੀਰਕ ਭੀ ਹੈ, ਮਾਨਸਿਕ ਭੀ ਹੈ, ਅਧਿਆਤਮਿਕ ਭੀ ਹੈ, ਸਮਾਜਿਕ ਭੀ ਹੈ, ਸਭਿਆਚਾਰਕ ਭੀ ਹੈ, ਸੁੰਦਰਾਤਮਕ ਭੀ ਹੈ, ਰਾਗਾਤਮਕ ਭੀ ਹੈ, ਇਸ ਜ਼ਿੰਦਗੀ ਦਾ ਪੋਟਾ-ਪੋਟਾ, ਜੀਵਨ ਦਾ ਰੋਮ-ਰੋਮ ਸੁਹਾਗਣ ਹੁੰਦਾ ਹੈ, ਉਸ ਦਾ ਬੋਲ ਸੁਹਾਗਣ ਦਾ ਹੁੰਦਾ ਹੈ। ਉਸ ਦਾ ਤੋਲ ਸੁਹਾਗਣ ਦਾ ਹੁੰਦਾ ਹੈ। ਉਸ ਦਾ ਉੱਠਣਾ ਸੁਹਾਗਣ ਦਾ, ਉਸ ਦਾ ਬੈਠਣ ਸੁਹਾਗਣ ਦਾ, ਉਸ ਦੀ ਵਰਤੋਂ ਸੁਹਾਗਣ ਦੀ, ਉਸ ਦਾ ਘਰ ਸੁਹਾਗਣ ਦਾ, ਉਸ ਦਾ ਗੁਆਂਢ ਸੁਹਾਗਣ ਦਾ, ਉਸ ਦਾ ਅੰਦਰ ਸੁਹਾਗਣ ਦਾ, ਉਸ ਦਾ ਚੁਫੇਰਾ ਸੁਹਾਗਣ ਦਾ, ਉਸ ਦਾ ਵੇਸ ਸੁਹਾਗਣ ਦਾ, ਉਸ ਦਾ ਦੇਸ਼ ਸੁਹਾਗਣ ਦਾ, ਉਹ ਸਾਹੁਰੇ ਸੁਹਾਗਣੀ, ਉਹ ਪੇਕੇ ਸੁਹਾਗਣੀ, ਇਹ ਲੋਕ ਸੁਹਾਗਣੀ ਦਾ, ਪ੍ਰਲੋਕ ਭੀ ਸੁਹਾਗਣੀ ਦਾ, ਉਸ ਦਾ ਸੁਹਾਗ ਅਮਰ ਹੁੰਦਾ ਹੈ। ਇਸ ਕਰਕੇ ਉਹ ਆਪ ਸਦੀਵੀਂ ਸੁਹਾਗਣ ਹੁੰਦੀ ਹੈ।

ਸਦੀਵੀਂ ਸੁਹਾਗਣ ਦਾ ਸ਼ਿੰਗਾਰ ਬਾਹਰੋਂ ਨਹੀਂ ਅੰਦਰੋਂ ਉਗਦਾ ਹੈ। ਸਦੀਵੀਂ ਸੁਹਾਗਣ ਮੋਤੀਚੂਰ ਗਹਿਣਾ ਪਹਿਨਦੀ ਹੈ ਪਰ ਇਹ ਗਹਿਣਾ ਉਸ ਨੂੰ ਸੁਨਿਆਰਾ ਨਹੀਂ ਘੜ ਕੇ ਦੇਂਦਾ। ਇਹ ਉਸ ਦੇ ਅੰਦਰੋਂ ਜੀਉਂਦੀ ਚੀਜ਼ ਵਾਂਗ ਉਗਦਾ ਹੈ, ਵਧਦਾ ਹੈ ਤੇ ਫ਼ਲ ਫੁਲ ਦੇ ਗਹਿਣੇ ਦੇਂਦਾ ਹੈ। ਇਸ ਦੇ ਮੋਤੀ ਖਾਰੇ ਸਾਗਰਾਂ ਵਿੱਚੋਂ ਨਹੀਂ ਆਤਮਿਕ ਮਾਨ-ਸਰੋਵਰਾਂ ਵਿੱਚੋਂ ਆਪ ਮਰਜੀਵੜੇ ਬਣ ਕੇ ਕੱਢੇ ਜਾਂਦੇ ਹਨ। ਮਨ ਦਾ ਅਣ-ਵਿਧਾ ਮੋਤੀ ਕੇਵਲ ਗੁਰੂ ਸ਼ਬਦ ਦੀਆਂ ਹੀਰੇ ਦੀਆਂ ਕਣੀਆਂ ਨਾਲ ਵਿੰਨ੍ਹਿਆ ਜਾਂਦਾ ਹੈ। ਇਸ ਦੇ ਅੰਦਰ ਰੰਗੀਨ ਧਾਗਾ ਪਾਉਣਾ ਭੀ ਸੌਖਾ ਨਹੀਂ ਹੈ, ਦੋਹਾਂ ਸਿਰਿਆਂ ਤੋਂ ਵਾਰੀ ਵਾਰੀ ਧਾਗਾ ਪਾਈ ਜਾਣਾ ਤੇ ਫੇਰੀ ਜਾਣਾ, ਇਸ ਦਾ ਰੰਗੀਨ ਧਾਗਾ ਸਾਹਾਂ ਦਾ ਹੁੰਦਾ ਹੈ ਅਤੇ ਉਹ ਸੁੱਤਿਆਂ-ਜਾਗਦਿਆਂ ਮਨ ਵਿਚ ਚਲਦਾ ਰਹਿੰਦਾ ਹੈ। ਇਹ ਬਾਹਰ ਜਾਂਦੇ ਮਨ ਨੂੰ ਭੀ ਰੋਕਦਾ ਹੈ ਅਤੇ ਅੰਦਰ ਲੁਕਦੇ ਮਨ ਨੂੰ ਭੀ ਲੁਕਣ ਨਹੀਂ ਦੇਂਦਾ। ਹਰ ਵੇਲੇ ਉਸ ਨੂੰ ਹਾਜ਼ਰੀ ਵਿਚ ਰੱਖਦਾ ਹੈ ਅਤੇ ਕਦੇ ਗ਼ੈਰ-ਹਾਜ਼ਰ ਨਹੀਂ ਹੋਣ ਦੇਂਦਾ।

---

** ਗੁਰਪੁਰਵਾਸੀ**

ਉਹ ਸਾਰੇ ਸਰੀਰ ਨੂੰ ਖਿਮਾ ਦੇ ਸ਼ਿੰਗਾਰ ਨਾਲ ਸੁੰਦਰ ਬਣਾ ਲੈਂਦਾ ਹੈ। ਉਹ ਖਿਮਾ ਦੀ ਬੋਲੀ ਬੋਲਦਾ ਹੈ, ਉਹ ਖਿਮਾ ਦੇ ਨੈਣਾਂ ਨਾਲ ਵੇਖਦਾ ਹੈ, ਉਹ ਖਿਮਾ ਦੀ ਜ਼ਬਾਨ ਨਾਲ ਚਖਦਾ ਹੈ, ਉਹ ਭੁਲੇਖੇ ਨਾਲ, ਖੰਡ ਦੇ ਥਾਂ 'ਤੇ ਲੂਣ ਖਵਾਉਣ ਵਾਲਿਆਂ ਦਾ ਲੂਣ, ਖੰਡ ਬਣਾ ਕੇ ਖਾ ਜਾਂਦਾ ਅਤੇ ਕਹਿੰਦਾ ਤੇਰੀ ਭਾਵਨਾ ਖੰਡ ਦੀ ਸੀ, ਇਸ ਲਈ ਤੇਰਾ ਲੂਣ ਭੀ ਖੰਡ ਹੈ ਪਰ ਮੇਰੇ ਭਾਗਾਂ ਦਾ ਲੂਣ ਸੀ ਤੇ ਉਹ ਲੂਣ ਮੈਂ ਹੀ ਖਾਣਾ ਸੀ। ਤੇਰਾ ਤੈਨੂੰ ਮਿਲ ਗਿਆ, ਮੇਰਾ ਮੈਨੂੰ ਮਿਲ ਗਿਆ। ਤੂੰ ਲੂਣ ਵਿਚ ਭੀ ਖੰਡ ਬੀਜੀ ਹੈ, ਮੇਰੀ ਖੰਡ ਵਿਚ ਭੀ ਲੂਣ ਹੈ।

ਅਜਿਹੀ ਸੁਹਾਗਣ ਗਲੇ ਵਿਚ ਨਹੀਂ, ਉਰ-ਹਾਰ ਪਾਉਂਦੀ ਹੈ। ਉਸ ਦਾ ਹਾਰ ਮੋਤੀਆਂ ਦਾ ਨਹੀਂ, ਹਰਿ ਹਰਿ ਦਾ ਹਾਰ ਹੁੰਦਾ ਹੈ। ਉਸ ਦਾ ਦੰਦਾਸਾ ਸੁੱਕੇ ਹੋਏ ਸਕ ਦਾ ਨਹੀਂ ਸਗੋਂ ਉਸ ਦਮੋਦਰ ਦਾ ਹੁੰਦਾ ਹੈ, ਜੋ ਮਾਇਆ ਦਾ ਸਹਾਰਾ ਹੈ। ਇਸ ਦੰਦਾਸੇ ਨਾਲ ਕੇਵਲ ਦੰਦ ਹੀ ਨਹੀਂ ਚਮਕਦੇ ਸਗੋਂ ਸਾਰਾ ਸੰਸਾਰ ਚਮਕ ਉਠਦਾ ਹੈ, ਮਾਇਆ ਦਾ ਕਰੇੜਾ ਉਤਰ ਜਾਂਦਾ ਹੈ।

ਉਹ ਸੋਨੇ ਦਾ ਕੰਙਣ ਨਹੀਂ ਸਗੋਂ ਕਰਤੇ ਦਾ ਕੰਙਣਾ ਪਹਿਨਦੀ ਹੈ, ਇਸ ਕੰਙਣ ਨਾਲ ਉਸ ਦੇ ਹੱਥ ਆਪਣੇ ਨਹੀਂ ਰਹਿੰਦੇ, ਸਗੋਂ ਕਰਤੇ ਦੇ ਹੱਥ ਹੋ ਜਾਂਦੇ ਹਨ। ਉਨ੍ਹਾਂ ਦਾ ਕਰਮ, ਕਰਤੇ ਦਾ ਕਰਮ ਹੋ ਜਾਂਦਾ ਹੈ। ਇਹ ਕੰਙਣ ਮਨੁੱਖ ਨੂੰ ਮਨੁੱਖ ਤੋਂ ਉੱਚਾ ਚੁਕ ਕੇ ਰੱਬ ਬਣਾ ਦੇਂਦਾ ਹੈ।

ਉਸ ਦੀ ਮੁੰਦਰੀ ਦੈਂਤਾਂ ਨੂੰ ਮਾਰਨਾ ਅਤੇ ਸੰਤਾਂ ਨੂੰ ਉਭਾਰਨਾ ਦੀ ਪ੍ਰਤੀਕ ਹੁੰਦੀ ਹੈ। ਉਸ ਦਾ ਪਟੂ ਰੇਸ਼ਮ ਦਾ ਨਹੀਂ, ਪਰਮੇਸ਼ਰ ਦਾ ਹੈ, ਉਸ ਪਰਮੇਸ਼ਰ ਦਾ ਜਿਸ ਦੇ ਅੰਦਰ ਬਾਹਰ ਰੇਸ਼ਮ ਹੈ, ਜਿਸ ਦਾ ਬਿਰਦ ਪਰਦੇ ਢਕਣਾ ਹੈ।

ਉਸ ਦਾ ਸੁਹਾਗ-ਚੀਰ, ਧੀਰਜ ਦਾ ਹੈ, ਧੀਰਜ ਦਾ ਸੁਹਾਗ-ਚੀਰ, ਦੁੱਖਾਂ-ਸੁਖਾਂ ਨੂੰ ਸੰਤੁਲਨ ਬਣਾ ਦੇਂਦਾ ਹੈ, ਉਨ੍ਹਾਂ ਦੇ ਵਿਚਕਾਰ ਇਕ ਸਿੱਧਾ ਮਾਰਗ ਕੱਢ ਦੇਂਦਾ ਹੈ, ਇਹ ਕੇਵਲ ਮੱਧ-ਮਾਰਗ ਨਹੀਂ ਸਗੋਂ ਮੱਧ-ਮਾਰਗ ਤੋਂ ਉੱਚੀ ਜੀਵਨ-ਜੁਗਤੀ ਹੈ। ਦੁੱਖ ਸੁਖ ਨੂੰ ਸੁੰਦਰ ਬਣਾ ਦੇਣਾ ਇਸ ਦੀ ਕਰਾਮਾਤ ਹੈ। ਉਸ ਦੀਆਂ ਆਪਣੀਆਂ ਅੱਖਾਂ ਵਿਚ ਸ੍ਰੀ ਰੰਗ ਦਾ ਸੁਰਮਾ ਹੁੰਦਾ ਹੈ, ਉਹ ਸ੍ਰੀ ਰੰਗ ਦਾ ਸੁਰਮਾ ਪਾ ਕੇ ਸ੍ਰੀ ਰੰਗ ਹੀ ਵੇਖਦੀਆਂ ਹਨ।

ਸੁਹਾਗਣ ਮਨ-ਮੰਦਰ ਵਿਚ ਦੀਵਾ ਬਾਲ ਕੇ ਸਾਰੇ ਸੰਸਾਰ ਨੂੰ ਚਾਨਣ ਹੀ ਚਾਨਣ ਕਰ ਦੇਂਦੀ ਹੈ। ਅਜੇਹੀ ਸੁਹਾਗਣ ਦਾ ਸਰੀਰ ਨਹੀਂ ਹੁੰਦਾ। ਇਹ ਪ੍ਰਭੂ ਦੇ ਸੌਣ ਲਈ ਸੇਜਾ ਹੁੰਦੀ ਹੈ। ਏਸੇ ਸੇਜ ਉਤੇ ਗਿਆਨ ਦਾ ਸ਼ਹਿਨਸ਼ਾਹ, ਭਗਤਾਂ ਨੂੰ ਤਾਰਦਾ ਅਤੇ ਦੁਸ਼ਮਣਾਂ ਨੂੰ ਸੰਘਾਰਦਾ-ਸੰਘਾਰਦਾ ਆ ਕੇ ਅਰਾਮ ਕਰਦਾ ਹੈ। ਸੁਹਾਗ ਦਾ ਅਰਾਮ ਸੁਹਾਗਣ ਕੋਲ ਹੈ ਅਤੇ ਗੁਰਮੁਖ ਸੁਹਾਗਣਾਂ ਪ੍ਰਭੂ ਦੀ ਅਖੰਡ ਸਮਾਧੀ ਦਾ ਸੁਖ ਅਸਥਾਨ ਹੈ:

*ੴ ਸਤਿਗੁਰ ਪ੍ਰਸਾਦਿ॥ ਆਸਾ ਘਰੁ ੬ ਮਹਲਾ ੧॥*

*ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ॥*
*ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥੧॥*
*ਲਾਲ ਬਹੁ ਗੁਣਿ ਕਾਮਣਿ ਮੋਹੀ॥*
*ਤੇਰੇ ਗੁਣ ਹੋਹਿ ਨ ਅਵਰੀ॥੧॥ ਰਹਾਉ॥*
*ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ॥*
*ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ॥੨॥*
*ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ॥*
*ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ॥੩॥*
*ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ॥*
*ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ॥੪॥੧॥੩੫॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੯)*

■

### ਸਿਧਾਂਤ, ਸੰਵਾਦ ਤੇ ਸਾਖੀ ਸਫਾ ੫੧ ਦਾ ਬਾਕੀ

ਸਾਖੀਕਾਰ ਸਿਧਾਂਤ ਨੂੰ ਸੁਖੈਲ ਢੰਗ ਨਾਲ ਸਰਲ ਸਪੱਸ਼ਟ ਭਾਸ਼ਾ-ਸ਼ੈਲੀ ’ਚ ਸਰੋਤਿਆਂ ਨੂੰ ਸੰਬੋਧਤ ਹੁੰਦਾ ਹੈ। ਇਹੀ ਕਾਰਨ ਹੈ ਕਿ ਸਾਖੀਕਾਰ ਦੇ ਸਰੋਤੇ ਬਹੁ-ਗਿਣਤੀ 'ਚ ਹੁੰਦੇ ਹਨ। ਸਿਧਾਂਤ ਸਦੀਵੀ ਹੁੰਦੇ ਹਨ ਭਾਵੇ ਕਿ ਸਿਧਾਂਤ ਨੂੰ ਸਮਝਣ ਤੇ ਸਵੀਕਾਰ ਕਰਨ ਵਾਲੇ ਵਿਰਲੇ ਹੁੰਦੇ ਹਨ। ਸੰਵਾਦ ਦੇ ਸਰੋਤੇ-ਪਾਠਕ, ਸਿਧਾਂਤ ਨੂੰ ਸਮਝਣ ਵਾਲਿਆਂ ਨਾਲੋ ਵਧੇਰੇ ਪਰ ਸਾਖੀ ਸੁਣਨ ਵਾਲਿਆਂ ਨਾਲੋਂ ਹਮੇਸ਼ਾ ਘੱਟ ਹੁੰਦੇ ਹਨ। ਵਿਚਾਰਧਾਰਕ ਬੁਲਾਰਾ ਸਿਧਾਂਤ ਨੂੰ ਸਮਝਣ-ਸਮਝਾਉਣ ਲਈ ਸਾਖੀ ਦੀ ਸਹੂਲਤ ਨਾਲ ਸਰੋਤਿਆਂ ਨਾਲ ਸੰਵਾਦ ਰਚਾਉਣ ਵਿਚ ਸਫਲ ਹੋ ਜਾਂਦਾ ਹੈ। ਤੱਤਸਾਰ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਸਿਧਾਂਤ ਨੂੰ ਸਮਝਾਉਣ ਲਈ ਜੇਕਰ ਸਾਖੀ ਦੀ ਸਹਾਇਤਾ ਨਾਲ ਸਰੋਤਿਆਂ ਨਾਲ ਸੰਵਾਦ ਰਚਾਇਆ ਜਾਵੇ ਤਾਂ ਸਰਵਹਿੱਤਕਾਰੀ ਹੋਵੇਗਾ।

ਮਨਘੜਤ ਸਾਖੀਆਂ ਤੋਂ ਬਿਨਾਂ ਹਰ ਸਾਖੀ ਦਾ ਪਿਛੋਕੜ ਸਿਧਾਂਤਕ ਸੱਚ ਨਾਲ ਜੁੜਿਆ ਹੁੰਦਾ ਹੈ। ਸਾਖੀਕਾਰ ਦਾ ਫ਼ਰਜ਼ ਤਾਂ ਸਿਧਾਂਤਕ ਸੱਚ ਨੂੰ ਉਜਾਗਰ ਕਰਨਾ ਹੀ ਹੁੰਦਾ ਹੈ।

■

# ਜਹ ਮੁਸਕਲ ਹੋਵੈ ਅਤਿ ਭਾਰੀ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

ਮਨੁੱਖ ਜਦੋਂ ਇਸ ਫਾਨੀ ਸੰਸਾਰ ਵਿਚ ਜਨਮ ਲੈਂਦਾ ਹੈ ਤਾਂ ਉਹ ਵੱਡਾ ਹੋ ਕੇ ਦੁਨੀਆ ਵਿਚ ਵਿਚਰਦਾ ਹੋਇਆ ਜ਼ਿਆਦਾਤਰ ਆਪਣੇ ਘਰ ਦੇ ਕੰਮਾਂ-ਕਾਰਾਂ ਅਤੇ ਕਾਰੋਬਾਰਾਂ ਵਿਚ ਹੀ ਫਸ ਜਾਂਦਾ ਹੈ ਅਤੇ ਐਸੇ ਮਨੁੱਖ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਸ ਦੁਨੀਆ ਵਿਚ ਜੋ ਵੀ ਉਹ ਆਪਣੇ ਢਿੱਡ ਨੂੰ ਪਾਲਣ ਅਤੇ ਪਰਵਾਰ ਨੂੰ ਪਾਲਣ ਖਾਤਰ ਕੰਮਕਾਰ ਅਤੇ ਕਾਰੋਬਾਰ ਕਰ ਰਿਹਾ ਹੈ, ਇਹ ਸਭ ਕੰਮਕਾਰ ਅਤੇ ਕਾਰੋਬਾਰ ਓਨੇ ਚਿਰ ਲਈ ਹੀ ਹੈ, ਜਿੰਨਾ ਚਿਰ ਤੇਰੇ ਇਸ ਪੰਜ ਭੂਤਕ ਸਰੀਰ ਵਿਚ ਰੱਬੀ ਜੋਤ ਬਰਕਰਾਰ ਹੈ। ਜਿਸ ਦਿਨ ਤੇਰੇ ਇਸ ਪੰਜ ਭੂਤਕ ਸਰੀਰ ਵਿੱਚੋਂ ਰੱਬ ਨੇ ਆਪਣੀ ਪਾਈ ਜੋਤ ਕੱਢ ਲਈ, ਉਸ ਤੋਂ ਬਾਅਦ ਤੇਰੇ ਇਹ ਕੰਮਕਾਰ, ਕਾਰੋਬਾਰ ਅਤੇ ਧੰਦੇ ਸਭ ਇਕ ਤਰ੍ਹਾਂ ਨਾਲ ਮਿੱਟੀ ਦੇ ਸਮਾਨ ਹੋ ਜਾਣੇ ਹਨ।

ਸੋ ਪਿਆਰਿਆ, ਜਿੱਥੇ ਤੂੰ ਆਪਣੇ ਪਰਵਾਰ ਅਤੇ ਆਪਣੇ ਆਪ ਨੂੰ ਪਾਲਣ ਦੀ ਖਾਤਰ ਵੱਡੇ-ਛੋਟੇ ਕਾਰੋਬਾਰ ਕਰਨੇ ਹਨ, ਉੱਥੇ ਤੈਨੂੰ ਦੁਨੀਆ ਦੇ ਤਮਾਮ ਕੰਮਾਂ-ਕਾਰਾਂ ਵਿਚ ਵਿਚਰਦਿਆਂ ਹੋਇਆਂ ਰੱਬ ਨੂੰ ਵੀ ਸਦਾ ਲਈ ਆਪਣੇ ਹਿਰਦੇ ਅੰਦਰ ਯਾਦ ਕਰਦੇ ਰਹਿਣਾ ਚਾਹੀਦਾ ਹੈ। ਸੱਚ ਤਾਂ ਇਹ ਹੈ ਕਿ ਰੱਬ ਨੇ ਹੀ ਤੇਰਾ ਇਹ ਸੋਹਣਾ ਅਤੇ ਸੁੰਦਰ ਸਰੀਰ ਬਣਾ ਕੇ, ਇਸ ਵਿਚ ਆਪਣੀ ਬਹੁਤ ਹੀ ਪਿਆਰੀ ਜੋਤ ਪਾਈ ਹੋਈ ਹੈ ਅਤੇ ਤੇਰੇ ਸਰੀਰ ਵਿਚ ਰੱਬੀ ਜੋਤ ਹੋਣ ਕਰਕੇ ਹੀ ਤੂੰ ਇਸ ਫਾਨੀ ਸੰਸਾਰ ਵਿਚ ਹਰ ਤਰ੍ਹਾਂ ਦੇ ਕਾਰੋਬਾਰ ਕਰਦਾ ਫਿਰਦਾਂ ਹੈਂ। ਸੋ ਜੇ ਤੂੰ ਸੰਸਾਰ ਵਿਚ ਆਪਣੇ ਸਭ ਕੰਮਾਕਾਰਾਂ ਅਤੇ ਕਾਰੋਬਾਰਾਂ ਵਿਚ ਵਿਚਰਦਾ ਹੋਇਆ ਹਰ ਵਕਤ ਵਾਹਿਗੁਰੂ ਜੀ ਦੇ ਪਵਿੱਤਰ ਨਾਮ ਨੂੰ ਹੀ ਪਿਆਰ ਨਾਲ ਸਿਮਰਦਾ ਰਹੇਂਗਾ ਤਾਂ ਯਾਦ ਰੱਖੀਂ, ਉਹ ਬਖਸ਼ਿੰਦ ਪਿਤਾ ਵਾਹਿਗੁਰੂ, ਤੇਰੇ ਇਨ੍ਹਾਂ ਦੁਨਿਆਵੀ ਕੰਮਾਂ-ਕਾਰਾਂ ਅਤੇ ਕਾਰੋਬਾਰਾਂ ਵਿਚ ਵੀ ਹਰ ਤਰ੍ਹਾਂ ਦੀ ਬਹੁਤ ਵੱਡੀ ਸਹਾਇਤਾ ਕਰੇਗਾ।

ਸੋ ਪਿਆਰਿਓ, ਮਨੁੱਖ ਦੀ ਰੂਹ ਦੇ ਰੱਬੀ ਦਰਗਾਹ ਵਿਚ ਜਾਣ ਸਮੇਂ ਕਿਸੇ ਵੀ ਰਿਸ਼ਤੇਦਾਰ, ਭੈਣ-ਭਰਾ, ਮਾਂ-ਪਿਉ ਜਾਂ ਦੋਸਤ-ਮਿੱਤਰ ਨੇ ਸਹਾਇਤਾ ਨਹੀਂ ਕਰਨੀ, ਉੱਥੇ ਤਾਂ ਮਨੁੱਖ ਦੀ ਰੂਹ ਦੀ ਸਹਾਇਤਾ ਸਿਰਫ ਤੇ ਸਿਰਫ ਸੇਵਾ, ਸਿਮਰਨ ਅਤੇ ਪਾਵਨ ਗੁਰਬਾਣੀ ਦੇ ਸਿਮਰਨ ਅਭਿਆਸੀ ਨੇ ਹੀ ਕਰਨੀ ਹੈ। ਸੋ ਇਸੇ ਪ੍ਰਥਾਇ ਹੀ ਮਹਾਨ ਸਤਿਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਸੁਖਮਨੀ ਸਾਹਿਬ ਜੀ ਦੀ ਦੂਜੀ ਅਸਟਪਦੀ ਦੀ

** #੨, ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੯੧੫੧-੪੩੫੨੬*

ਪਹਿਲੀ ਪਉੜੀ ਵਿਚ ਮਨੁੱਖ ਨੂੰ ਬਹੁਤ ਹੀ ਪਿਆਰਾ ਉਪਦੇਸ਼ ਦਿੱਤਾ ਹੈ ਕਿ ਪਿਆਰਿਆ:-

*ਜਹ ਮਾਤ ਪਿਤਾ ਸੁਤ ਮੀਤ ਨ ਭਾਈ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੪)*

ਮਹਾਨ ਸਤਿਗੁਰੂ ਜੀ ਮਨੁੱਖ ਨੂੰ ਬਹੁਤ ਹੀ ਪਿਆਰ ਨਾਲ ਸਮਝਾ ਰਹੇ ਹਨ ਕਿ ਪਿਆਰਿਆ, ਰੱਬੀ ਦਰਗਾਹ ਵਿਚ ਜਾਣ ਸਮੇਂ ਤੇਰੇ ਕਿਸੇ ਮਾਂ-ਪਿਉ, ਭੈਣ-ਭਰਾ, ਪੁੱਤਰ-ਧੀਆਂ ਜਾਂ ਦੋਸਤਾਂ-ਮਿਤਰਾਂ ਨੇ ਸਹਾਈ ਨਹੀਂ ਹੋਣਾ; ਉੱਥੇ ਤਾਂ ਤੇਰੀ ਰੂਹ ਨੇ ਸਿਰਫ ਇਕੱਲੀ ਨੇ ਹੀ ਜਾਣਾ ਹੈ। ਸੋ ਜੇ ਦਰਗਾਹ ਵਿਚ ਜਾਣ ਸਮੇਂ ਤੇਰੀ ਰੂਹ ਪਾਸ ਵਾਹਿਗੁਰੂ ਜੀ ਦੇ ਕੀਤੇ ਹੋਏ ਨਾਮ ਸਿਮਰਨ ਦਾ ਵੱਡਾ ਖ਼ਜ਼ਾਨਾ ਹੋਵੇਗਾ ਤਾਂ ਉੱਥੇ ਵਾਹਿਗੁਰੂ ਜੀ ਦਾ ਸਿਮਰਨ ਤੇਰੀ ਬਹੁਤ ਵੱਡੀ ਸਹਾਇਤਾ ਕਰ ਕੇ ਤੈਨੂੰ ਬਚਾ ਲਵੇਗਾ।

*ਜਹ ਮਹਾ ਭਇਆਨ ਦੂਤ ਜਮ ਦਲੈ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੪)*

ਸੋ ਪਿਆਰਿਆ, ਜਦੋਂ ਤੇਰੀ ਰੂਹ ਨੇ ਦਰਗਾਹ ਵਿਚ ਜਾਣਾ ਹੈ ਤਾਂ ਉਸ ਭਿਆਨਕ ਰਸਤੇ ਵਿਚ ਵੱਡੇ-ਵੱਡੇ ਜਮਦੂਤਾਂ ਦੇ ਦਲ ਹੋਣਗੇ, ਪਰ ਜੇ ਤੂੰ ਦੁਨੀਆ ਵਿਚ ਰਹਿੰਦੇ ਹੋਏ ਨੇ ਵਾਹਿਗੁਰੂ ਜੀ ਦਾ ਸਿਮਰਨ ਬਹੁਤ ਹੀ ਪਿਆਰ ਨਾਲ ਕੀਤਾ ਹੋਵੇਗਾ ਤਾਂ ਉਹ ਰੱਬੀ ਨਾਮ ਦਾ ਪਿਆਰਾ ਸਿਮਰਨ ਤੇਰੀ ਰੂਹ ਨੂੰ ਉਸ ਅਤਿ ਭਿਆਨਕ ਰਸਤੇ ਵਿਚ ਬਹੁਤ ਸੁਖ ਦੇਵੇਗਾ।

*ਜਹ ਮੁਸਕਲ ਹੋਵੈ ਅਤਿ ਭਾਰੀ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੪)*

ਪਿਆਰਿਆ, ਤੈਨੂੰ ਇਸ ਲੋਕ ਜਾਂ ਪ੍ਰਲੋਕ ਵਿਚ ਕਿਸੇ ਕਿਸਮ ਦੀ ਵੀ ਕਿਤੇ ਅਤਿ ਭਾਰੀ ਮੁਸ਼ਕਲ ਬਣ ਗਈ ਤਾਂ ਰੱਬ ਦਾ ਕੀਤਾ ਹੋਇਆ ਸਿਮਰਨ ਤੈਨੂੰ ਅੱਖ ਦੀ ਫੋਰ ਵਿਚ ਹੀ ਬਚਾਅ ਲਵੇਗਾ।

*ਅਨਿਕ ਪੁਨਹਚਰਨ ਕਰਤ ਨਹੀ ਤਰੈ॥ ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, )*

ਸਤਿਗੁਰੂ ਜੀ ਅੱਗੇ ਫੁਰਮਾਅ ਰਹੇ ਹਨ ਕਿ ਪਿਆਰਿਆ, ਤੂੰ ਦੁਨੀਆ ਵਿਚ ਵਿਚਰਦੇ ਸਮੇਂ ਜਿੰਨੇ ਮਰਜ਼ੀ ਧਾਰਮਿਕ ਕੰਮਾਂ ਰਾਹੀਂ ਅਨੇਕ ਤਰ੍ਹਾਂ ਦੇ ਚੰਗੇ ਅਤੇ ਨੇਕ ਕੰਮ ਕਰਦਾ ਫਿਰੇਂ, ਪਰ ਯਾਦ ਰੱਖੀਂ, ਵਾਹਿਗੁਰੂ ਜੀ ਦਾ ਸਿਮਰਨ ਮਨੁੱਖ ਦੇ ਕੀਤੇ ਹੋਏ ਕਰੋੜਾਂ ਪਾਪਾਂ ਨੂੰ ਭਸਮ ਕਰ ਕੇ ਰੱਖ ਦਿੰਦਾ ਹੈ। ਸੋ ਤੂੰ ਦੁਨੀਆ ਵਿਚ ਵਿਚਰਦੇ ਸਮੇਂ ਹਰ ਵਕਤ ਵਾਹਿਗੁਰੂ ਜੀ ਦਾ ਸਿਮਰਨ ਜ਼ਰੂਰ ਹੀ ਕਰਦਾ ਰਹੀਂ।

*ਗੁਰਮੁਖਿ ਨਾਮੁ ਜਪਹੁ ਮਨ ਮੇਰੇ॥ ਨਾਨਕ ਪਾਵਹੁ ਸੂਖ ਘਨੇਰੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੪)*

**ਬਾਕੀ ਸਫਾ ੭੨ 'ਤੇ**

# ਭਾਰਤੀ ਸੰਵਿਧਾਨ: ਸਿੱਖਾਂ ਲਈ ਗਹਿਣਾ ਜਾਂ ਸੁਨਹਿਰੀ ਜ਼ੰਜੀਰ

*-ਸ. ਗੁਰਚਰਨਜੀਤ ਸਿੰਘ ਲਾਂਬਾ**

ਗਣਤੰਤਰ ਦਿਵਸ ੨੬ ਜਨਵਰੀ, ੧੯੫੦ ਈ. ਉਹ ਯਾਦਗਾਰੀ ਦਿਨ ਹੈ ਜਦੋਂ ਭਾਰਤ ਦਾ ਸੰਵਿਧਾਨ ਲਾਗੂ ਹੋ ਕੇ ਭਾਰਤ ਇਕ ਪ੍ਰਭੁਸੱਤਾ- ਸੰਪਨ, ਸਮਾਜਵਾਦੀ, ਧਰਮ-ਨਿਰਪੱਖ, ਜਨਤਾਂਤ੍ਰਿਕ, ਗਣਤੰਤਰ ਰਾਸ਼ਟਰ ਐਲਾਨਿਆ ਗਿਆ। ਸੰਵਿਧਾਨ, ਆਈਨ ਜਾਂ ਕਾਂਨਸਟੀਚਿਯੂਸ਼ਨ ਕਿਸੇ ਵੀ ਅਜ਼ਾਦ ਕੌਮ ਜਾਂ ਦੇਸ਼ ਦੀ ਅਜ਼ਾਦੀ, ਪ੍ਰਭੁਸੱਤਾ ਅਤੇ ਸਵੈਮਾਣ ਦਾ ਐਲਾਨ-ਨਾਮਾ ਹੁੰਦਾ ਹੈ। ਹਰ ਕੌਮ ਅਜ਼ਾਦੀ ਤੋਂ ਬਾਅਦ ਪਹਿਲਾ ਕੰਮ ਆਪਣਾ ਅਤੇ ਆਪਣਿਆਂ ਲਈ ਖ਼ੁਦ ਇਹ ਦਸਤਾਵੇਜ਼ ਤਿਆਰ ਕਰਦੀ ਹੈ । ਇਸ ਸੰਵਿਧਾਨ ਨੂੰ ਜਿਸ ਦਿਨ ਤੋਂ ਉਹ ਲਾਗੂ ਕਰਦੀ ਹੈ ਉਹ ਉਸ ਲਈ ਇਕ ਮਾਣ-ਮੱਤਾ ਅਤੇ ਯਾਦਗਾਰੀ ਦਿਨ ਹੁੰਦਾ ਹੈ ਅਤੇ ਜਿਸ ਦੀ ਹਰ ਵਰ੍ਹੇਗੰਢ ਇਕ ਰਾਸ਼ਟਰੀ ਜਸ਼ਨ, 'ਗਣਤੰਤਰ ਦਿਵਸ' ਦੇ ਰੂਪ ਵਿਚ ਮਨਾਈ ਜਾਂਦੀ ਹੈ।

ਭਾਰਤ ਨੂੰ ਅਜ਼ਾਦੀ ਤਾਂ ਮਿਲੀ ਪਰ ਇਹ ਵੰਡ ਫਿਰਕੂ ਪੱਧਰ ਜਾਂ ਫਿਰਕਾ-ਪ੍ਰਸਤੀ ਦੇ ਆਧਾਰ 'ਤੇ ਹੋਈ ਜਿਸ ਨਾਲ ਲੱਖਾਂ ਹੀ ਦੇਸ਼-ਵਾਸੀਆਂ ਦੀਆਂ ਜਾਨਾਂ ਗਈਆਂ। ਪਰ ਇਸ ਸਭ ਕਾਸੇ ਤੋਂ ਅਣਭਿੱਜ ਦੇਸ਼ ਨੇ ਜਸ਼ਨ ਮਨਾਉਣੇ ਜਾਰੀ ਰੱਖੇ। ਇਸ ਘੱਲੂਘਾਰੇ ਦਾ ਸੰਤਾਪ ਅੱਜ ਤਕ ਨਹੀਂ ਮੁੱਕਿਆ। ਵੰਡ ਦੌਰਾਨ ਵੱਖ-ਵੱਖ ਕਮਿਸ਼ਨਾਂ, ਮੀਟਿਗਾਂ ਅਤੇ ਗੱਲਬਾਤ ਵਿਚ ਹਿੰਦੂ, ਮੁਸਲਮਾਨ ਅਤੇ ਸਿੱਖ ਕੌਮ ਤਿੰਨ ਮੁੱਖ ਧਿਰਾਂ ਸਨ ਜਿਨ੍ਹਾਂ ਦੀ ਤਰਜਮਾਨੀ ਕ੍ਰਮਵਾਰ ਮੁਸਲਿਮ ਲੀਗ, ਅਕਾਲੀ ਦਲ ਅਤੇ ਕਾਂਗਰਸ ਜਾਂ ਹਿੰਦੂ ਕਾਂਗਰਸ ਕਰ ਰਹੀ ਸੀ। ਲੀਗ ਅਤੇ ਕਾਂਗਰਸ ਦੋਨਾਂ ਲਈ ਸਿੱਖਾਂ ਦੀ ਹਮਾਇਤ ਜਾਂ ਸ਼ਮੂਲੀਅਤ ਅਹਿਮ ਸੀ । ਇਸ ਦੌਰਾਨ ਕਾਂਗਰਸ ਨੇ ਗਾਂਧੀ ਅਤੇ ਪੰਡਿਤ ਨਹਿਰੂ ਦੀ ਅਗਵਾਈ ਵਿਚ ਘੱਟ-ਗਿਣਤੀਆਂ, ਵਿਸ਼ੇਸ਼ ਕਰ ਸਿੱਖਾਂ ਨੂੰ ਬਾਰ-ਬਾਰ ਜ਼ਬਾਨੀ ਅਤੇ ਲਿਖਤੀ ਤੌਰ 'ਤੇ ਵਾਅਦੇ ਕੀਤੇ ਕਿ ਅਜ਼ਾਦ ਭਾਰਤ ਦਾ ਵਿਧਾਨ ਘੜਨ ਸਮੇਂ ਜਾਂ ਬਾਅਦ ਵਿਚ ਕੋਈ ਐਸਾ ਕਾਨੂੰਨ ਲਾਗੂ ਨਹੀਂ ਕੀਤਾ ਜਾਵੇਗਾ ਜਿਸ 'ਤੇ ਘੱਟ-ਗਿਣਤੀਆਂ ਅਤੇ ਖਾਸ ਕਰਕੇ ਸਿੱਖਾਂ ਦੀ ਰਜ਼ਾਮੰਦੀ ਅਤੇ ਪ੍ਰਵਾਨਗੀ ਨਹੀਂ ਹੋਏਗੀ। ਪੰਡਿਤ ਜਵਾਹਰ ਲਾਲ ਨਹਿਰੂ ਨੇ ਤਾਂ ਇੱਥੋਂ ਤਕ ਲਿਖਤੀ ਅਹਿਦ ਕੀਤਾ ਕਿ ਜੇ ਕਰ ਕਿਸੇ ਮਸਲੇ 'ਤੇ ਘੱਟਗਿਣਤੀਆਂ ਦੀ ਸਹਿਮਤੀ ਨਾ ਹੋਈ ਤਾਂ ਉਨ੍ਹਾਂ ਨੂੰ ਇਸ ਮੁੱਦੇ ਨੂੰ ਲੀਗ ਆਫ ਨੇਸ਼ਨਜ਼ ਜਾਂ ਇੰਟਰਨੈਸ਼ਨਲ ਕੋਰਟ ਆਫ ਜਸਟਿਸ, ਦੀ ਹੇਗ ਵਿਚ ਭੇਜਣ 'ਤੇ ਵੀ ਕੋਈ ਇਤਰਾਜ਼ ਨਹੀਂ ਹੋਏਗਾ। ਸਵਾਲ ਨਿਰਣਿਆ ਦਾ ਨਹੀਂ ਉਨ੍ਹਾਂ ਨੂੰ ਲਾਗੂ ਕਰਨ ਵਾਲੀ ਮਸ਼ੀਨਰੀ ਅਤੇ ਉਸ ਦੀ

* *New Jersey. USA. Mo: +1 9736990950 Email: santsipahi@gmail.com*

ਦਿਆਨਤਾਰੀ ਦਾ ਹੈ। ਪਰ ਅਜ਼ਾਦੀ ਦੇ ਬਾਅਦ ਸਿੱਖਾਂ ਦੀਆਂ ਭਾਵਨਾਵਾਂ ਨੂੰ ਪੂਰੀ ਤਰ੍ਹਾਂ ਦਰਕਿਨਾਰ ਕਰ ਕੀਤੇ ਵਾਅਦਿਆਂ ਨੂੰ ਪੂਰੀ ਤਰਾਂ ਮਿੱਟੀ ਵਿਚ ਮਿਲਾ ਕੇ ਇਕ ਨਵਾਂ ਸੰਵਿਧਾਨ ਲਾਗੂ ਕਰ ਦਿੱਤਾ ਗਿਆ ਅਤੇ ਪੰਡਿਤ ਜੀ ਵੱਲੋਂ ਇਹ ਸਪੱਸ਼ਟ ਕਰ ਦਿੱਤਾ ਗਿਆ ਕਿ- "ਵੋਹ ਵਾਅਦੇ ਵਕਤ ਕੇ ਮੁਤਬਿਕ ਕੀਏ ਗਏ ਥੇ, ਜੋ ਪੂਰੇ ਨਹੀਂ ਕੀਏ ਜਾ ਸਕਤੇ।" ਇਸ ਬਾਬਤ ਇਹ ਸ਼ੇਅਰ ਠੀਕ ਢੁਕਵਾਂ ਜਾਪਦਾ ਹਠ:

*ਦੀਵਾਰ ਕਿਆ ਗਿਰੀ ਮੇਰੇ ਕੱਚੇ ਮਕਾਨ ਕੀ,*
*ਲੋਗੋਂ ਨੇ ਮੇਰੇ ਸਹਿਨ ਸੇ ਰਸਤੇ ਬਨਾ ਲਿਏ।*

ਸੰਵਿਧਾਨ ਘੜਨੀ ਅਸੈਂਬਲੀ ਵਿਚ ਸਿੱਖ ਨੁਮਾਇੰਦਿਆਂ ਨੇ ਇਸ ਤੋਂ ਬਾਅਦ ਸੰਵਿਧਾਨ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ। ਪਰ ਡੈਮੋਕਰੇਸੀ ਬਹੁਗਿਣਤੀ ਦੀਆਂ ਭਾਵਨਾਵਾਂ ਦਾ ਰਾਜ ਹੁੰਦਾ ਹੈ ਅਤੇ ਬਹੁਗਿਣਤੀ ਵੱਲੋਂ ਪਾਸ ਕੀਤਾ ਸੰਵਿਧਾਨ ੨੬ ਜਨਵਰੀ, ੧੯੫੦ ਨੂੰ ਹਰ ਇਕ 'ਤੇ ਲਾਗੂ ਹੋ ਗਿਆ।

ਇਸ ਤੋਂ ਇਹ ਸਿੱਧ ਹੋਇਆ ਕਿ ਜਿਸ ਸਮਾਜ ਜਾਂ ਖਿੱਤੇ ਵਿਚ ਫਿਰਕਾਪ੍ਰਸਤੀ ਦਾ ਨਾਸੂਰ ਹੋਵੇ, ਉੱਥੇ ਡੈਮੋਕਰੇਸੀ ਘੱਟ-ਗਿਣਤੀਆਂ ਲਈ ਮਾਰੂ ਹੋ ਨਿਬੜਦੀ ਹੈ ਅਤੇ ਉਨ੍ਹਾਂ ਦੀ ਚਿੰਤਾ ਬੇ-ਵਜਹਿ ਨਹੀਂ ਹੁੰਦੀ। ਇਸ ਨਾਲ ਸਿੱਖ ਇਤਿਹਾਸ ਦੇ ਸਭ ਤੋਂ ਵੱਡੇ ਵਿਸਾਹਘਾਤ ਦੇ ਸ਼ਿਕਾਰ ਹੋਏ।

ਇਸ ਬਾਰੇ ਹਾਸ-ਰਸ ਦਾ ਕਵੀ ਭਾਈਆ ਈਸ਼ਰ ਸਿੰਘ ਵੀ ਬੋਲ ਉੱਠਿਆ:

*ਲੋਕਾਂ ਵੰਡੀਆਂ ਪਾ ਕੇ ਮੁਲਕ ਵੰਡ ਲਏ, ਸਾਡੇ ਲਈ ਹੈ ਲੱਡੂਆਂ ਦਾ ਬੂਰ ਨਾਨਕ।*
*ਹੱਥ ਜੋੜ ਕੇ ਆਪਣਾ ਹੱਕ ਮੰਗੀਏ, ਅੱਗੋਂ ਕਹਿੰਦੇ ਨੇ ਇਉਂ ਹਜ਼ੂਰ ਨਾਨਕ।*
*ਅੱਜ ਸਿੱਖਾਂ ਦੇ ਭੈੜੇ ਦਿਮਾਗ਼ ਅੰਦਰ, ਆ ਗਿਆ ਏ ਕੋਈ ਫਤੂਰ ਨਾਨਕ।*

ਹੋਣਾ ਤਾਂ ਇਹ ਚਾਹੀਦਾ ਹੈ ਕਿ ਸੰਵਿਧਾਨ ਦੇ ਅਨੁਰੂਪ ਕੌਮ ਆਪਣੇ ਆਪ ਨੂੰ ਢਾਲੇ; ਪਰ ਭਾਰਤੀ ਸੰਵਿਧਾਨ ਦੀ ਇਹ ਇਕ ਵਿਡੰਬਨਾ ਹੈ ਕਿ ੧੯੭੬ ਈ. ਵਿਚ ਸੰਵਿਧਾਨ ਦੀ ੪੨ਵੀਂ ਤਰਮੀਮ ਰਾਹੀਂ 'ਸਮਾਜਵਾਦੀ', 'ਧਰਮ-ਨਿਰਪੱਖ' ਲਫ਼ਜ਼ ਪਾਏ ਗਏ। ਕੀ ਇਹ ਦੋ ਲਫ਼ਜ਼ ਸੰਵਿਧਾਨ ਵਿਚ ਪਾਉਣ ਨਾਲ ਹੀ ਭਾਰਤ ਇਕ ਜ਼ਿਆਦਾ ਸਮਾਜਵਾਦੀ ਅਤੇ ਧਰਮ-ਨਿਰਪੱਖ ਬਣ ਸਕਿਆ। ਸੋ ਸਵਾਲ ਕਿਸੇ ਖਾਸ ਕਿਸਮ ਦੇ ਰਾਜਸੀ ਢਾਂਚੇ ਦਾ ਨਹੀਂ ਬਲਕਿ ਰਾਜ ਕਰਨ ਵਾਲੀ ਪਰਿਪਾਟੀ ਦੀ ਦਿਆਨਤਦਾਰੀ ਅਤੇ ਨੇਕ-ਨੀਅਤੀ ਦਾ ਹੁੰਦਾ ਹੈ। ਡਾ. ਇਕਬਾਲ ਨੇ ਕਿਆ ਖ਼ੂਬ ਲਿਖਿਆ ਹੈ:

*ਜਲਾਲ-ਏ-ਪਾਦਸ਼ਾਹੀ ਹੋ ਕਿ ਜਮਹੂਰੀ ਤਮਾਸ਼ਾ ਹੋ।*
*ਜੁਦਾ ਹੋ ਦੀਂ ਸਿਆਸਤ ਸੇ ਤੋ ਰਹਿ ਜਾਤੀ ਹੈ ਚੰਗੇਜ਼ੀ।*

ਜ਼ਰੂਰੀ ਨਹੀਂ ਕਿ ਕਿਸੇ ਨੂੰ ਕੋਈ ਹੱਕ ਜਾਂ ਹਕੂਕ ਦੇਣਾ ਹੋਏ ਤਾਂ ਉਹ ਲਿਖਤ ਨਾਲ ਹੀ ਦਿੱਤਾ ਜਾ ਸਕਦਾ ਹੈ। ਇਸ ਲਈ ਲਿਖਤ ਨਾਲੋਂ ਨੀਅਤ, ਇਨਸਾਫ਼ ਜਾਂ

ਬਰਾਬਰੀ ਦਾ ਸਿਧਾਂਤ ਜ਼ਿਆਦਾ ਅਹਿਮ ਹੁੰਦਾ ਹੈ। ਇਸ ਬਾਰੇ ਜਿਵੇਂ ਕਿਸੇ ਨੇ ਮਜ਼ਾਹੀਆ ਟਿੱਪਣੀ ਕੀਤੀ ਕਿ ਜੇਕਰ ਕਿਸੇ ਨੇ ਇਕ ਸੰਤਰਾ ਲਿਖ ਕੇ ਦੇਣਾ ਹੋਏ ਤਾਂ ਉਹ ਇਬਾਰਤ ਕੁਝ ਇਸ ਤਰ੍ਹਾਂ ਲਿਖੇਗਾ:

'ਮੈਂ ਫਲਾਣਾ ਫਲਾਣਾ, ਵਲਦ ਫਲਾਣਾ, ਵਾਸੀ ਫਲਾਂ ਫਲਾਂ ਅੱਜ ਫਲਾਂ ਤਾਰੀਖ, ਦਿਨ ਫਲਾਂ ਆਪਣੇ ਪੂਰੇ ਹੋਸ਼ੋ ਹਵਾਸ ਵਿਚ ਆਪਣਾ ਇਹ ਸੰਤਰਾ ਬਮਹਿ ਇਸਦੇ ਛਿਲੜ, ਬੀਜ, ਰਸ, ਫੋਕ ਆਦਿ ਦੇ ਫਲਾਣੇ, ਵਲਦ ਫਲਾਣੇ, ਵਾਸੀ ਫਲਾਂ ਫਲਾਂ ਨੂੰ ਸਣੇ ਉਸਦੇ ਕਾਨੂੰਨੀ ਵਾਰਸਾਨ ਨੂੰ ਇਸ ਸੰਤਰੇ ਦੇ ਵਰਤਣ, ਖਾਣ, ਚੂਪਣ, ਚੱਬਣ, ਚੂਸਣ, ਰੱਖਣ, ਸੁੱਟਣ ਜਾਂ ਕਿਸੇ ਹੋਰ ਨੂੰ ਵੇਚਣ, ਦਾਨ ਦੇਣ ਆਦਿ ਦੇ ਸਾਰੇ ਹਕੂਕ ਦਿੰਦਾ ਹਾਂ ਅਤੇ ਇਹ ਇਕਰਾਰ ਨਾਮਾ ਮੇਰੇ ਅਤੇ ਮੇਰੇ ਵਾਰਸਾਂ 'ਤੇ ਵੀ ਲਾਗੂ ਹੋਵੇਗਾ।'

ਇਸ ਦੇ ਬਾਵਜੂਦ ਵੀ ਨਿਸ਼ਚਿਤ ਨਹੀਂ ਹੈ ਕਿ ਇਹ ਸੰਤਰਾ ਉਸ ਮਹਾਤੜ ਨੂੰ ਮਿਲੇਗਾ ਵੀ ਕਿ ਨਹੀਂ। ਕੁਝ ਐਸਾ ਹੀ ਹਾਲ ਸਾਡਾ ਹੈ। ਸਿੱਖ ਅਜਬ ਦੁਬਿਧਾ ਵਿਚ ਹਨ ਕਿ ਇਸ ਦੇਸ਼ ਦੀ ਖ਼ਾਤਰ ਸਭ ਤੋਂ ਵੱਧ ਕੁਰਬਾਨੀਆਂ ਦੇਣ ਦੇ ਬਾਵਜੂਦ ਇਸ ਸੰਵਿਧਾਨ ਨੂੰ ਆਪਣੀਆਂ ਕੌਮੀ ਇੱਛਾਵਾਂ ਦੀ ਪੂਰਤੀ ਦਾ ਇਕ ਦਸਤਾਵੇਜ਼ ਸਮਝਣ ਜਾਂ ਗ਼ੁਲਾਮੀ ਦਾ ਦਸਤਾਵੇਜ਼? ਸਿੱਖ ਮਾਨਸਿਕਤਾ ਵਿਚ ਅਜੇ ਵੀ ਉਹ ਯਾਦਾਂ ਤਾਜ਼ਾ ਹਨ 'ਸਰਕਾਰ ਖਾਲਸਾ' ਅਤੇ ਚੀਨ ਵਿਚਕਾਰ ਹੋਏ ਅਹਿਦਨਾਮੇ ਵਿਚ ਸਿੱਖਾਂ ਨੂੰ 'ਸਦੀਵ ਕਾਲ ਲਈ ਸਾਰੇ ਸੰਸਾਰ ਦਾ ਬਾਦਸ਼ਾਹ' ਕਰਕੇ ਅੰਕਿਤ ਕੀਤਾ ਗਿਆ ਸੀ ਅਤੇ ਪੰਡਿਤ ਨਹਿਰੂ ਨੇ ਇਸਦਾ ਹਵਾਲਾ ਕਈ ਵੇਰ ਆਪਣੀਆਂ ਲਿਖਤਾਂ ਵਿਚ ਦਿੱਤਾ ਹੈ। ਪਰ ਸਾਡੀ ਹਾਲਤ ਤਾਂ ਇਸ ਤਰ੍ਹਾਂ ਹੋ ਗਈ ਹੈ ਜਿਵੇਂ ਇਕ ਪੰਛੀ ਨੇ ਅਜ਼ਾਦ ਹੋਣ ਲਈ ਖੰਭ ਮਾਰ ਕੇ ਪਿੰਜਰਾ ਤੋੜ ਦਿੱਤਾ, ਪਰ ਜਦੋਂ ਉੱਡਣ ਦਾ ਸਮਾਂ ਆਇਆ ਤਾਂ ਵੇਖਿਆ ਕਿ ਇਸ ਜਦੋਜਹਿਦ ਵਿਚ ਉਸ ਦੇ ਖੰਭ ਝੜ ਚੁਕੇ ਹਨ:

*ਖੁਸ਼ ਹੁਆ ਥਾ ਤੋੜ ਕਰ ਅਪਨੇ ਕਫ਼ਸ ਕੀ ਤੀਲੀਆਂ।*
*ਹਾਏ ਕਹਿ ਕੇ ਰਹਿ ਗਿਆ ਟੂਟੇ ਪਰੋਂ ਕੋ ਦੇਖ ਕਰ।*

ਬੜੇ ਜ਼ੋਰ-ਸ਼ੋਰ ਨਾਲ ਪਿਛਲੇ ੭੫ ਸਾਲਾਂ ਦੇ ਇਸ ਕਾਲ ਨੂੰ 'ਅੰਮ੍ਰਿਤ ਕਾਲ' ਕਹਿ ਕੇ ਇਸ ਦੇ ਗੁਣਗਾਨ ਕੀਤੇ ਜਾ ਰਹੇ ਹਨ ਅਤੇ ਜਸ਼ਨ ਮਨਾਏ ਜਾ ਰਹੇ ਹਨ; ਪਰ ਸਾਡੇ ਲਈ ਇਸ ਦਾ ਅਮਲੀ ਤੌਰ 'ਤੇ ਕੀ ਅਰਥ ਹੈ? ਅਜ਼ਾਦੀ ਤੋਂ ਬਾਅਦ ਘੱਟੋ ਘੱਟ ੭੫ ਐਸੇ ਮਸਲੇ ਹਨ ਜੋ ਸੁਲਝਾਏ ਨਹੀਂ ਗਏ ਬਲਕਿ ਇਨ੍ਹਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਸਿੱਖ ਰਾਜਨੀਤਿਕ ਤੌਰ 'ਤੇ ਗ਼ੁਲਾਮ ਸਨ ਪਰ ਧਾਰਮਿਕ ਤੌਰ 'ਤੇ ਅਜ਼ਾਦ ਸਨ। ਫ਼ੌਜ ਵਿਚ ਸਿੱਖ ਲਈ ਅੰਮ੍ਰਿਤ-ਪਾਨ ਕਰਨਾ ਲਾਜ਼ਮੀ ਸੀ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੌਰਾਨ ਅਣਗਿਣਤ ਕੁਰਬਾਨੀਆਂ ਦੇ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ

ਵਿਚ ਆਈ ਪਰ ਇਸ ਦੇ ਬਾਅਦ ਅੰਗਰੇਜ਼ਾਂ ਨੇ ਗੁਰਦੁਆਰਿਆਂ ਵਿਚ ਕੋਈ ਦਖ਼ਲ-ਅੰਦਾਜ਼ੀ ਨਹੀਂ ਕੀਤੀ। ਪਰ ੧੯੪੭ ਈ. ਤੋਂ ਬਾਅਦ ਲਗਾਤਾਰ 'ਚਾਣਕਯਾ ਨੀਤੀ' ਜਾਂ 'ਮੈਕਿਵਿਲੀਅਨ' ਸਕੀਮਾਂ ਘੜੀਆਂ ਗਈਆਂ ਕਿ ਸਿੱਖਾਂ ਦੀ ਅਜ਼ਾਦ ਧਾਰਮਿਕ ਅਤੇ ਪੰਥਕ ਹਸਤੀ ਨੂੰ ਕਿਵੇਂ ਖੌਰਾ ਲਾਇਆ ਜਾਏ। ਇਸ ਤਰ੍ਹਾਂ ਦੇਸ਼ ਦੀ ਅਜ਼ਾਦੀ ਨਾਲ ਰਾਜਨੀਤਿਕ ਗ਼ੁਲਾਮੀ ਦੇ ਨਾਲ ਨਾਲ ਧਾਰਮਿਕ ਗ਼ੁਲਾਮੀ ਦਾ ਦੌਰ ਸ਼ੁਰੂ ਹੋ ਗਿਆ। ੧੯੪੭ ਈ. ਤੋਂ ਬਾਅਦ ਲਗਾਤਾਰ ਮੋਰਚੇ ਅਤੇ ਕੁਰਬਾਨੀਆਂ ਦੇ ਬਾਵਜੂਦ ਸਿੱਖਾਂ ਅਤੇ ਸਿੱਖੀ ਦੇ ਮੌਲਿਕ ਅਧਿਕਾਰ ਬਹੁਤ ਦੂਰ ਹਨ। ਹੋਰ ਤਾਂ ਹੋਰ ਜਿਹੜੇ ਅਧਿਕਾਰ ਸੰਵਿਧਾਨ ਵਿਚ ਲਿਖਤੀ ਤੌਰ 'ਤੇ ਅੰਕਿਤ ਕੀਤੇ ਗਏ ਸਨ ਉਨ੍ਹਾਂ ਦੇ ਨਾਲ ਵੀ ਕਿੰਤੂ ਪ੍ਰੰਤੂ ਜੋੜ ਦਿੱਤੇ ਗਏ ਹਨ ਅਤੇ ਲਗਾਤਾਰ ਯੋਜਨਾਬੱਧ ਤਰੀਕੇ ਨਾਲ ਖੋਹੇ ਜਾ ਰਹੇ ਹਨ।

ਇਹ ਵੀ ਇਕ ਤਲਖ਼ ਸੱਚਾਈ ਹੈ ਕਿ ੧੯੮੪ ਈ. ਵਿਚ ਸਿੱਖਾਂ ਦੇ ਜਾਨ-ਮਾਲ ਅਤੇ ਗੁਰਧਾਮਾਂ ਦੀ ਰਾਖੀ ਇਹ ਸੰਵਿਧਾਨ ਨਹੀਂ ਕਰ ਸਕਿਆ ਅਤੇ ਜੇ ਸਿੱਖਾਂ ਦੇ ਹਕੂਕਾਂ ਦਾ ਹਨਨ ਵੀ ਹੋਇਆ ਹੈ ਤਾਂ ਇਸੇ ਸੰਵਿਧਾਨ ਦੇ ਤਹਿਤ ਹੀ ਹੋਇਆ ਹੈ। ਜਿਵੇਂ ਸਿੱਖਾਂ ਦੀ ਧਾਰਮਿਕ ਹਸਤੀ ਨੂੰ ਨਕਾਰਦਿਆਂ ਵਿਰਾਸਤ, ਵਿਆਹ, ਗੋਦ ਲੈਣ ਦੇ ਕਾਨੂੰਨਾਂ ਆਦਿ ਦੇ ਮਾਮਲੇ, ੧੯੭੯ ਈ. ਵਿਚ ਸੰਵਿਧਾਨ ਦੀ ੪੪ਵੀਂ ਤਰਮੀਮ ਰਾਹੀਂ ਧਾਰਾ ੩੫੯-ਏ ਦੀ ਸ਼ਮੂਲੀਅਤ ਜਿਸ ਰਾਹੀਂ ੧੯੭੯ ਤੋਂ ੧੯੯੦ ਈ. ਤਕ ਕੇਵਲ ਪੰਜਾਬ ਵਿਚ ਐਮਰਜੈਂਸੀ ਵਰਗੇ ਕਾਨੂੰਨ ਲਾਗੂ ਕਰਨੇ। ਹੋਰ ਤਾਂ ਹੋਰ ਸਰਕਾਰ ਵੱਲੋਂ ਸਥਾਪਿਤ ਕੀਤੇ ਸੁਪਰੀਮ ਕੋਰਟ ਦੇ ਜੱਜ ਜਸਟਿਸ ਵੈਂਕਟਾਚੱਲੀਆ ਕਮੀਸ਼ਨ ਵੱਲੋਂ ਧਾਰਾ ੨੫ ਨੂੰ ਮੁੜ ਪਰਿਭਾਸ਼ਿਤ ਕਰਨ ਦੀ ਸਿਫ਼ਾਰਿਸ਼ ਨੂੰ ਵੀ ਦਹਾਕੇ ਬੀਤ ਜਾਣ ਦੇ ਬਾਵਜੂਦ ਲਾਗੂ ਨਹੀਂ ਕੀਤਾ ਗਿਆ। ਜਦੋਂ ਦਾ ਸੰਵਿਧਾਨ ਹੋਂਦ ਵਿਚ ਆਇਆ ਹੈ ਸਿੱਖ ਇਸ ਧਾਰਾ ੨੫ ਵਿਚ ਸੋਧ ਦੀ ਮੰਗ ਕਰਦੇ ਆ ਰਹੇ ਹਨ ਅਤੇ ਅਕਾਲੀ ਦਲ ਵੱਲੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਇਸ ਧਾਰਾ ਨੂੰ ਜਨਤਕ ਤੌਰ 'ਤੇ ਸਾੜ ਕੇ ਆਪਣਾ ਵਿਰੋਧ ਅਤੇ ਰੋਸ ਵੀ ਪ੍ਰਗਟ ਕੀਤਾ ਸੀ।

ਘੱਟ-ਗਿਣਤੀਆਂ ਖਾਸ ਕਰ ਸਿੱਖਾਂ ਵੱਲੋਂ ਕਈ ਵਾਰ ਮਜ਼ਬੂਤ ਰਾਜਾਂ ਦੀ ਮੰਗ ਕੀਤੀ ਜਾਂਦੀ ਹੈ। ਸਵਾਲ ਮਜ਼ਬੂਤ ਸੰਘ ਜਾਂ ਰਾਜ ਸਰਕਾਰ ਦਾ ਨਹੀਂ ਹੈ। ਇੰਦਰਾ ਗਾਂਧੀ ਸ਼ਾਸਿਤ ਸੰਘ ਸਰਕਾਰ ਅਤੇ ਦਰਬਾਰਾ ਸਿੰਘ-ਬੇਅੰਤ ਸਿੰਘ ਸ਼ਾਸਿਤ ਰਾਜ ਸਰਕਾਰਾਂ ਅਤੇ ਬਾਅਦ ਦੀਆਂ ਮਜ਼ਬੂਤ ਕੇਂਦਰ ਜਾਂ ਮਜ਼ਬੂਤ ਰਾਜ ਸਰਕਾਰਾਂ ਦੇ ਤਲਖ਼ ਤਜਰਬੇ ਦੇ ਬਾਅਦ ਕੀ ਕਿਸੇ ਇਕ ਪਰਿਪਾਟੀ ਜਾਂ ਫਾਰਮੂਲੇ ਦੀ ਮੰਗ ਕੀਤੀ ਜਾ ਸਕਦੀ ਹੈ?

ਖੈਰ, ਇਹ ਸਭ ਕੁਝ ਇਕ ਬੀਤ ਚੁਕਾ ਇਤਿਹਾਸ ਹੈ ਅਤੇ ਇਹ ਸੰਵਿਧਾਨ ਹਰ ਭਾਰਤ-ਵਾਸੀ ਸਣੇ ਸਿੱਖਾਂ ਦਾ ਹੈ ਅਤੇ ਹਰ ਇਕ 'ਤੇ ਪੂਰੀ ਤਰ੍ਹਾਂ ਲਾਗੂ ਹੈ, ਜਿਸ

ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਇਸ ਸਾਰੀ ਇਤਿਹਾਸਿਕ ਦੁਬਿਧਾ ਤੇ ਆਪਸੀ ਕਸ਼ਮਕਸ਼ ਦੇ ਬਾਵਜੂਦ ਇਸ ਭਾਰੀ ਭਰਕਮ ਸੰਵਿਧਾਨ ਵਿਚ ਘੱਟ-ਗਿਣਤੀਆਂ ਦੇ ਹਕੂਕਾਂ ਦੀ ਰਾਖੀ ਲਈ ਕਈ ਸੁਖਾਵੀਆਂ ਲਿਖਤੀ ਧਾਰਾਵਾਂ ਪਾਈਆਂ ਗਈਆਂ ਹਨ । ਜਿਵੇਂ ਧਾਰਾ ੨੫ ਵਿਚ ਸਿੱਖਾਂ ਦੇ ਕਿਰਪਾਨ ਧਾਰਨ ਕਰਨ ਦੀ ਅਜ਼ਾਦੀ, ਧਾਰਾ ੨੭ ਰਾਹੀਂ ਘੱਟ-ਗਿਣਤੀਆਂ ਦੀ ਸਭਿਅਤਾ ਅਤੇ ਵਿੱਦਿਆ ਦੇ ਹੱਕ ਦੀ ਰਾਖੀ, ਧਾਰਾ ੩੦ ਮੁਤਾਬਿਕ ਧਾਰਮਿਕ ਅਤੇ ਭਾਸ਼ਾਈ ਘੱਟ-ਗਿਣਤੀ ਨੂੰ ਆਪਣੇ ਵਿੱਦਿਅਕ ਅਦਾਰੇ ਕਾਇਮ ਕਰਨ ਦੀ ਜ਼ਮਾਨਤ ਆਦਿ ਆਦਿ। ਸਿੱਖ ਸ਼ੁਰੂ ਤੋਂ ਹੀ ਇਕ ਮੰਗ ਕਰ ਰਹੇ ਹਨ ਕਿ ਸਾਡੀ ਧਾਰਮਿਕ ਅਜ਼ਾਦ ਹਸਤੀ ਦੀ ਰੱਖਿਆ ਕੀਤੀ ਜਾਏ। ਪਰ ਇਸ ਨੂੰ ਵੀ ਨਿਰਸਤ ਕਰਨ ਲਈ ਸੁਪਰੀਮ ਕੋਰਟ ਦੇ ਇਕ ਫੈਸਲੇ ਵਿਚ ਇਹ ਕਹਿ ਦਿੱਤਾ ਗਿਆ ਸਿੱਖ ਤਾਂ ਰਾਸ਼ਟਰ ਦੀ ਏਕਤਾ ਹਿੱਤ ਇਹ ਮੰਗ ਛੱਡ ਚੁਕੇ ਹਨ। ਨਾ ਤਾਂ ਕੌਮ ਨੇ ਕਦੀ ਵੀ ਇਹ ਮੰਗ ਛੱਡੀ ਹੈ ਅਤੇ ਨਾ ਹੀ ਛੱਡਣ ਬਾਰੇ ਸੋਚਿਆ ਹੀ ਜਾ ਸਕਦਾ ਹੈ।

ਭਾਰਤ ਦੇ ਸੰਵਿਧਾਨ ਦਾ ਝੁਕਾਅ ਨਿਸਚਿਤ ਤੌਰ ’ਤੇ ਬਹੁਗਿਣਤੀ ਵੱਲ ਹੋਣ ਦੇ ਅਤੇ ਕਈ ਹੋਰ ਕਮੀਆਂ ਦੇ ਬਾਵਜੂਦ ਸੰਵਿਧਾਨ ਦੀ ਇਹ ਅਤੇ ਇਸ ਵਰਗੀਆਂ ਹੋਰ ਧਾਰਾਵਾਂ ਘੱਟ-ਗਿਣਤੀਆਂ ਦੀਆਂ ਭਾਵਨਾਵਾਂ ਦੀ ਪੂਰਤੀ ਅਤੇ ਸੰਤੁਸ਼ਟੀ ਕਾਫੀ ਹੱਦ ਤਕ ਕਰਨ ਲਈ ਸਮਰੱਥ ਹਨ। ਸੋ ਅੱਛੀ ਸ਼ੁਰੂਆਤ ਲਈ ਸਵਾਲ ਸੰਵਿਧਾਨ ਜਾਂ ਇਸ ਦੇ ਢਾਂਚੇ ਦਾ ਜਾਂ ਨਵੇਂ ਕਾਨੂੰਨਾਂ ਦਾ ਨਹੀਂ ਬਲਕਿ ਦਿੱਤੇ ਹੋਏ ਹੱਕ ਅਤੇ ਹਕੂਕਾਂ ਨੂੰ ਲਾਗੂ ਕਰਨ ਵਾਲੀ ਕਿਸੇ ਜਵਾਬਦੇਹ ਸੰਵਿਧਾਨਕ ਮਸ਼ੀਨਰੀ ਦੀ ਸਥਾਪਤੀ ਦਾ ਹੈ। ਇਸ ਦੇ ਬਿਨਾਂ ਭਾਵੇਂ ਜਿੰਨੇ ਮਰਜ਼ੀ ਵਾਅਦੇ, ਕਾਨੂੰਨ ਜਾਂ ਸੰਵਿਧਾਨਕ ਢਾਂਚੇ ਕਾਇਮ ਹੋ ਜਾਣ, ਸਭ ਨਿਰਾਰਥਕ ਅਤੇ ਘੱਟ-ਗਿਣਤੀਆਂ ਲਈ ਘਾਤਕ ਸਾਬਤ ਹੋਣਗੇ।

ਇਸ ਦੇ ਨਾਲ ਹੀ ਇਕ ਅਹਿਮ ਨੁਕਤਾ ਹੈ ਕਿ ਭਾਰਤ ਦੇ ਸਿੱਖ ਨਾਗਰਿਕ ਦੂਹਰੀ ਪ੍ਰਭੂਸੱਤਾ ਦੇ ਅਧੀਨ ਹਨ। ਇਕ ਤਾਂ ਉਨ੍ਹਾਂ ਤੇ ਭਾਰਤ ਦਾ ਸੰਵਿਧਾਨ ਲਾਗੂ ਹੈ ਅਤੇ ਉਸ ਦੇ ਅਧੀਨ ਹੀ ਉਨ੍ਹਾਂ ਨੂੰ ਵਿਚਰਣਾ ਪੈਂਦਾ ਹੈ। ਦੂਸਰੇ ਪਾਸੇ ਉਨ੍ਹਾਂ ’ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਲਾਹੀ ਆਦੇਸ਼ ਅਤੇ ਹੁਕਮਨਾਮੇ ਲਾਗੂ ਹਨ। ਉਹ ਕਿਸੇ ਵੀ ਹਾਲਤ ਵਿਚ ਇਸ ਤੋਂ ਮੁਨਕਰ ਨਹੀਂ ਹੋ ਸਕਦੇ। ਕਿਸੇ ਹੋਰ ਧਰਮ ਜਾਂ ਸੰਸਥਾ ਕੋਲ ਨਾ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਰਗੀ ਸ਼ਕਤੀ-ਸੰਪਨ ਸੰਸਥਾ ਹੀ ਹੈ ਜੋ ਪ੍ਰਭਾਵੀ ਹੁਕਮ ਜਾਂ ਆਦੇਸ਼ ਜਾਰੀ ਕਰ ਸਕੇ। ਇਸ ਤਰ੍ਹਾਂ ਸੰਵਿਧਾਨ ਦੇ ਕਾਨੂੰਨੀ ਅਖਤਿਆਰ ਦੀ ਸਰਬ-ਉੱਚਤਾ ਅਤੇ ਦੂਸਰੇ ਪਾਸੇ ਬਤੌਰੇ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਲਾਹੀ ਹੁਕਮ ਦੀ ਸਰਬ-ਉੱਚਤਾ ਅੱਗੇ ਆਪਣੇ ਆਪ ਨੂੰ ਇਸ ਦੇ ਅਧੀਨ ਕਰਨਾ, ਇਨ੍ਹਾਂ ਦੋਨੋਂ ਸਿਧਾਂਤਾਂ ਦੇ ਦੂਹਰੇ ਅਧਿਕਾਰ ਖੇਤਰ ਵਿਚ ਉਸ ਨੂੰ

ਵਿਚਰਣਾ ਪੈਂਦਾ ਹੈ। ਇਸ ਨਾਲ ਭਾਰਤ ਵਿਚ ਰਹਿ ਰਹੇ ਸਿੱਖਾਂ ਲਈ ਸਮੇਂ-ਸਮੇਂ ਇਕ ਵਿਵਹਾਰਕ ਅਤੇ ਕਾਨੂੰਨੀ ਅੜਚਣ ਪੈਦਾ ਹੋ ਜਾਣੀ ਸੁਭਾਵਿਕ ਹੀ ਹੈ। ਜਿਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀਨ ਜਥੇਦਾਰ ਗੁਰਦਿਆਲ ਸਿੰਘ ਜੀ ਅਜਨੋਹਾ ਅਤੇ ਜਥੇਦਾਰ ਰਣਜੀਤ ਸਿੰਘ ਜੀ ਨੂੰ ਅਦਾਲਤੀ ਸੰਮਨ ਜਾਰੀ ਹੋਣੇ। ਜੇਕਰ ਕਿਧਰੇ ਐਸੇ ਹਾਲਾਤ ਪੈਦਾ ਹੋ ਜਾਣ ਜਿੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸੰਵਿਧਾਨ ਦੇ ਵਿਚਕਾਰ ਟਕਰਾਅ ਵਾਲੀ ਹਾਲਤ ਪੈਦਾ ਹੋ ਜਾਏ ਤਾਂ ਇਸ ਦਾ ਅੰਜਾਮ ਖ਼ਤਰਨਾਕ ਹੀ ਨਹੀਂ ਬਲਕਿ ਭਿਆਨਕ ਵੀ ਸਾਬਤ ਹੋ ਸਕਦਾ ਹੈ। ਇਸ ਸੰਭਾਵੀ ਟਕਰਾਅ ਨੂੰ ਸਦੀਵੀ ਤੌਰ 'ਤੇ ਸਮਾਪਤ ਕਰਨ ਲਈ ਕਿਸੇ ਸੰਵਿਧਾਨਕ ਵਿਧੀ ਵਿਧਾਨ ਦੀ ਲੋੜ ਪਹਿਲੇ ਨਾਲੋਂ ਵੱਧ ਹੈ। ਇਸ ਵਿਚ ਹੀ ਦੇਸ਼ ਅਤੇ ਕੌਮ ਦੀ ਭਲਾਈ ਹੈ।

ਕਿਸੇ ਵੀ ਸੰਵਿਧਾਨ ਦੀ ਸਫਲਤਾ ਦਾ ਪੈਮਾਨਾ ਇਹ ਹੁੰਦਾ ਹੈ ਕਿ ਕੀ ਉਹ ਘੱਟ-ਗਿਣਤੀਆਂ ਦੀ ਜਾਨ-ਮਾਲ, ਉਸ ਦੇ ਧਾਰਮਿਕ ਸਥਾਨਾਂ ਦੀ ਪਵਿੱਤਰਤਾ, ਉਸ ਦੇ ਬੁਨਿਆਦੀ ਹਕੂਕ, ਵਿਸ਼ਵਾਸ, ਭਰੋਸੇ ਅਤੇ ਸਦਭਾਵਨਾ ਨੂੰ ਜਿੱਤ ਸਕਿਆ ਹੈ ਕਿ ਨਹੀਂ? ਇਸ ਕਸਵੱਟੀ 'ਤੇ ਭਾਰਤ ਦੇ ਸੰਵਿਧਾਨ ਨੂੰ ਅਜੇ ਬਹੁਤ ਲੰਮਾ ਸਫਰ ਤੈਅ ਕਰਨਾ ਹੈ।

■

---

***ਜਹ ਮੁਸਕਲ ਹੋਵੈ ਅਤਿ ਭਾਰੀ...*** ***ਸਫਾ ੬੬ ਦਾ ਬਾਕੀ***

ਸੋ ਪਿਆਰਿਆ, ਤੂੰ ਹਰ ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਨਿੱਤਨੇਮ ਕਰਿਆ ਕਰ, ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਦਾ ਬਹੁਤ ਹੀ ਪਿਆਰ ਨਾਲ ਪਾਠ ਕਰਿਆ ਕਰ, ਵਾਹਿਗੁਰੂ ਜੀ ਦਾ ਸਿਮਰਨ ਕਰਿਆ ਕਰ। ਸਿਮਰਨ ਦੀ ਵੱਡੀ ਬਰਕਤ ਸਦਕਾ ਤੂੰ ਇਸ ਲੋਕ ਵਿਚ ਤਾਂ ਸੁਖ ਪਾਵੇਂਗਾ ਹੀ, ਅੰਤ ਵੇਲੇ ਪ੍ਰਲੋਕ ਵਿਚ ਜਾਣ ਸਮੇਂ ਵੀ ਰੱਬ ਦਾ ਨਾਮ ਤੇਰੀ ਬਹੁਤ ਵੱਡੀ ਸਹਾਇਤ ਕਰੇਗਾ।

ਸੋ ਗੁਰੂ ਕੇ ਪਿਆਰਿਓ, ਮਹਾਨ ਸਤਿਗੁਰੂ ਜੀ ਆਪਣੇ ਪਾਵਨ ਉਪਦੇਸ਼ ਰਾਹੀਂ ਮਨੁੱਖ ਨੂੰ ਬਹੁਤ ਹੀ ਪਿਆਰ ਨਾਲ ਸਮਝਾ ਰਹੇ ਹਨ ਕਿ ਪਿਆਰਿਆ, ਜਿੱਥੇ ਤੂੰ ਦੁਨੀਆ ਵਿਚ ਵਿਚਰਦੇ ਹੋਇਆਂ, ਵਾਹਿਗੁਰੂ ਜੀ ਨੂੰ ਸਿਮਰਨ ਦੁਆਰਾ ਬਹੁਤ ਹੀ ਪਿਆਰ ਨਾਲ ਸਦਾ ਯਾਦ ਕਰਦਾ ਰਹੇਂਗਾ, ਐਸੇ ਪਿਆਰੇ ਗੁਰਸਿੱਖ ਦੀ ਮਹਾਨ ਸਤਿਗੁਰੂ ਜੀ ਲੋਕ ਅਤੇ ਪ੍ਰਲੋਕ ਦੇ ਦੋਹਾਂ ਥਾਵਾਂ 'ਤੇ ਬਹੁਤ ਵੱਡੀ ਸਹਾਇਤਾ ਕਰਨ ਦੇ ਜ਼ਿੰਮੇਵਾਰ ਹੋ ਜਾਂਦੇ ਹਨ।

■

# ਸਹਿਣਸ਼ੀਲਤਾ

*-ਡਾ. ਰਾਜਵਿੰਦਰ ਸਿੰਘ ਜੋਗਾ**

**ਸਹਿਣਸ਼ੀਲ:-** ਇਹ ਦੋ ਸ਼ਬਦਾਂ 'ਸਹਣ/ਸਹਨ' ਅਤੇ 'ਸ਼ੀਲ' ਦੇ ਸੁਮੇਲ ਤੋਂ ਬਣਿਆ ਹੈ। 'ਸਹਣ ਜਾਂ ਸਹਨ' ਦਾ ਅਰਥ ਹੈ- ਸਹਾਰਨਾ ਤੇ 'ਸ਼ੀਲ' ਦਾ ਅਰਥ ਹੈ- ਮਿੱਠਾ ਸੁਭਾਉ। ਸੋ ਇਸ ਦੇ ਕੋਸ਼ਗਤ ਅਰਥ ਹਨ- ਸਹਾਰਨ ਵਾਲਾ, ਜਿਸ ਦਾ ਸੁਭਾਉ ਬਰਦਾਸ਼ਤ ਕਰਨ ਵਾਲਾ ਹੈ। ਗੁਰਬਾਣੀ ਅਨੁਸਾਰ 'ਸੀਲ' ਸ਼ਬਦ ਦਾ 'ਸ' ਪੈਰ ਵਿਚ ਬਿੰਦੀ ਰਹਿਤ ਹੈ। ਬਿੰਦੀ ਸਹਿਤ 'ਸ਼' ਬਾਅਦ ਵਿਚ ਆਇਆ। ਸੋ 'ਸਹਨਸੀਲ ਜਾਂ ਸਹਣਸੀਲ' ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰਫ ਦੋ ਵਾਰ ਆਇਆ ਹੈ:

*ਸਹਨ ਸੀਲ ਪਵਨ ਅਰੁ ਪਾਣੀ ਬਸੁਧਾ ਖਿਮਾ ਨਿਭਰਾਤੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੯੯)*

**ਭਾਵ:-** ਹਵਾ ਅਤੇ ਪਾਣੀ (ਇਹ ਦੋਵੇਂ) ਸਹਾਰ ਸਕਣ ਦੇ ਸੁਭਾਉ ਵਾਲੇ ਹਨ। ਧਰਤੀ ਤਾਂ ਨਿਰਸੰਦੇਹ ਖਿਮਾ ਰੂਪ ਹੀ ਹੈ।

*ਸਹਣ ਸੀਲ ਸੰਤੰ ਸਮ ਮਿਤ੍ਰਸ੍ਯ ਦੁਰਜਨਹ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੩)*

**ਭਾਵ-** ਸੰਤ ਜਨਾਂ ਨੂੰ ਮਿੱਤਰ ਅਤੇ ਦੁਰਜਨ (ਭੈੜੇ ਮਨੁੱਖ) ਇੱਕ-ਸਮਾਨ ਹੁੰਦੇ ਹਨ। ਦੂਜਿਆਂ ਦੀ ਵਧੀਕੀ ਨੂੰ ਸਹਾਰਨਾ, ਇਹ ਉਨ੍ਹਾਂ ਦਾ ਸੁਭਾਉ ਬਣ ਜਾਂਦਾ ਹੈ।

ਸਹਿਣਸ਼ੀਲ ਦੇ ਸਮਾਨਅਰਥੀ 'ਖਿਮਾ' ਸ਼ਬਦ ਬਹੁਤ ਵਰਤਿਆ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਦੇ ਅਰਥ 'ਦੁਖ ਸੁਖ ਸਹਾਰਨ ਵਾਲੀ ਚਿੱਤ ਦੀ ਵ੍ਰਿੱਤਿ, ਸਮਾਈ, ਬੁਰਦਬਾਰੀ' ਕੀਤੇ ਹਨ। ਭਾਈ ਵੀਰ ਸਿੰਘ ਜੀ ਨੇ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿਚ ਇਸ ਦੇ ਅਰਥ- ਸੰਸਕ੍ਰਿਤ ਵਿਚ 'ਕਸ਼ਮਾ' ਤੇ ਪੰਜਾਬੀ ਵਿਚ 'ਖਿਮਾ' ਲਿਖੇ ਹਨ, ਜਿਸ ਦਾ ਭਾਵ ਹੈ- "ਸਹਾਰਾ, ਬਰਦਾਸ਼ਤ, ਮਾਫ਼ੀ, ਬਖ਼ਸ਼ਿਸ।" ਡਾ. ਗੁਰਚਰਨ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿਚ ਇਸ ਦੇ ਅਰਥ- ਮੁਆਫ਼ੀ, ਭੁਲ, ਉਕਾਈ ਨੂੰ ਦਰਗੁਜ਼ਰ ਕਰਨ ਦੀ ਪਰਵਿਰਤੀ ਕੀਤੇ ਹਨ। ਕਹਿਣ ਤੋਂ ਭਾਵ ਇਨ੍ਹਾਂ ਵਿਦਵਾਨਾਂ ਨੇ ਲਗਪਗ ਇੱਕ ਦੂਜੇ ਨਾਲ ਮੇਲ ਖਾਂਦੇ ਅਰਥ ਹੀ ਕੀਤੇ ਹਨ। ਸੋ ਖਿਮਾ ਦੀ ਗੁਰਮਤਿ ਵਿਚ ਬਹੁਤ ਮਹਾਨਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਖਿਮਾ' ਸ਼ਬਦ ੨੧ ਵਾਰੀ ਆਇਆ ਹੈ। ਗੁਰੂ ਸਾਹਿਬਾਨ ਨੇ ਤਾਂ ਇਸ ਨੂੰ ਜੀਵ ਰੂਪੀ ਇਸਤਰੀ ਦਾ ਸ਼ਿੰਗਾਰ ਕਿਹਾ ਹੈ:

*- ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੯)*

** ਇੰਚਾਰਜ ਅਤੇ ਐਸੋ. ਸੰਪਾਦਕ, ਗੁਰਦੁਆਰਾ ਗਜ਼ਟ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੫੦੧੩੦੦੪੫੯*

*– ਖਿਮਾ ਸੀਗਾਰ ਕਰੇ ਪ੍ਰਭ ਖੁਸੀਆ ਮਨਿ ਦੀਪਕ ਗੁਰ ਗਿਆਨੁ ਬਲਈਆ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੩੫)*

ਭਾਵ, ਕਿ ਜੇ ਦੁਨੀਆ ਦੀ ਵਧੀਕੀ ਨੂੰ ਸਹਾਰ ਲੈਣ ਦੇ ਸੁਭਾਵ ਨੂੰ ਜੀਵ-ਇਸਤਰੀ ਸ਼ਿੰਗਾਰ ਬਣਾ ਕੇ ਆਪਣੇ ਸਰੀਰ ਉਤੇ ਪਹਿਨ ਲਵੇ ਤਾਂ ਪਤੀ-ਪ੍ਰਭੂ ਦੀ ਪਿਆਰੀ ਹੋ ਕੇ ਉਸ ਨੂੰ ਮਿਲ ਪੈਂਦੀ ਹੈ।

ਇਸੇ ਤਰ੍ਹਾਂ ਭਗਤ ਕਬੀਰ ਜੀ ਤਾਂ ਇੱਥੋਂ ਤਕ ਕਹਿੰਦੇ ਹਨ, ਕਿ ਜਿੱਥੇ ਖਿਮਾ ਹੈ, ਉੱਥੇ ਪਰਮਾਤਮਾ ਆਪ ਹੁੰਦਾ ਹੈ:

*ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੨)*

ਅੰਗਰੇਜ਼ੀ ਵਿਚ ਇੱਕ ਮੁਹਾਵਰਾ ਪ੍ਰਚਲਿਤ ਹੈ- 'To err is human, to forgive is divine' ਭਾਵ ਭੁੱਲ ਕਰਨਾ ਮਨੁੱਖੀ ਸੁਭਾਅ ਹੈ ਤੇ ਖਿਮਾ ਕਰ ਦੇਣਾ ਰੱਬੀ। ਪਰ ਜੇਕਰ ਖਿਮਾ ਦੇ ਦੂਸਰੇ ਪੱਖ ਨੂੰ ਵਿਚਾਰੀਏ ਤਾਂ ਇਸ ਗੁਣ ਦੀ ਵਿਹੂਣਤਾ ਹੈ ਜਿਸ ਦਾ ਮਤਲਬ ਹੈ ਅਦਲੇ ਦਾ ਬਦਲਾ ਲੈਣਾ। ਇਸ ਤਰ੍ਹਾਂ ਕਰਨ ਨਾਲ ਬਹੁਤ ਨੁਕਸਾਨ ਹੋ ਜਾਂਦਾ ਹੈ, ਕਰਨ ਵਾਲੇ ਦਾ ਵੀ ਤੇ ਕਰਾਉਣ ਵਾਲੇ ਦਾ ਵੀ। ਇਸ ਪ੍ਰਥਾਇ ਗੁਰਬਾਣੀ ਵਿਚ ਦਰਜ ਹੈ:

*ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੭)*

ਗੁਰ-ਇਤਿਹਾਸ ਵਿਚ ਅਨੇਕ ਉਦਾਹਰਨਾਂ ਹਨ ਕਿ ਗੁਰੂ ਸਾਹਿਬ ਨੇ ਕਿਸੇ ਨਾਲ ਵੀ ਵੈਰ ਦੀ ਭਾਵਨਾ ਨਹੀਂ ਰੱਖੀ, ਹਮੇਸ਼ਾ ਹੀ ਵਧੀਕੀ ਕਰਨ ਵਾਲੇ ਨੂੰ ਖਿਮਾ ਕੀਤਾ। ਸਿੱਖ ਪਰੰਪਰਾ ਅਨੁਸਾਰ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਮੱਕੇ ਗਏ ਤੇ ਉੱਥੇ ਮੱਕੇ ਵੱਲ ਆਪਣੇ ਚਰਨ (ਪੈਰ) ਕਰ ਕੇ ਵਿਸ਼ਰਾਮ ਕਰਨ ਲੱਗ ਪਏ। ਕਾਜ਼ੀ ਨੇ ਜਦੋਂ ਗੁਰੂ ਜੀ ਨੂੰ ਇਸ ਤਰ੍ਹਾਂ ਲੇਟਿਆ ਵੇਖਿਆ, ਤਾਂ ਉਨ੍ਹਾਂ ਨੇ ਗੁਰੂ ਜੀ ਨੂੰ ਆ ਕੇ ਲੱਤ ਮਾਰੀ ਤੇ ਕਿਹਾ, ਤੂੰ ਕੌਣ ਹੈਂ? ਤੈਨੂੰ ਪਤਾ ਨਹੀਂ ਕਿ ਤੂੰ ਅੱਲਾਹ ਦੇ ਘਰ ਵੱਲ ਪੈਰ ਕਰੀ ਪਿਆ ਹੈਂ। ਗੁਰੂ ਜੀ ਨੇ ਉਸ ਦਾ ਗੁੱਸਾ ਨਹੀਂ ਕੀਤਾ ਤੇ ਉਨ੍ਹਾਂ ਨੂੰ ਬੜੇ ਪਿਆਰ ਨਾਲ ਕਿਹਾ ਕਿ ਭਾਈ ਜਿਸ ਪਾਸੇ ਅੱਲਾਹ ਨਹੀਂ ਉਸ ਪਾਸੇ ਮੇਰੇ ਪੈਰ (ਚਰਨ) ਕਰ ਦਿਉ। ਗੁਰੂ ਜੀ ਦੇ ਠਰ੍ਹੰਮੇ ਭਰੇ ਬਚਨਾਂ ਨਾਲ ਉਨ੍ਹਾਂ ਨੂੰ ਅਜਿਹਾ ਗਿਆਨ ਹੋਇਆ ਕਿ ਉਹ ਚਰਨੀਂ ਢਹਿ ਪਏ। ਇਸੇ ਤਰ੍ਹਾਂ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ 'ਤੇ ਬਿਰਾਜਮਾਨ ਹੋਏ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਵੱਡੇ ਪੁੱਤਰ ਦਾਤੂ ਨੇ ਉਨ੍ਹਾਂ ਨੂੰ ਆ ਕੇ ਲੱਤ ਮਾਰੀ। ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਬਦਲੇ ਕੁਝ ਕਹਿਣ ਦੀ ਬਜਾਇ ਉਸ ਦੇ ਚਰਨ ਫੜ ਲਏ ਤੇ ਕਿਹਾ, ਕਿ ਤੁਹਾਡੇ ਸੱਟ ਤਾਂ ਨਹੀਂ ਲੱਗੀ, ਕਿਉਂਕਿ ਮੇਰਾ ਸਰੀਰ ਬੁੱਢਾ ਹੋਣ ਕਰਕੇ ਹੱਡ ਵੀ ਸਖ਼ਤ ਹੋ ਗਏ ਹਨ। ਫਿਰ ਸ੍ਰੀ ਗੁਰੂ ਰਾਮਦਾਸ ਜੀ ਪ੍ਰਥਾਇ ਸਿੱਖ ਸ੍ਰੋਤਾਂ ਵਿਚ ਸਾਖੀ ਮਿਲਦੀ ਹੈ, ਕਿ ਉਨ੍ਹਾਂ ਦੇ ਦਰਬਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਜੀ ਆਏ ਤੇ ਉਨ੍ਹਾਂ

ਨੇ ਆ ਕੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਕਿਹਾ, "ਪੁਰਖਾ! ਦਾੜ੍ਹੀ ਬਹੁਤ ਵਧਾਈ ਹੈ!!", ਤਾਂ ਨਿਮਰਤਾ ਦੇ ਪੁੰਜ ਸ੍ਰੀ ਗੁਰੂ ਰਾਮਦਾਸ ਜੀ ਨੇ ਕਿਹਾ, "ਤੁਹਾਡੇ ਜਿਹੇ ਮਹਾਂਪੁਰਖਾਂ ਦੇ ਚਰਨ ਝਾੜਨ ਲਈ!" ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਪੈਂਦੇ ਖਾਂ ਦੀ ਸਾਖੀ ਤੁਸੀਂ ਸੁਣੀ/ਪੜ੍ਹੀ ਹੋਣੀ ਏ ਕਿ ਗੁਰੂ ਸਾਹਿਬ ਕਿੰਨੀ ਸਹਿਣਸ਼ੀਲਤਾ ਤੇ ਖਿਮਾ ਦੇ ਮੁਜੱਸਮੇ ਸਨ। ਆਪ ਜੀ ਨੇ ਮੈਦਾਨ-ਏ-ਜੰਗ ਵਿਚ ਵੀ ਸਾਹਮਣੇ ਖੜ੍ਹੇ ਦੁਸ਼ਮਣ ਨੂੰ ਪਹਿਲਾਂ ਵਾਰ ਕਰਨ ਦਾ ਮੌਕਾ ਦਿੱਤਾ। ਦੁਸ਼ਮਣ ਨੇ ਸੇਧ ਕੇ ਵਾਰ ਕੀਤਾ, ਪਰ ਗੁਰੂ ਜੀ ਨੇ ਬਚਾ ਲਿਆ, ਦੁਸ਼ਮਣ ਦੇ ਤਿੰਨ ਵਾਰਾਂ ਤੋਂ ਬਾਅਦ ਫਿਰ ਗੁਰੂ ਜੀ ਨੇ ਦੁਸ਼ਮਣ ਨੂੰ ਸੁਚੇਤ ਕਰ ਕੇ ਆਪਣਾ ਵਾਰ ਛੱਡਿਆ। ਇਸ ਵਾਰ ਨਾਲ ਜ਼ਖ਼ਮੀ ਹੋਏ ਦੁਸ਼ਮਣ ਨੂੰ ਆਪਣੀ ਗੋਦ ਵਿਚ ਲੈ ਕੇ ਫਿਰ ਬਖ਼ਸ਼ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰਿਆਈ ਸਮੇਂ ਉਨ੍ਹਾਂ ਉਪਰ ਧੀਰ ਮੱਲ ਦੇ ਮਸੰਦਾਂ ਨੇ ਗੋਲੀ ਚਲਾ ਦਿੱਤੀ ਤੇ ਗੁਰੂ ਸਾਹਿਬ ਦੇ ਘਰ ਦਾ ਸਾਰਾ ਸਾਮਾਨ ਵੀ ਲੁੱਟ ਲਿਆ। ਜਦੋਂ ਗੁਰੂ ਸਾਹਿਬ ਦੇ ਅਨਿੰਨ ਸਿੱਖ ਭਾਈ ਮੱਖਣ ਸ਼ਾਹ ਲੁਬਾਣੇ ਨੂੰ ਇਸ ਘਟਨਾ ਬਾਰੇ ਪਤਾ ਲੱਗਿਆ ਤਾਂ ਉਸ ਨੇ ਇਸ ਦੀ ਸਜ਼ਾ ਦੇਣ ਲਈ ਸ਼ੀਹੇਂ ਮਸੰਦ ਦੀਆਂ ਮੁਸ਼ਕਾਂ ਬੰਨ੍ਹ ਕੇ ਲੁੱਟਿਆ ਹੋਇਆ ਸਾਮਾਨ ਵੀ ਵਾਪਸ ਲੈ ਆਂਦਾ ਤੇ ਗੁਰੂ ਸਾਹਿਬ ਅੱਗੇ ਪੇਸ਼ ਕੀਤਾ। ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਅਜਿਹਾ ਕਰਨ ਤੋਂ ਵਰਜਿਆ ਤੇ ਵਾਪਸ ਲਿਆਂਦਾ ਸਾਮਾਨ ਵੀ ਉਨ੍ਹਾਂ (ਧੀਰਮੱਲ ਹੁਰਾਂ) ਨੂੰ ਦੇਣ ਦਾ ਹੁਕਮ ਦੇ ਦਿੱਤਾ। ਇਸ ਤਰ੍ਹਾਂ ਸਿੱਖ ਇਤਿਹਾਸ ਵਿਚ ਬਹੁਤ ਮਿਸਾਲਾਂ ਹਨ ਕਿ ਗੁਰੂ ਸਾਹਿਬ ਨਾਲ ਜਿਸ ਕਿਸੇ ਨੇ ਵੀ ਵੈਰ ਕਮਾਇਆ ਤੇ ਗੁਰੂ ਸਾਹਿਬ ਨੇ ਸਮੇਂ ਅਨੁਸਾਰ ਉਨ੍ਹਾਂ ਨੂੰ ਖਿਮਾ ਹੀ ਕੀਤਾ।

■

## ਪਾਠਕ ਧਿਆਨ ਦੇਣ

ਸਮੂਹ ਸੰਗਤ ਨੂੰ ਸਤਿਕਾਰ ਸਹਿਤ ਬੇਨਤੀ ਹੈ ਕਿ ਗੁਰਮਤਿ ਪ੍ਰਕਾਸ਼ ਮੈਗਜ਼ੀਨ ਵਿਚ ਧਾਰਮਿਕ ਸਮੱਗਰੀ ਅਤੇ ਗਤੀਵਿਧੀਆਂ ਛਾਪੀਆਂ ਜਾਂਦੀਆਂ ਹਨ। ਇਸ ਲਈ ਹਰੇਕ ਪਾਠਕ ਲਈ ਇਸ ਮੈਗਜ਼ੀਨ ਨੂੰ ਪੂਰਨ ਸਤਿਕਾਰਤ ਰੂਪ ਵਿਚ ਸੰਭਾਲਣਾ ਜ਼ਰੂਰੀ ਹੈ। ਇਸ ਨੂੰ ਪੜ੍ਹ ਕੇ ਏਧਰ-ਓਧਰ ਸੁੱਟਣ ਦੀ ਬਜਾਇ ਕਿਸੇ ਹੋਰ ਧਾਰਮਿਕ ਰੁਚੀ ਵਾਲੇ ਪਾਠਕ ਨੂੰ ਦੇ ਦਿਓ ਜਾਂ ਆਪਣੇ ਨੇੜੇ ਦੀ ਕਿਸੇ ਲਾਇਬ੍ਰੇਰੀ ਵਿਚ ਜਮ੍ਹਾਂ ਕਰਵਾ ਦਿਓ ਜੀ। ਜਾਣੇ-ਅਣਜਾਣੇ ਇਸ ਧਾਰਮਿਕ ਰਸਾਲੇ ਨੂੰ ਰੱਦੀ ਵਿਚ ਦੇ ਕੇ ਬੇਅਦਬੀ ਨਾ ਕਰੋ ਜੀ।

-ਸੰਪਾਦਕ

# ਅਰਦਾਸ ਵਿਚਲੇ ਸੱਤ ਦਾਨ

*-ਭਾਈ ਪਰਦੀਪ ਸਿੰਘ**

ਸਿੱਖ ਜੀਵਨ-ਜਾਚ ਵਿਚ ਅਰਦਾਸ ਦਾ ਵਿਸ਼ੇਸ਼ ਮਹੱਤਵ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:

*ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੧੯)*

ਅਰਦਾਸ ਵਿਸ਼ਵਾਸ ਹੈ। ਇਹ ਸੰਗਤੀ ਵੀ ਹੁੰਦੀ ਹੈ ਅਤੇ ਨਿੱਜੀ ਵੀ। ਅਰਦਾਸ ਕਰਨ ਵੇਲੇ ਨਿਮਰਤਾ ਹੋਣੀ ਚਾਹੀਦੀ ਹੈ ਤਾਂ ਜੋ ਦਿਲ ਦੇ ਭਾਵ ਗੁਰੂ ਚਰਨਾਂ ਤਕ ਪਹੁੰਚ ਜਾਣ। ਵਾਹਿਗੁਰੂ ਨਜ਼ਦੀਕ ਹੈ। ਅਸੀਂ ਉਸ ਨੂੰ ਅਰਦਾਸ ਰਾਹੀਂ ਮਹਿਸੂਸ ਕਰਦੇ ਹਾਂ। ਗੁਰਬਾਣੀ ਵਿਚ ਅਰਦਾਸ ਕਰਨ ਵੇਲੇ ਦੋਵੇਂ ਹੱਥ ਜੋੜ ਕੇ ਅਦਬ ਸਹਿਤ ਖੜ੍ਹੇ ਹੋਣ ਦਾ ਆਦੇਸ਼ ਹੈ:

*ਦੁਇ ਕਰ ਜੋੜਿ ਕਰਉ ਅਰਦਾਸਿ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੭੩੭)*

'ਅਰਦਾਸ' ਸ਼ਬਦ ਦੀ ਵਿਉਤਪਤੀ ਬਾਰੇ ਦੋ ਧਾਰਣਾਵਾਂ ਪ੍ਰਚਲਿਤ ਹਨ। ਇਕ ਅਨੁਸਾਰ ਇਹ ਫ਼ਾਰਸੀ ਦੇ 'ਅਰਜ਼ਦਾਸ਼ਤ' ਸ਼ਬਦ ਦਾ ਤਦਭਵ ਰੂਪ ਹੈ। ਦੂਜੀ ਅਨੁਸਾਰ ਇਹ ਸੰਸਕ੍ਰਿਤ ਦੇ 'ਅਰਦ' ਧਾਤੂ ਨਾਲ 'ਆਸ਼ਾ' (ਆਸ) ਸ਼ਬਦ ਦੇ ਸੰਯੋਗ ਨਾਲ ਲੋਕ-ਉਚਾਰਣ ਅਨੁਰੂਪ ਬਣਿਆ ਸ਼ਬਦ ਹੈ। ਇਨ੍ਹਾਂ ਵਿੱਚੋਂ ਦੂਜੀ ਵਿਉਤਪਤੀ ਜ਼ਿਆਦਾ ਠੀਕ ਲੱਗਦੀ ਹੈ ਕਿਉਂਕਿ ਰਹਰਾਸਿ, ਸੋਹਿਲਾ ਸ਼ਬਦਾਂ ਆਦਿ ਵਾਂਗ 'ਅਰਦਾਸ' ਸ਼ਬਦ ਵੀ ਸਿੱਧਾਂ/ਯੋਗੀਆਂ ਦੀ ਟਕਸਾਲ ਦਾ ਢਲਿਆ ਸਿੱਕਾ ਹੈ। 'ਸਿਧ-ਗੋਸਟਿ' ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨਾਲ ਸੰਵਾਦ ਕਰਦਿਆਂ ਇਸ ਸ਼ਬਦ ਦੀ ਵਰਤੋਂ ਯੋਗਿਕ ਪਰਿਪੇਖ ਵਿਚ ਕੀਤੀ ਹੈ:

*ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ॥*
*ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੮)*

ਉਂਜ ਵੀ ਅਰਦਾਸ ਕਰਨ ਪਿੱਛੇ ਕਿਸੇ ਨ ਕਿਸੇ ਆਸ ਦੀ ਭਾਵਨਾ ਜ਼ਰੂਰ ਹੁੰਦੀ ਹੈ। ਗੁਰਸਿੱਖ ਆਮ ਤੌਰ 'ਤੇ ਹਰ ਇਕ ਕਾਰਜ ਦੇ ਸ਼ੁਰੂ ਕਰਨ ਵੇਲੇ ਉਸ ਦੀ ਪੂਰਤੀ ਦੀ ਅਭਿਲਾਸ਼ਾ ਵਜੋਂ ਜਾਂ ਕਿਸੇ ਹੋਰ ਧਾਰਮਿਕ ਜਾਂ ਸਮਾਜਿਕ ਕਾਰਜ ਵੇਲੇ ਅਰਦਾਸ ਜ਼ਰੂਰ ਕਰਦੇ/ਕਰਾਉਂਦੇ ਹਨ:

*ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥*

** ਵਿਦਿਆਰਥੀ, ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਇੰਸਟੀਚਿਊਟ ਆਫ਼ ਅਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ (ਪਟਿਆਲਾ)-੧੪੭੦੨੧; ਮੋ.*

*ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥*
*ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ॥*
*ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ॥*
*ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭੁ ਲਾਖੀਐ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੧)*

ਅਰਦਾਸ ਕਰਨ ਨਾਲ ਜਿਗਿਆਸੂ ਦੇ ਮਨ ਵਿਚ ਦ੍ਰਿੜ੍ਹਤਾ-ਪੂਰਵਕ ਆਤਮਿਕ ਬਲ ਦਾ ਸੰਚਾਰ ਹੁੰਦਾ ਹੈ। ਉਹ ਆਤਮ-ਨਿਰਭਰ ਹੁੰਦਾ ਹੈ। ਪਰਮ-ਸੱਤਾ ਦੀ ਸਰਵ-ਉੱਚਤਾ ਦੀ ਧਾਰਨਾ ਉਸ ਦੇ ਮਨ ਵਿਚ ਬਣੀ ਰਹਿੰਦੀ ਹੈ। ਹਉਮੈਂ , ਦੁਬਿਧਾ ਅਤੇ ਸੁਆਰਥ ਜਿਹੇ ਅਨੇਕ ਵਿਕਾਰ ਖ਼ਤਮ ਹੁੰਦੇ ਹਨ। ਆਤਮ-ਵਿਸ਼ਵਾਸ ਦੇ ਵਿਕਸਿਤ ਹੋਣ ਨਾਲ ਅਸੰਭਵ ਸਥਿਤੀ, ਸੰਭਵ ਬਣ ਜਾਂਦੀ ਹੈ। ਸਿੱਖ ਇਤਿਹਾਸ ਦੀਆਂ ਅਨੇਕ ਘਟਨਾਵਾਂ ਇਸ ਕਥਨ ਦੀ ਸਾਖ ਭਰਦੀਆਂ ਹਨ। ਗੁਰਬਾਣੀ ਅਨੁਸਾਰ:

*- ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੧੯)*
*- ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੧੪)*
*(ਸਿੱਖ ਪੰਥ ਵਿਸ਼ਵ ਕੋਸ਼)*

ਅਰਦਾਸ ਵਿਚ ਹਰ ਰੋਜ਼ ਸੱਤ ਦਾਨ ਮੰਗਦੇ ਹਾਂ, ਜਿਨ੍ਹਾਂ ਬਾਰੇ ਅੱਗੇ ਵਿਸਥਾਰ-ਸਹਿਤ ਵਿਚਾਰ ਕੀਤੀ ਜਾ ਰਹੀ ਹੈ:

**੧. ਸਿੱਖੀ ਦਾਨ:** ਸਿੱਖ ਅਕਾਲ ਪੁਰਖ ਪਾਸੋਂ ਜੀਵਨ ਭਰ ਸਿੱਖੀ ਜੀਵਨ ਵਿਚ ਰਹਿਣ ਦੀ ਮੰਗ ਕਰਦਾ ਹੈ। ਹੇ ਅਕਾਲ ਪੁਰਖ ਵਾਹਿਗੁਰੂ ਜੀਓ ! ਆਪਣੇ ਇਸ ਨਿਮਾਣੇ ਜਿਹੇ ਸਿੱਖ ਨੂੰ ਭਾਣੇ ਵਿਚ ਰਹਿਣ ਦਾ ਬਲ ਬਖ਼ਸ਼ੋ। ਅਸੀਂ ਇਸ ਪਵਿੱਤਰ ਮਾਰਗ ਦੇ ਪਾਂਧੀ ਬਣੀਏ। ਸਿੱਖਾਂ ਨੂੰ ਸਿੱਖੀ ਜੀਵਨ ਵਾਲਾ, ਰਹਿਤ ਵਾਲਾ, ਸਿਧਾਂਤ ਵਾਲਾ, ਕੁਰਬਾਨੀ ਵਾਲਾ, ਇਕ ਰੱਬ ਦੀ ਹੋਂਦ ਵਿਚ ਯਕੀਨ ਰੱਖਣ ਵਾਲਾ ਸਰੂਪ ਸਿਰਜ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਦਾਨ ਦਿੱਤਾ ਹੈ, ਉਹ ਸਿੱਖੀ ਦਾਨ ਹੀ ਹੈ। ਇਸ ਦਾਨ ਨੂੰ ਸਿੱਖ ਨਿੱਤਾ ਪ੍ਰਤੀ ਗੁਰੂ ਜੀ ਅੱਗੇ ਅਰਦਾਸ ਕਰ ਕੇ ਮੰਗਦਾ ਹੈ।

**੨. ਕੇਸ ਦਾਨ:** ਸਿੱਖ ਦੀ ਪਛਾਣ ਕੇਸਾਂ ਤੋਂ ਹੈ। ਕੇਸ 'ਗੁਰੂ ਦੀ ਮੋਹਰ' ਹਨ। ਗੁਰਬਾਣੀ ਤੋਂ ਵੀ ਸਾਨੂੰ ਇਹ ਪਤਾ ਲੱਗਦਾ ਹੈ ਕਿ ਸਿੱਖੀ ਵਿਚ ਕੇਸ ਸਿੱਖੀ ਦਾ ਅਨਿੱਖੜ੍ਹਵਾਂ ਅੰਗ ਹਨ। ਸਿੱਖ ਵਾਹਿਗੁਰੂ ਕੋਲੋਂ ਕੇਸ ਦਾਨ ਦੀ ਮੰਗ ਕਰਦਾ ਹੈ ਕਿਉਂਕਿ ਕੇਸ ਸਿੱਖੀ ਦੀ ਨਿਸ਼ਾਨੀ ਹਨ। ਸਿੱਖ ਲਈ ਸਰੀਰ ਦਾ ਇੱਕ ਇੱਕ ਰੋਮ ਪਵਿੱਤਰ ਹੈ। ਹਾਂ ! ਮਨੁੱਖਾਂ ਲਈ ਕੇਸ ਕੁਦਰਤੀ ਦਾਤ ਹਨ; ਪਰ ਸਿੱਖ ਇਸ ਨੂੰ ਗੁਰੂ ਦੀ ਬਖਸ਼ੀ ਹੋਈ ਦਾਤ ਅਤੇ ਸਿੱਖੀ ਦੀ ਮੋਹਰ ਵਜੋਂ ਸਨਮਾਨ ਦਿੰਦੇ ਹਨ ਕਿਉਂਕਿ ਕੇਸਾਂ ਦੀ ਸੰਭਾਲ ਕਰਨੀ ਗੁਰੂ ਜੀ ਦਾ ਹੁਕਮ ਹੈ। ਗੁਰੂ ਦੇ ਆਦੇਸ਼ਾਂ ਦਾ ਪਾਲਣ ਅਤੇ ਅਮਲ ਸਿੱਖਾਂ ਦਾ ਧਾਰਮਿਕ ਫ਼ਰਜ਼ ਵੀ ਹੈ।

**੩. ਰਹਿਤ ਦਾਨ:** ਰਹਿਤ ਤੋਂ ਭਾਵ ਕੇਵਲ ਇਹ ਨਹੀਂ ਕਿ ਅੰਮ੍ਰਿਤ ਛਕਣ ਜਾਂ

ਖੰਡੇ-ਬਾਟੇ ਦੀ ਪਾਹੁਲ ਲੈਣ ਤੋਂ ਬਾਅਦ ਇੱਕ ਵਿਸ਼ੇਸ਼ ਤਰ੍ਹਾਂ ਦੀ ਰਹਿਤ ਮਰਯਾਦਾ ਵਿਚ ਰਹਿਣਾ। ਰਹਿਤ ਦੋ ਤਰ੍ਹਾਂ ਦੀ ਹੈ: ਇੱਕ ਅੰਦਰਲੀ ਅਤੇ ਦੂਜੀ ਬਾਹਰਲੀ। ਅਸੀਂ ਇਸ ਜੀਵਨ-ਜਾਚ ਰਾਹੀਂ ਮਨੁੱਖ ਦੇ ਅੰਦਰਲੇ ਪੰਜ ਵਿਕਾਰਾਂ ਜਿਵੇਂ: ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਉੱਤੇ ਕਾਬੂ ਪਾ ਸਕਦੇ ਹਾਂ। ਜੇਕਰ ਮਨੁੱਖ ਕਾਮ ਵੱਸ ਹੋ ਜਾਂਦਾ ਹੈ ਤਾਂ ਉਹ ਆਪਣਾ ਧਿਆਨ ਸ਼ੁੱਧ ਨਹੀਂ ਰੱਖ ਸਕਦਾ। ਕ੍ਰੋਧ ਵੀ ਮਨੁੱਖ ਨੂੰ ਉਸ ਦੇ ਪਤਨ ਵੱਲ ਲੈ ਜਾਂਦਾ ਹੈ। ਲੋਭ ਵੱਸ ਹੋ ਕੇ ਮਨੁੱਖ ਆਪਣੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਭੁੱਲ ਕੇ ਕੇਵਲ ਸੰਸਾਰੀ ਪਦਾਰਥ ਇਕੱਠੇ ਕਰਨ ਲੱਗਾ ਰਹਿੰਦਾ ਹੈ। ਉਸ ਨੂੰ ਇਹ ਵੀ ਯਾਦ ਨਹੀਂ ਰਹਿੰਦਾ ਕਿ ਇਸ ਸੰਸਾਰ ਵਿਚ ਜੋ ਵੀ ਆਇਆ ਹੈ, ਉਸ ਨੇ ਕਦੇ ਨਾ ਕਦੇ ਵਾਪਸ ਜ਼ਰੂਰ ਜਾਣਾ ਹੈ। ਮੋਹ ਵੱਸ ਹੋ ਕੇ ਮਨੁੱਖ ਵਾਹਿਗੁਰੂ ਨਾਲ ਸੰਬੰਧ ਨਹੀਂ ਬਣਾ ਸਕਦਾ। ਹੰਕਾਰ ਵੀ ਮਨੁੱਖ ਦੀ ਅੰਦਰਲੀ ਰਹਿਤ ਦਾ ਬਹੁਤ ਵੱਡਾ ਦੁਸ਼ਮਣ ਹੈ। ਉਦਾਹਰਨ ਦੇ ਤੌਰ 'ਤੇ ਹਰਨਾਕਸ਼ ਤੇ ਰਾਵਣ ਨੂੰ ਇਹੀ ਹੰਕਾਰ ਸੀ ਕਿ ਉਨ੍ਹਾਂ ਤੋਂ ਵੱਡਾ ਕੋਈ ਵੀ ਨਹੀਂ ਹੈ। ਸੋ ਸਿੱਖ ਜਦੋਂ ਅਰਦਾਸ ਵਿਚ ਰਹਿਤ ਦੀ ਮੰਗ ਕਰਦਾ ਹੈ ਤਾਂ ਉਸ ਦਾ ਭਾਵ ਹੁੰਦਾ ਹੈ ਕਿ ਹੇ ਵਾਹਿਗੁਰੂ! ਇਨ੍ਹਾਂ ਪੰਜ ਵਿਕਾਰਾਂ ਦਾ ਮੇਰੇ ਮਨ ਵਿਚ ਕਦੇ ਵੀ ਵਾਸਾ ਨਾ ਹੋਵੇ। ਮੇਰੀ ਅੰਦਰਲੀ ਰਹਿਤ ਨੂੰ ਇੰਨਾ ਮਜ਼ਬੂਤ ਬਣਾਵੀਂ ਕਿ ਮੈਂ ਗੁਰੂ ਦੀ ਬਖਸ਼ੀ ਹੋਈ ਸੇਵਾ ਦਾ ਹਿੱਸਾ ਬਣ ਸਕਾਂ:

*ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੬)*

ਸੇਵਾ ਮਨੁੱਖ ਦੇ ਜੀਵਨ ਨੂੰ ਸਵਾਰਦੀ ਹੈ ਅਤੇ ਅੰਦਰਲੀ ਰਹਿਤ ਨੂੰ ਮਜ਼ਬੂਤ ਬਣਾਉਂਦੀ ਹੈ।

**੪. ਬਿਬੇਕ ਦਾਨ:** ਬਿਬੇਕ ਦਾ ਅਰਥ ਬੁੱਧੀ ਦੀ ਉਸ ਕਿਰਿਆ ਤੋਂ ਹੈ, ਜਿਸ ਰਾਹੀਂ ਮਨੁੱਖ ਸੱਚ ਤੇ ਝੂਠ ਦਾ ਨਿਤਾਰਾ ਕਰਨ ਦੀ ਸਮਰੱਥਾ ਰੱਖਦਾ ਹੋਵੇ:

*ਕਰਹੁ ਬਿਬੇਕੁ ਸੰਤ ਜਨ ਭਾਈ ਖੋਜਿ ਹਿਰਦੈ ਦੇਖਿ ਢੰਢੋਲੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੬੮)*

ਸਿੱਖ ਜੀਵਨ ਵਿਚ ਬਿਬੇਕ ਦਾਨ ਚਾਬੀ ਵਾਂਗ ਮਾਨਸਿਕ ਜਿੰਦੇ ਨੂੰ ਖੋਲ੍ਹਦਾ ਹੈ ਅਤੇ ਮਨੁੱਖ ਦੇ ਜੀਵਨ ਨੂੰ ਪ੍ਰਕਾਸ਼ਮਈ ਰਾਹ ਉੱਤੇ ਲੈ ਜਾਂਦਾ ਹੈ। ਇਸ ਪ੍ਰਕਾਸ਼ ਨਾਲ ਹਉਮੈਂ ਬਾਹਰ ਨਿਕਲ ਜਾਂਦੀ ਹੈ ਅਤੇ ਉਸ ਦੀ ਜਗ੍ਹਾ 'ਤੂੰ' ਲੈ ਲੈਂਦੀ ਹੈ। ਗੁਰਮਤਿ ਦਾ ਮਾਰਗ ਬਿਬੇਕ ਦਾ ਮਾਰਗ ਹੈ ਅਤੇ ਬਿਬੇਕ ਦਾ ਮਾਰਗ ਸਿਧਾਂਤ ਗਿਆਨ ਹੈ। ਇਸ ਕਰਕੇ ਹੀ ਸਿੱਖ ਅਰਦਾਸ ਵਿਚ ਉਸ ਬਿਬੇਕ ਦੀ ਮੰਗ ਕਰਦਾ ਹੈ, ਜਿਸ ਨਾਲ ਉਸ ਦਾ ਜੀਵਨ ਹੰਕਾਰ ਰਹਿਤ ਹੋ ਕੇ ਬਿਬੇਕ ਬੁੱਧ ਨਾਲ ਆਪਣੇ ਵਾਹਿਗੁਰੂ ਦੀਆਂ ਅਸੀਸਾਂ ਦਾ ਪਾਤਰ ਬਣ ਸਕੇ।

**੫. ਵਿਸਾਹ ਦਾਨ:** ਵਿਸਾਹ ਉਹ ਅਵਸਥਾ ਹੈ ਜਿਵੇਂ ਮਾਂ ਨੂੰ ਕਿਹਾ ਜਾਵੇ ਕਿ ਤੇਰਾ ਬੱਚਾ ਠੀਕ ਹੈ। ਉਸ ਨੇ ਰੋਟੀ ਵੀ ਖਾਧੀ ਹੈ ਅਤੇ ਸਮੇਂ ਸਿਰ ਘਰ ਆ ਜਾਵੇਗਾ, ਪਰ ਮਾਂ ਸਭ ਕੁਝ ਠੀਕ-ਠਾਕ ਹੋਣ 'ਤੇ ਵੀ ਜਦ ਤਕ ਆਪਣੇ ਬੱਚੇ ਨੂੰ ਵੇਖ ਨਹੀਂ ਲੈਂਦੀ,

ਉਸ ਦੀ ਤਸੱਲੀ ਨਹੀਂ ਹੁੰਦੀ। ਇੱਕ ਵਾਰ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਵੇਈਂ ਨਦੀ ਵਿਚ ਪ੍ਰਵੇਸ਼ ਕਰ ਗਏ ਤਾਂ ਤਿੰਨ ਦਿਨ ਬਾਹਰ ਨਹੀਂ ਆਏ ਸਨ। ਉਸ ਵੇਲੇ ਪੂਰੇ ਨਗਰ ਵਿਚ ਰੌਲਾ ਪੈ ਗਿਆ ਸੀ ਕਿ ਸ਼ਾਇਦ ਗੁਰੂ ਸਾਹਿਬ ਵੇਈਂ ਨਦੀ ਵਿਚ ਅਲੋਪ ਹੋ ਗਏ ਹਨ ਪਰ ਇਕ ਬੇਬੇ ਨਾਨਕੀ ਹੀ ਸਨ ਜੋ ਇਸ ਗੱਲ ਦਾ ਵਿਸਾਹ ਨਹੀਂ ਸੀ ਖਾ ਰਹੇ ਕਿ ਉਨ੍ਹਾਂ ਦਾ ਵੀਰ ਕਿਵੇਂ ਡੁੱਬ ਸਕਦਾ ਹੈ? ਵਿਸਾਹ ਅਕਾਲ ਪੁਰਖ ਦੇ ਪ੍ਰਤੀ ਮਨ ਵਿਚ ਵਿਸ਼ਵਾਸ ਦਾ ਮੁੱਖ ਸਰੋਤ ਹੈ। ਵਿਸਾਹ ਮਨੁੱਖ ਲਈ ਅਧਿਆਤਮਿਕ ਮਾਰਗਾਂ ਨੂੰ ਖੋਲ੍ਹਦਾ ਹੈ ਅਤੇ ਇਨ੍ਹਾਂ ਮਾਰਗਾਂ 'ਤੇ ਤੁਰ ਕੇ ਹੀ ਸਿੱਖ ਸਿਦਕੀ ਬਣਦਾ ਹੈ। ਅਰਦਾਸ ਵਿਚ ਇਕਾਗਰਤਾ ਹੋਣੀ ਜ਼ਰੂਰੀ ਹੈ। ਮਨੁੱਖ ਨੂੰ ਡੋਲਣਾ ਨਹੀਂ ਚਾਹੀਦਾ ਕਿਉਂਕਿ ਜਿਸ ਨੂੰ ਆਪਣੇ ਪਰਮਾਤਮਾ ਉੱਤੇ ਪੂਰਾ ਵਿਸਾਹ ਹੈ ਉਹ ਕਦੇ ਨਹੀਂ ਡੋਲਦਾ। ਸਿੱਖ ਦਾਨ ਕੇਵਲ ਇੱਕ ਅਕਾਲ ਪੁਰਖ ਤੋਂ ਹੀ ਮੰਗਦਾ ਹੈ। ਸਿੱਖ ਦਾ ਵਿਸਾਹ ਉਸ ਅਕਾਲ ਪੁਰਖ ਵਾਹਿਗੁਰੂ 'ਤੇ ਹੀ ਹੈ ਅਤੇ ਇਸੇ ਦਾ ਹੀ ਉਹ ਦਾਨ ਮੰਗਦਾ ਹੈ। ਇੱਕ ਸਿੱਖ ਵਾਹਿਗੁਰੂ ਕੋਲੋਂ ਗੁਣਾਂ ਦੀ ਦਾਤ ਵੀ ਮੰਗਦਾ ਹੈ ਕਿ, ਵਾਹਿਗੁਰੂ ਜੀ! ਮੈਨੂੰ ਇਤਨਾ ਵਿਸਾਹ ਦਿਓ ਕਿ ਮੈਂ ਆਪਣੇ ਧਾਰਮਿਕ ਅਤੇ ਸਮਾਜਿਕ ਫ਼ਰਜ਼ਾਂ ਉੱਤੇ ਪੂਰਾ ਉਤਰ ਸਕਾਂ।

**੬. ਭਰੋਸਾ ਦਾਨ:** ਵਿਸਾਹ ਦਾਨ ਤੋਂ ਬਾਅਦ ਅਰਦਾਸ ਵਿਚ ਸਿੱਖ ਅਕਾਲ ਪੁਰਖ ਤੋਂ ਭਰੋਸੇ ਦਾ ਦਾਨ ਮੰਗਦਾ ਹੈ। ਭਰੋਸਾ ਸ਼ਬਦ ਤੋਂ ਭਾਵ ਹੈ ਕਿ ਅਸੀਂ ਵਾਹਿਗੁਰੂ ਪ੍ਰਤੀ ਵਿਸ਼ਵਾਸ ਅਤੇ ਨਿਸ਼ਚਾ ਰੱਖਦੇ ਹਾਂ। ਸਿੱਖ ਅਰਦਾਸ ਕਰਦਾ ਹੈ ਕਿ ਹੇ ਵਾਹਿਗੁਰੂ! ਮੈਨੂੰ ਭਰੋਸੇ ਦਾ ਦਾਨ ਦਿਓ, ਜਿਸ ਰਾਹੀਂ ਮੇਰਾ ਆਪਣੇ ਅਕਾਲ ਪੁਰਖ ਵਾਹਿਗੁਰੂ ਉੱਪਰ ਪੂਰਨ ਵਿਸ਼ਵਾਸ ਬਣਿਆ ਰਹੇ, ਕਿਉਂਕਿ ਸਾਡੇ ਨਾਲ ਅੰਤ ਤਕ ਜੇ ਕਿਸੇ ਨੇ ਰਹਿਣਾ ਹੈ ਤਾਂ ਉਹ ਅਕਾਲ ਪੁਰਖ ਵਾਹਿਗੁਰੂ ਹੀ ਹੈ। ਇਸੇ ਲਈ ਅਰਦਾਸ ਵਿਚ ਭਰੋਸਾ ਦਾਨ ਮੰਗਿਆ ਜਾਂਦਾ ਹੈ। ਵਾਹਿਗੁਰੂ ਜੀਓ! ਮੇਰਾ ਵਿਸ਼ਵਾਸ ਕਦੇ ਨਾ ਡੋਲੇ ਅਤੇ ਅਕਾਲ ਪੁਰਖ ਦੇ ਭਾਣੇ ਵਿਚ ਰਹਾਂ। ਆਮ ਤੌਰ 'ਤੇ ਇਹ ਵੀ ਅਸੀਂ ਕਹਿ ਸਕਦੇ ਹਾਂ ਕਿ ਜੇ ਮੰਗੋ ਤਾਂ ਉਸ ਵਾਹਿਗੁਰੂ ਪਾਸੋਂ ਜੋ ਸਭ ਨੂੰ ਦਿੰਦਾ ਹੈ ਕਿਉਂਕਿ ਉਸ ਮਾਲਕ ਅਕਾਲ ਪੁਰਖ ਵਾਹਿਗੁਰੂ ਕੋਲੋਂ ਮੰਗਣ ਨਾਲ ਭਰੋਸਾ ਕਾਇਮ ਰਹਿੰਦਾ ਹੈ। ਇਸੇ ਲਈ ਅਰਦਾਸ ਵਿਚ ਭਰੋਸਾ ਦਾਨ ਮੰਗਿਆ ਜਾਂਦਾ ਹੈ।

**੭. ਨਾਮ ਦਾਨ:** ਭਰੋਸੇ ਦੇ ਦਾਨ ਤੋਂ ਉਪਰੰਤ ਸਿੱਖ ਵਾਹਿਗੁਰੂ ਕੋਲੋਂ ਮਹਾਂਦਾਨ ਮੰਗਦਾ ਹੈ ਜੋ ਨਾਮ ਦਾਨ ਹੈ। ਇਸ ਕਲਯੁੱਗ ਵਿਚ ਨਾਮ ਸਿਮਰਨ ਕਰਨਾ ਹੀ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ। ਸਾਨੂੰ ਸਭ ਨੂੰ ਪਤਾ ਹੈ ਕਿ ਦੁਨੀਆ ਵਿਚ ਹਰ ਕਿਸਮ ਦੀ ਵਸਤੂ ਅੰਤ ਵਿਚ ਸਮਾਪਤ ਹੋ ਹੀ ਜਾਣੀ ਹੈ ਤੇ ਸਿਰਫ ਪ੍ਰਭੂ ਦਾ ਨਾਮ ਹੀ ਅਜਿਹਾ ਉੱਤਮ ਪਦਾਰਥ ਹੈ ਜੋ ਸਦੀਵੀ ਤੌਰ 'ਤੇ ਅਮਰ ਹੈ। ਇਸ ਲਈ ਸਿੱਖ ਜਿੱਥੇ ਉਪਰੋਕਤ ਦਾਨ ਮੰਗਦਾ ਹੈ, ਉੱਥੇ ਹੀ ਨਾਮ ਦਾਨ ਦੀ ਪ੍ਰਮੁੱਖ ਤੌਰ 'ਤੇ ਮੰਗ ਕਰਦਾ ਹੈ।

ਅਰਦਾਸ ਮਨੁੱਖ ਨੂੰ ਉੱਦਮ ਕਰਨ ਲਈ ਪ੍ਰੇਰਦੀ ਹੈ ਅਤੇ ਇਸ ਤਰ੍ਹਾਂ ਜੀਵਨ ਵਿਚ ਖੇੜਾ ਤੇ ਉਤਸ਼ਾਹ ਆਉਂਦਾ ਹੈ। ਅਰਦਾਸ ਦੇ ਅੰਤ ਵਿਚ ਹਮੇਸ਼ਾ 'ਸਰਬੱਤ ਦੇ ਭਲੇ' ਦੀ

ਮੰਗ ਕੀਤੀ ਜਾਂਦੀ ਹੈ। ਅਰਦਾਸ ਦੀ ਮਹੱਤਤਾ ਉੱਤੇ ਜਿੰਨੀ ਵੀ ਗੱਲ ਕੀਤੀ ਜਾਵੇ, ਉਨੀ ਹੀ ਘੱਟ ਹੈ। ਨਾਮ ਹੀ ਚੜ੍ਹਦੀ ਕਲਾ ਦਾ ਸਾਧਨ ਹੈ। ਅੰਤ ਵਿਚ ਅਸੀਂ ਸਮੁੱਚੇ ਬ੍ਰਹਿਮੰਡ ਲਈ ਇਹੋ ਅਰਦਾਸ ਕਰਦੇ ਹਾਂ:

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬੱਤ ਦਾ ਭਲਾ।*

ਕਵਿਤਾ:

# ਸੱਚੀ ਸਰਕਾਰ

*-ਗਿ. ਸਰਮ ਸਿੰਘ**

*ਗੁਰੂ ਗੋਬਿੰਦ ਸਿੰਘ ਗੁਰ ਕਾਦਿਰ ਹਰ-ਕਾਰ ਕੇ ਸਦਕੇ,*
*ਪਨਾਹਿ ਹਰ ਦੋ ਆਲਮ ਉਸ ਸੱਚੀ ਸਰਕਾਰ ਕੇ ਸਦਕੇ।*
*ਜਿਨ੍ਹੇ ਅਪਨੇ ਬੇਗਾਨੇ ਸਭ ਜ਼ਲੀਲੋ ਖ੍ਵਾਰ ਕਰਤੇ ਥੇ,*
*ਕੀਏ ਸਰਦਾਰ ਜਿਸ ਉਸ ਬੇ-ਕਸੋਂ ਕੇ ਯਾਰ ਕੇ ਸਦਕੇ।*
*ਸਜ਼ਾਇਤ ਦੀ ਅਤਾਇਤ ਦੀ ਮੁਕਤ ਔ ਜੁਗਤ ਦਰ ਖੋਲ੍ਹੇ,*
*ਦੀਆ ਜਿਸ ਨਾਮ ਕਾ ਅੰਮ੍ਰਿਤ ਮੈਂ ਉਸ ਦਾਤਾਰ ਕੇ ਸਦਕੇ।*
*ਸੁਰਾਹੀ ਸੂਲ ਥੀ ਜਿਸ ਕੀ ਪਿਆਲਾ ਥਾ ਖੰਜਰ ਜਿਸ ਕਾ,*
*ਲੁੰਢਾਏ ਖੁਮ ਕੇ ਖੁਮ ਜਿਸ ਨੇ ਮੈਂ ਉਸ ਮੈ-ਖਾਰ ਕੇ ਸਦਕੇ।*
*ਖਬਰ ਸਰਹੰਦ ਸੇ ਆਨਾ ਵ੍ਹੁ ਸੁਨ ਕਰ ਤੇਰਾ ਫੁਰਮਾਨਾ,*
*ਅਮਾਨਤ ਥੀ ਅਦਾ ਹੋ ਗਈ ਤੇਰੇ ਈਸਾਰ ਕੇ ਸਦਕੇ।*
*ਤੇਰੇ ਸਰਬੰਸ ਸਾਰੇ ਨੇ ਪੀਏ ਪਿਆਲੇ ਸ਼ਹਾਦਤ ਕੇ,*
*ਮੇਰੇ ਸਰਬੰਸ ਦਾਨੀ, ਮੈਂ ਤੇਰੇ ਪਰਵਾਰ ਕੇ ਸਦਕੇ।*
*ਜਿਨ੍ਹੇ ਤੂੰ ਪਿਆਰ ਕਰਤਾ ਥਾ ਲਗੇਂ ਪਿਆਰੇ ਨਾ ਕਿਉਂ ਮੁਝ ਕੋ,*
*ਸਰੋਹੀ ਸੈਹਥੀ ਤੀਰੋ ਤਬਰ ਤਲਵਾਰ ਕੇ ਸਦਕੇ।*
*ਮਹਾਂ ਸਿੰਘ ਜਾਂ-ਬ-ਲਬ ਜਿਸ ਦਮ ਤੇਰੇ ਪਹਿਲੂ ਮੇਂ ਲੇਟਾ ਥਾ,*
*ਜੋ ਉਸ ਕੇ ਸਾਥ ਤੂਨੇ ਕੀ ਮੈਂ ਉਸ ਗੁਫ਼ਤਾਰ ਕੇ ਸਦਕੇ।*
*ਹੂੰ ਤਰ-ਦਾਮਨ ਤੇਰਾ ਬੰਦਾ ਮੇਰੇ ਮੌਲਾ ਸ਼ਰਮ ਰਖਨਾ,*
*ਮੈਂ ਤੇਰੇ ਪਤਿਤ-ਪਾਵਨ ਬਿਰਦ ਬਖਸ਼ਨ-ਹਾਰ ਕੇ ਸਦਕੇ।*
*ਅਗਰ ਬਖਸ਼ੇ ਕਰਮ ਤੇਰਾ ਨਾਂ ਬਖਸ਼ੇ ਤੋ ਸ਼ਿਕਾਇਤ ਕਿਆ,*
*ਤੇਰੇ ਇਕਰਾਰ ਕੇ ਸਦਕੇ ਤੇਰੇ ਇਨਕਾਰ ਕੇ ਸਦਕੇ।*

*ਗੁਰਪੁਰਵਾਸੀ

# ਪਰਮਾਤਮਾ ਦੀ ਬਖਸ਼ੀ ਸਰਵਉੱਚ ਪਦਵੀ : ਗੁਰਸਿੱਖੀ

*-ਡਾ ਸਤਿੰਦਰ ਪਾਲ ਸਿੰਘ**

ਧੰਨ ਧੰਨ ਸਨ ਉਹ ਸ਼ਰਧਾਵਾਨ ਜਿਨ੍ਹਾਂ ਗੁਰੂ ਨਾਨਕ ਸਾਹਿਬ ਨੂੰ ਆਪਣਾ ਗੁਰੂ ਸਵੀਕਾਰ ਕੀਤਾ। ਗੁਰੂ ਨਾਨਕ ਸਾਹਿਬ ਨੂੰ ਗੁਰੂ ਧਾਰਨ ਕਰਨ ਦਾ ਨਿਰਣਾ ਸ਼ਾਇਦ ਉਨ੍ਹਾਂ ਦੇ ਜੀਵਨ ਦਾ ਸਭ ਤੋਂ ਔਖਾ ਨਿਰਣਾ ਰਿਹਾ ਹੋਵੇਗਾ ਕਿਉਂਕਿ ਇਹ ਸਮੇਂ ਦੀ ਧਾਰਾ ਦੇ ਉਲਟ ਚੱਲਣਾ ਸੀ। ਸਦੀਆਂ ਪੁਰਾਤਨ ਪਰੰਪਰਾਵਾਂ, ਵਿਸ਼ਵਾਸ ਦਾ ਤਿਆਗ ਕਰ ਗੁਰੂ ਸਾਹਿਬ ਦੇ ਨਿਵੇਕਲੇ ਜੀਵਨ-ਦਰਸ਼ਨ ਨੂੰ ਧਾਰਨ ਕਰਨ ਦੀ ਅੰਤਰ-ਪ੍ਰੇਰਨਾ 'ਤੇ ਹਿੰਮਤ ਪਰਮਾਤਮਾ ਦੀ ਅਸੀਸ ਬਿਨਾਂ ਨਹੀਂ ਆ ਸਕਦੀ ਸੀ। ਪਰਮਾਤਮਾ ਧਰਤੀ ਦੇ ਵਿਗੜੇ ਹੋਏ ਧਾਰਮਿਕ-ਸਮਾਜਿਕ ਪਰਿਦ੍ਰਿਸ਼ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਦੀ ਅਗਵਾਈ ਵਿਚ ਬਦਲਣਾ ਚਾਹੁੰਦਾ ਸੀ। ਇਸ ਲਈ ਪਰਮਾਤਮਾ ਨੇ ਗੁਰੂ ਸਾਹਿਬ ਨੂੰ ਆਪਣੇ ਨਾਲ ਇੱਕ ਰੂਪ ਕਰ ਸੰਸਾਰ ਵਿਚ ਭੇਜਿਆ। ਉਹ ਵੱਡੇ ਭਾਗਾਂ ਵਾਲੇ ਸਨ ਜੋ ਗੁਰੂ ਸਾਹਿਬ ਦੀ ਵਡਿਆਈ ਪਛਾਣ ਕੇ ਉਨ੍ਹਾਂ ਦੇ ਸਿੱਖ ਬਣ ਗਏ। ਇੱਕ ਸਿੱਖ ਹੋਣਾ ਇੱਕ ਵੀਚਾਰ ਦਾ ਹੋਂਦ ਵਿਚ ਆਉਣਾ ਸੀ; ਕਿਉਂਕਿ ਸਿੱਖੀ ਦਾ ਪੰਥ ਖੰਡੇ ਦੀ ਤਿੱਖੀ ਧਾਰ 'ਤੇ ਚੱਲਣ ਜਿਹਾ ਸੀ। ਸਿੱਖੀ ਦਾ ਫ਼ਲਸਫ਼ਾ ਵਾਲ ਤੋਂ ਵੀ ਜ਼ਿਆਦਾ ਬਾਰੀਕ ਸੀ ਜਿਸ ਨੂੰ ਸਮਝਣ ਲਈ ਅੰਤਰ-ਚੇਤਨਾ ਦੀ ਲੋੜ ਸੀ। ਪਰਮਾਤਮਾ ਨੇ ਸਿੱਖ ਨੂੰ ਅਜਰ ਜਰਨ ਦਾ ਬਲ ਬਖਸ਼ਿਆ, ਅਕੱਥ ਦੇ ਕਥਨ ਦੀ ਸਮਰੱਥਾ ਦਿੱਤੀ, ਅਗਮ ਦੇ ਬੋਧ ਦੀ ਦ੍ਰਿਸ਼ਟੀ ਪ੍ਰਦਾਨ ਕੀਤੀ। ਸਿੱਖੀ ਦਾ ਧਰਮ ਬਿਰਖ ਜਦੋਂ ਛਾਂ ਦੇਣਯੋਗ ਹੋਇਆ ਤਾਂ ਉਸ 'ਤੇ ਪੰਜ ਕਕਾਰਾਂ ਦੇ ਫ਼ਲ ਲਾ ਕੇ ਨਿਮਰਤਾ ਤੇ ਅੰਮ੍ਰਿਤ ਦੀ ਵਾੜ ਲਾ ਦਿੱਤੀ। ਇਸ ਤਰ੍ਹਾਂ ਇੱਕ ਅਦੁੱਤੀ ਸਭਿਅਤਾ ਨੇ ਜਨਮ ਲਿਆ। ਸਿੱਖੀ ਨੇ ਗਿਆਨ ਦੀ ਸੱਚੀ ਵਿਆਖਿਆ ਲਿਖੀ, ਜੀਵਨ ਦੇ ਨਵੇਂ ਅਰਥ ਪ੍ਰਗਟ ਕੀਤੇ 'ਤੇ ਸ੍ਰਿਸ਼ਟੀ ਦੇ ਘਟ ਘਟ ਵਿਚ ਪਰਮਾਤਮਾ ਦੇ ਦਰਸ਼ਨ ਕਰਾਏ। ਸਿੱਖ ਹੋਣਾ, ਸਿੱਖ ਪਰਵਾਰ ਵਿਚ ਜਨਮ ਲੈਣਾ ਆਪਣੇ ਆਪ ਵਿਚ ਮਾਣ ਦਾ ਵਿਸ਼ਾ ਬਣ ਗਿਆ। ਇਸ ਮਾਣ ਦੀ ਰਾਖੀ ਲਈ ਸਿੱਖੀ ਸਿਦਕ ਆਪਣੀ ਜਾਨ ਤੋਂ ਵੀ ਪਿਆਰਾ ਬਣ ਗਿਆ। ਇੱਕ ਇਤਿਹਾਸ ਉਸ ਸਿਆਹੀ 'ਤੇ ਕ਼ਲਮ ਨਾਲ ਲਿਖਿਆ ਗਿਆ ਜੋ ਖਾਸ ਸਿੱਖੀ ਲਈ ਹੀ ਬਣੀ ਸੀ। ਇਸ ਵਿੱਲਖਣਤਾ ਨੇ ਸਿੱਖ ਹੋਣਾ ਸਦਾ ਲਈ ਮਨੁੱਖੀ ਸਮਾਜ ਅੰਦਰ ਉੱਚੀ ਪਦਵੀ ਦਾ ਹੱਕਦਾਰ ਬਣਾ ਦਿੱਤਾ। ਸਿੱਖ ਦੇ ਨਾਲ ਉਸ ਦਾ ਗੁਰੂ ਚੱਲਦਾ ਹੈ। ਦਰਅਸਲ ਸਿੱਖ ਦਾ ਕੋਈ ਇਕੱਲਾ ਵਜੂਦ ਨਹੀਂ ਹੈ ਉਸ ਦਾ ਵਜੂਦ ਗੁਰਸਿੱਖ ਹੋ ਕੇ ਹੀ ਬਣਦਾ ਹੈ। ਉਸ ਦੀ ਹੋਂਦ ਉਸ ਦੇ ਗੁਰੂ ਤੋਂ ਅਰੰਭ ਹੁੰਦੀ ਹੈ 'ਤੇ ਉਸ ਦੀ ਸਿੱਖੀ ਤਕ ਪੁੱਜ ਕੇ ਸੰਪੂਰਨ ਹੁੰਦੀ ਹੈ। ਗੁਰੂ ਤੇ ਸਿੱਖ ਦਾ ਮੇਲ ਬ੍ਰਹਿਮੰਡ ਦੀ

*#ਈ - ੧੭੧੬, ਰਾਜਾਜੀਪੁਰਮ, ਲਖਨਊ- ੨੨੬੦੧੭; ਮੋ. ੯੪੧੫੯੬੦੫੩੩, ੮੪੧੭੮੫੨੮੯੯

ਇੱਕ ਵਿਸਮਾਦੀ ਘਟਨਾ ਹੈ ਕਿਉਂਕਿ ਇਹ ਇੱਕ ਸਚਿਆਰ ਅਵਸਥਾ ਦਾ ਸਿਰਜਣ ਹੈ ਜੋ *ਆਦਿ ਸਚੁ ਜੁਗਾਦਿ ਸਚੁ* ਦੇ ਜੋਗ ਬਣਾਉਂਦੀ ਹੈ।

ਗੁਰਸਿੱਖ ਦੀ ਸਿੱਖੀ ਸਦਾ ਕਾਇਮ ਰਹਿਣ ਵਾਲੀ ਹੈ। ਨਾਸ਼ਵੰਤ ਨਹੀਂ ਹੈ। ਉਹ ਆਪਣੀ ਸਿੱਖੀ ਕੇਸਾਂ, ਸੁਆਸਾਂ ਨਾਲ ਨਿਭਾਉਣ 'ਚ ਸਫਲ ਹੁੰਦਾ ਹੈ ਕਿਉਂਕਿ ਉਸ ਦੀ ਸਿੱਖੀ ਅੰਮ੍ਰਿਤ-ਪਾਨ ਕਰ ਕੇ ਅਮਰਤਾ ਪ੍ਰਾਪਤ ਕਰ ਚੁਕੀ ਹੈ। ਅੰਮ੍ਰਿਤ ਗੁਰਸਿੱਖ ਦਾ ਜੀਵਨ ਆਧਾਰ ਹੈ। ਉਹ ਅੰਮ੍ਰਿਤ ਵੇਲੇ ਜਾਗਦਾ ਹੈ, ਅੰਮ੍ਰਿਤ ਨਾਮ ਜਪਦਾ ਹੈ, ਅੰਮ੍ਰਿਤ ਬਾਣੀ ਪੜ੍ਹਦਾ, ਸੁਣਦਾ ਹੈ, ਪੰਜ ਕਕਾਰਾਂ ਦੀ ਅੰਮ੍ਰਿਤ ਮਰਿਆਦਾ ਅਨੁਸਾਰ ਦਿਨ ਬਤੀਤ ਕਰਦਾ ਹੈ। ਅੰਮ੍ਰਿਤ ਗੁਰਸਿੱਖ ਦੇ ਜੀਵਨ ਵਿਚ ਜਿਵੇਂ ਜਿਵੇਂ ਰਚਦਾ ਵੱਸਦਾ ਜਾਂਦਾ ਹੈ, ਉਸ ਦਾ ਜੀਵਨ ਅੰਮ੍ਰਿਤਮਈ ਬਣਦਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਗੁਰਸਿੱਖ ਨੂੰ ਨਾਮ ਦਾ ਨਿਧਾਨ ਬਖ਼ਸ਼ ਕੇ ਸੰਸਾਰ ਦਾ ਸਭ ਤੋਂ ਅਮੀਰ 'ਤੇ ਖੁਸ਼ਹਾਲ ਮਨੁੱਖ ਬਣਾ ਦਿੱਤਾ। ਨਾਮ ਨੇ ਉਸ ਦੀ ਸਾਰੀ ਭੁੱਖ, ਪਿਆਸ ਮਿਟਾ ਦਿੱਤੀ। ਨਾਮ ਉਸ ਲਈ ਪਾਰਿਜਾਤ ਬਿਰਖ ਤੇ ਕਾਮਧੇਨੁ ਗਾਂ ਬਣ ਗਿਆ। ਗੁਰਸਿੱਖ ਕੋਲ ਗੁਰੂ ਨਾਨਕ ਸਾਹਿਬ ਦਾ ਬਖਸ਼ਿਆ ਨਾਮ ਹੈ ਜੋ ਉਸ ਦੀ ਹਰ ਆਸ ਪੂਰੀ ਕਰਨ ਵਾਲਾ ਹੈ। ਨਾਮ ਦਾ ਰਸ ਗੁਰਸਿੱਖ ਨੂੰ ਸਾਰੇ ਸੰਸਾਰਕ ਰਸਾਂ ਤੋਂ ਨਿਰਲੇਪ ਕਰ ਦਿੰਦਾ ਹੈ। ਉਹ ਨਾਮ ਦੀ ਖੇਤੀ ਕਰਦਾ ਹੈ, ਨਾਮ ਦੀ ਵਣਜ ਕਰਦਾ ਹੈ 'ਤੇ ਨਾਮ ਦਾ ਧਨ ਸੰਚਿਤ ਕਰ ਨਾਲ ਪਰਲੋਕ ਸੁਹੇਲਾ ਕਰ ਲੈਂਦਾ ਹੈ। ਨਾਮ ਤੋਂ ਇਲਾਵਾ ਨਾਲ ਕੁਝ ਨਹੀਂ ਜਾਂਦਾ। ਗੁਰਸਿੱਖ ਜੀਵਨ ਭਰ ਕਮਾਈ ਹੀ ਸਿਰਫ ਨਾਮ ਦੀ ਕਰਦਾ ਹੈ। ਉਹ ਸੰਸਾਰ ਦਾ ਸਭ ਤੋਂ ਸਫਲ ਕਿਸਾਨ, ਸਭ ਤੋਂ ਕੁਸ਼ਲ ਵਪਾਰੀ ਹੈ। ਨਾਮ ਹੀ ਉਸ ਲਈ ਅੰਮ੍ਰਿਤ ਹੈ ਜੋ ਉਸ ਨੂੰ ਮਾਨਸ ਤੋਂ ਦੇਵਤਾ ਬਣਾ ਦਿੰਦਾ ਹੈ। ਨਾਮ ਉਸ ਲਈ ਭਵਜਲ ਤੋਂ ਪਾਰ ਲਿਜਾਣ ਵਾਲਾ ਬੋਹਿਥ ਹੈ ਜਿਸ ਤੇ ਸਵਾਰ ਹੋ ਗੁਰਸਿੱਖ ਨੇ ਆਪਣਾ ਜੀਵਨ ਸਕਾਰਥ ਕਰ ਲਿਆ ਹੈ ।

ਸੰਸਾਰ ਅੰਦਰ ਇੱਕ ਗੁਰਸਿੱਖ ਹੀ ਹੈ ਜਿਸ ਦਾ ਜੀਵਨ ਨਿਰਭੈ ਹੈ। ਗੁਰਸਿੱਖ ਸਰਵ-ਸਮਰੱਥ ਗੁਰੂ ਅੱਗੇ ਆਪਾ ਪੂਰਨ ਸਮਰਪਣ ਕਰ ਅਚਿੰਤ ਹੋ ਗਿਆ ਹੈ। ਗੁਰੂ ਦੀ ਮਤਿ, ਗੁਰੂ ਦਾ ਮਾਰਗ, ਗੁਰੂ 'ਤੇ ਭਰੋਸਾ ਉਸ ਨੂੰ ਅਚਿੰਤ ਬਣਾ ਦਿੱਤਾ ਹੈ। ਗੁਰਸਿੱਖ ਆਪਣੇ ਸਾਰੇ ਕਾਰਜ ਗੁਰੂ ਦੇ ਨਾਮ 'ਤੇ, ਗੁਰੂ ਦੇ ਹਜੂਰ ਅਰਦਾਸ ਕਰ, ਗੁਰੂ ਤੋਂ ਹੁਕਮ ਲੈ ਕੇ ਕਰਦਾ ਹੈ। ਉਹ ਵਿਸ਼ਵਾਸ ਕਰਦਾ ਹੈ ਕਿ ਗੁਰੂ ਉਸ ਦੇ ਕਾਰਜ ਸੁਆਰਨ ਲਈ ਆਪ ਆ ਖਲੋਇਆ ਹੈ। ਪਰਮਾਤਮਾ ਦੀ ਸਿਫਤ ਵਿਚ ਗੁਰਸਿੱਖ ਜਿੰਨੀ ਵਾਰ ਨਿਰਭਉ ਉਚਾਰਦਾ ਹੈ ਉਹ ਆਪ ਨਿਰਭੈ ਹੁੰਦਾ ਜਾਂਦਾ ਹੈ। ਉਸ ਕੋਲ ਉਸ ਦਾ ਪਾਲਕ ਹੈ, ਰੱਖਿਅਕ ਹੈ ਤਾਂ ਕੇਹਾ ਭੈ? ਗੁਰਸਿੱਖ ਸੂਰਬੀਰ ਹੈ ਕਿਉਂਕਿ ਉਸ ਨੇ ਵਿਕਾਰ ਦੇ ਬਿਖ ਵੱਸ 'ਚ ਕਰ ਲਏ, ਮਾਇਆ ਦਾ ਠਗਿਨੀ ਰੂਪ ਵੇਖ ਲਿਆ, ਪਰਮਾਤਮਾ 'ਤੇ ਭਰੋਸੇ ਦੀ ਮਹਿਮਾ ਜਾਣ ਲਈ ਹੈ। ਇਹ ਗੁਰਸਿੱਖ ਦੇ ਅਦ੍ਰਿਸ਼ ਅਸਤਰ ਸ਼ਸਤਰ ਹਨ। ਗੁਰਸਿੱਖ ਦੇ ਇਸ ਮਹਾਂ ਬਲ ਤੋਂ ਅਣਜਾਣ ਸਾਕਤ ਗੁਰਸਿੱਖ ਨੂੰ ਮਿਟਾਉਣ ਦੇ ਜਤਨ ਕਰਦਾ ਰਿਹਾ ਹੈ। ਗੁਰਸਿੱਖ ਮਿਟ ਗਿਆ ਪਰ ਗੁਰਸਿੱਖੀ

ਨਹੀਂ ਮਿਟਣ ਦਿੱਤੀ। ਗੁਰਸਿੱਖੀ ਨੂੰ ਗੁਰਸਿੱਖ ਨੇ ਸਿਰ ਦੇ ਤਾਜ ਜਿਹਾ ਸੰਭਾਲ ਕੇ ਰੱਖਿਆ ਹੈ। ਗੁਰਸਿੱਖੀ ਕਾਇਮ ਹੈ ਤਾਂ ਗੁਰਸਿੱਖ ਮਿਟਣ ਵਾਲਾ ਨਹੀਂ।

ਗੁਰਸਿੱਖ ਦੀ ਗੁਰਸਿੱਖੀ ਗੁਰ ਸ਼ਬਦ ਵਿਚ ਸਾਹ ਲੈਂਦੀ ਹੈ ਜੋ ਹੀਰੇ, ਜਵਾਹਰ, ਲਾਲ ਵਾਂਗੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੜੇ ਹੋਏ ਹਨ। ਉਸ ਦਾ ਗੁਰੂ, ਸ਼ਬਦ ਗੁਰੂ, ਜੀਵਤ ਜਾਗਤ ਗੁਰੂ ਹੈ। ਪੂਰੇ ਜਗਤ ਵਿਚ ਇੱਕ ਗੁਰਸਿੱਖ ਹੀ ਹੈ ਜਿਸ ਨੂੰ ਅਜਿਹਾ ਵਿਲੱਖਣ ਗੁਰੂ ਪ੍ਰਾਪਤ ਹੈ। ਉਸ ਦਾ ਗੁਰੂ ਪਿਤਾ ਹੈ, ਮਾਤਾ ਹੈ, ਸਖਾ ਹੈ, ਭ੍ਰਾਤਾ ਹੈ, ਸੁਆਮੀ ਹੈ, ਦਾਤਾ ਹੈ। ਉਸ ਦਾ ਗੁਰੂ ਪਾਰਸ ਹੈ, ਸੱਚਾ ਤੀਰਥ ਹੈ, ਮਾਨਸਰੋਵਰ ਹੈ, ਤੱਤ ਬੇਤਾ ਹੈ, ਵੈਦ ਹੈ ਤੇ ਤਾਰਨਹਾਰ ਵੀ ਹੈ। ਗੁਰਸਿੱਖ ਦਾ ਗੁਰੂ ਡੁੱਬਦੇ ਹੋਏ ਨੂੰ ਤੱਤਕਾਲ ਬਾਂਹ ਪਕੜ ਕੇ ਕੱਢ ਲੈਣ ਵਾਲਾ ਹੈ। ਗੁਰਸਿੱਖ ਕੋਲ ਉਸ ਦਾ ਗੁਰੂ ਹੈ ਇਸ ਕਾਰਨ ਉਸ ਨੂੰ ਕਿਤੇ ਹੋਰ ਜਾਣ ਦੀ ਲੋੜ ਹੀ ਨਹੀਂ ਰਹਿੰਦੀ। ਇੱਕ ਗੁਰਸਿੱਖ ਹੀ ਹੈ ਜੋ ਸਾਰੀ ਭਟਕਣ ਤੋਂ ਬਚਿਆ ਹੋਇਆ ਹੈ। ਜੀਵਨ ਦੇ ਹਰ ਸਵਾਲ ਦਾ ਨਿਦਾਨ ਗੁਰੂ ਪਾਸ ਪ੍ਰਾਪਤ ਹੈ।

ਗੁਰਸਿੱਖ ਦ੍ਰਿਸ਼ ਤੇ ਅਦ੍ਰਿਸ਼ ਦਾ ਸੁਮੇਲ ਹੈ। ਉਹ ਸੰਸਾਰ ਵਿਚ ਰਹਿੰਦਿਆਂ ਵੀ ਨਿਰੰਕਾਰ ਦੇ ਦੇਸ਼ ਦਾ ਨਿਵਾਸੀ ਹੈ। ਨਿਰੰਕਾਰ ਨਾਲ ਜੁੜ ਕੇ ਵੀ ਸੰਸਾਰ ਦੀ ਸਾਰ ਲੈ ਰਿਹਾ ਹੈ। ਗੁਰਸਿੱਖ ਦੀ ਗੁਰਸਿੱਖੀ ਸੰਸਾਰ ਨੂੰ ਹੀ ਨਿਰੰਕਾਰ ਦਾ ਦੇਸ਼ ਬਣਾ ਦਿੰਦੀ ਹੈ। ਉਸ ਨੂੰ ਬੈਕੁੰਠ ਦੀ ਕਾਮਨਾ ਨਹੀਂ ਹੈ। ਗੁਰਸਿੱਖ ਆਪਣੇ ਗੁਰੂ ਦੇ ਚਰਨਾਂ ਵਿਚ, ਗੁਰ ਸ਼ਬਦ ਵਿਚ, ਸਾਧ ਸੰਗਤ ਵਿਚ, ਗੁਰ ਸ਼ਬਦ ਧਾਰਨ ਕਰ ਮਨ ਅੰਦਰ ਹੀ ਬੈਕੁੰਠ ਪ੍ਰਗਟ ਕਰ ਲੈਂਦਾ ਹੈ। ਇਹ ਗੁਰਸਿੱਖ ਦੀ ਸਦੀਵੀ ਅਨੰਦ ਦੀ ਅਵਸਥਾ ਹੈ। ਉਸ ਦਾ ਅਨੰਦ ਅਭੰਗ ਹੈ, ਅਖੁਟ ਹੈ। ਰਾਜ ਭਾਗ ਮਾਣ ਰਿਹਾ ਹੈ ਤਾਂ ਵੀ ਅਨੰਦ ਹੈ, ਭਿਖਿਆ ਮੰਗਣ ਦੀ ਦੀਨਤਾ ਹੈ ਤਾਂ ਵੀ ਅਨੰਦ ਹੀ ਅਨੰਦ ਹੈ। ਉਸ ਦਾ ਅਨੰਦ ਚਰਖੜੀਆਂ 'ਤੇ ਚੜ੍ਹ ਕੇ ਪੁੱਠੀਆਂ ਖੱਲਾਂ ਲੁਹਾ ਕੇ ਵੀ ਕਦੇ ਫਿੱਕਾ ਨਹੀਂ ਪਿਆ। ਗੁਰਸਿੱਖ ਦੇ ਅਨੰਦ ਦਾ ਰਹੱਸ ਹੈ ਕਿ ਉਸ ਦਾ ਕੁਝ ਵੀ ਆਪਣਾ ਨਹੀਂ ਹੈ। ਉਹ ਆਪਣਾ ਸਭ ਕੁਝ ਠਾਕੁਰ ਦੇ ਦਰ 'ਤੇ ਹਾਰ ਚੁਕਿਆ ਹੈ। ਗੁਰਸਿੱਖ ਦੀ ਇੱਕੋ ਭਾਵਨਾ ਹੈ- "ਤੇਰਾ ਤੇਰਾ।"

ਪਰਮਾਤਮਾ ਦੀ ਪ੍ਰਸੰਨਤਾ ਪ੍ਰਾਪਤ ਕਰਨ ਦੀ ਵਿਧੀ ਆਦਿ ਕਾਲ ਤੋਂ ਹੀ ਖੋਜੀ ਜਾ ਰਹੀ ਹੈ। ਪੂਜਾ, ਉਪਾਸਨਾ, ਜਪ-ਤਪ ਦੇ ਭਿੰਨ-ਭਿੰਨ ਢੰਗ ਵਰਤੇ ਜਾ ਰਹੇ ਹਨ। ਪਰਮਾਤਮਾ ਨੂੰ ਗੁਰਸਿੱਖ 'ਤੇ ਉਸ ਦੀ ਗੁਰਸਿੱਖੀ ਭਾਉਂਦੀ ਹੈ। ਗੁਰਸਿੱਖ ਪਰਮਾਤਮਾ ਨੂੰ ਆਪਣੇ ਨਿਰਮਲ ਹਿਰਦੇ ਵਿਚ ਰੂਪਮਾਨ ਕਰ ਉਸ ਦੇ ਨੇੜ੍ਹੇ ਤੋਂ ਨੇੜ੍ਹੇ ਹੋ ਗਿਆ ਹੈ। ਹਰੀ ਤੇ ਹਰੀ ਦਾ ਜਨ ਦੋਵੇ ਇੱਕ ਹੀ ਹੋ ਗਏ ਹਨ, ਇਸ ਵਿਚ ਕੋਈ ਬਿਬ, ਬੀਚਾਰ ਨਹੀਂ ਰਿਹਾ। ਇਸ ਲਈ ਗੁਰਸਿੱਖ ਰਾਹ ਦਾ ਨਿਮਾਣਾ ਰੋੜਾ ਬਣਿਆ, ਹੋਰ ਨਿਮਰਤਾ ਵਿਚ ਆ ਕੇ ਰੋੜੇ ਤੋਂ ਅਤਿ ਨਿਮਾਣੀ ਖੇਹ ਬਣ ਗਿਆ। ਅਵਸਥਾ ਹੋਰ ਉੱਚੀ ਹੋਈ ਤਾਂ ਨਿਰਵਿਕਾਰ ਪਾਣੀ ਬਣ ਗਿਆ। ਅੰਤ ਗਿਆਨ ਦਾ ਅੰਤਮ ਦੁਆਰ ਖੁਲੀਆ ਤਾਂ ਹਰੀ ਜਿਹਾ ਹੀ ਬਿਰਦ ਧਾਰਨ ਕਰ ਲਿਆ।

**ਬਾਕੀ ਸਫਾ ੮੬ 'ਤੇ**

# ਅੰਤਰ ਧਾਰਮਿਕ ਸੰਵਾਦ ਸਭਾ

## ਈਸਾਈ ਅਤੇ ਸਿੱਖ ਭਾਈਚਾਰਾ:

## ਉਮੀਦ ਦੇ ਬੀਜ ਅਤੇ ਸਾਂਝੀਵਾਲਤਾ ਦਾ ਫਲ

ਵੈਟੀਕਨ ਸਿਟੀ ਵਿਖੇ ੨੦੨੪ ਈ. ਵਿਚ ਵਿਸ਼ਵ ਪ੍ਰਾਰਥਨਾ ਦਿਵਸ ਮੌਕੇ ਅੰਤਰ ਧਾਰਮਿਕ ਸੰਵਾਦ ਸਭਾ ਵੱਲੋਂ "ਈਸਾਈ ਅਤੇ ਸਿੱਖ ਭਾਈਚਾਰਾ: ਉਮੀਦ ਅਤੇ ਸਾਂਝੀਵਾਲਤਾ ਦਾ ਫਲ" ਵਿਸ਼ੇ ਉੱਪਰ ਕਰਵਾਏ ਗਏ ਸਮਾਗਮ ਮੌਕੇ ਦਿੱਤੇ ਗਏ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਦੇ ਸੰਦੇਸ਼ ਦਾ ਪੰਜਾਬੀ ਅਨੁਵਾਦ

ਪਿਆਰੇ ਸਾਥੀਓ,

ਅੰਤਰ-ਧਾਰਮਿਕ ਸੰਵਾਦ ਸਭਾ ਇਸ ਸਾਲ ੧੫ ਨਵੰਬਰ ਨੂੰ ਮਨਾਏ ਜਾਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ਵੇਂ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਸ਼ੁਭ ਕਾਮਨਾਵਾਂ ਭੇਜਦੀ ਹੈ। ਆਸ ਕਰਦੇ ਹਾਂ ਕਿ ਤੁਹਾਡੇ ਤਿਉਹਾਰ ਸ਼ਾਂਤੀ, ਖੁਸ਼ੀ ਅਤੇ ਸ਼ਾਂਤੀ ਨਾਲ ਭਰੇ ਹੋਣ ਅਤੇ ਤੁਹਾਡੇ ਆਂਢ-ਗੁਆਂਢ ਅਤੇ ਭਾਈਚਾਰਿਆਂ ਵਿਚ ਸਾਂਝੀਵਾਲਤਾ ਨੂੰ ਮਜ਼ਬੂਤ ਕਰਨ।

ਦੁਨੀਆ ਦੇ ਵੱਖੋ-ਵੱਖ ਹਿੱਸਿਆਂ ਵਿਚ ਅਕਸਰ ਹਿੰਸਾ, ਯੁੱਧ ਅਤੇ ਗ਼ਰੀਬੀ ਦੇ ਕਈ ਰੂਪਾਂ ਕਾਰਨ ਲੋਕਾਂ ਨੂੰ ਉਮੀਦ ਦੀ ਕਮੀ ਦਾ ਅਨੁਭਵ ਹੁੰਦਾ ਹੈ। ਇਸ ਤੋਂ ਇਲਾਵਾ, ਬਹੁਤ ਸਾਰੇ ਨੌਜਵਾਨ ਮਹਿਸੂਸ ਕਰਦੇ ਹਨ ਕਿ ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ ਅਤੇ ਬੇਰੁਜ਼ਗਾਰੀ ਕਾਰਨ ਉਨ੍ਹਾਂ ਦੇ ਚੰਗੇ ਜੀਵਨ ਅਤੇ ਸੁਨਹਿਰੇ ਭਵਿੱਖ ਦੇ ਸੁਪਨੇ ਸਾਕਾਰ ਨਹੀਂ ਹੋ ਸਕਦੇ। ਨੈਤਿਕ ਕਦਰਾਂ-ਕੀਮਤਾਂ ਦੇ ਪਤਨ ਤੋਂ ਚਿੰਤਤ ਲੋਕਾਂ ਵਿਚ ਵੀ ਉਮੀਦ ਦਾ ਸੰਕਟ ਹੈ। ਇਸ ਦੇ ਨਾਲ ਹੀ ਸ਼ਾਂਤੀ ਲਈ ਉਪਰਾਲੇ ਕਰਨ ਵਾਲੇ ਸਵਾਲ ਕਰਦੇ ਹਨ ਕਿ ਉਨ੍ਹਾਂ ਦੇ ਯਤਨ ਕਿੰਨੇ ਪ੍ਰਭਾਵਸ਼ਾਲੀ ਹੋ ਸਕਦੇ ਹਨ। ਸਮੁੱਚੇ ਤੌਰ 'ਤੇ, ਸਮਾਜ ਅੰਦਰ ਰੁੱਖਾਪਨ, ਨਾਕਾਰਨ ਅਤੇ ਨਿਰਾਸ਼ਾਵਾਦ ਦੀਆਂ ਭਾਵਨਾਵਾਂ ਵਧ ਰਹੀਆਂ ਹਨ। ਇਸ ਸੰਦਰਭ ਵਿਚ ਅਸੀਂ ਤੁਹਾਡੇ ਨਾਲ ਕੁਝ ਵਿਚਾਰ ਸਾਂਝੇ ਕਰਨਾ ਚਾਹੁੰਦੇ ਹਾਂ ਕਿ ਕਿਵੇਂ ਸਿੱਖ ਅਤੇ ਈਸਾਈ ਦੋਵੇਂ ਮਿਲ-ਜੁਲ ਕੇ ਦਲੇਰੀ, ਦ੍ਰਿੜ੍ਹ ਵਿਸ਼ਵਾਸ ਅਤੇ ਵਚਨਬੱਧਤਾ ਨਾਲ ਉਮੀਦ ਦੇ ਬੀਜ ਬੀਜ ਸਕਦੇ ਹਨ ਅਤੇ ਮਿਲ ਕੇ ਸ਼ਾਂਤੀ ਦੀ ਫ਼ਸਲ ਵੱਢ ਸਕਦੇ ਹਨ।

ਪੋਪ ਫ੍ਰਾਂਸਿਸ ਦੇ ਅਨੁਸਾਰ ਸ਼ਾਂਤੀ "ਰੁਕਾਵਟਾਂ ਅਤੇ ਅਜ਼ਮਾਇਸ਼ਾਂ ਦੇ ਸਾਹਮਣੇ ਉਮੀਦ ਦੀ ਯਾਤਰਾ" ਹੈ (Message for the celebration of the 53rd

world day of peace, 1 january 2020,)। ਸ਼ਾਂਤੀ, ਜਿਵੇਂ ਕਿ ਇਤਿਹਾਸ ਗਵਾਹੀ ਦਿੰਦਾ ਹੈ, ਉਦੋਂ ਹੀ ਸੰਭਵ ਹੈ ਜਦੋਂ ਨੇਕ ਇਨਸਾਨ (ਇਸਤਰੀ ਅਤੇ ਪੁਰਸ਼) ਨਫ਼ਰਤ ਅਤੇ ਵੰਡ ਦੀਆਂ ਚੁਣੌਤੀਆਂ ਨੂੰ ਪ੍ਰੇਮ ਅਤੇ ਸਚਾਈ ਦੇ ਮੌਕਿਆਂ ਵਿਚ ਬਦਲ ਕੇ ਹਿੰਮਤ ਨਾਲ ਦ੍ਰਿੜ੍ਹ ਰਹਿਣਗੇ। ਸ਼ਾਂਤੀ ਦੀ ਹਰ ਪ੍ਰਾਪਤੀ ਵਿਅਕਤੀਆਂ ਦੁਆਰਾ ਆਪਣੇ ਯਤਨਾਂ ਅਤੇ ਵਚਨਬੱਧਤਾ ਦੁਆਰਾ ਬੀਜੇ ਗਏ ਉਮੀਦ ਦੇ ਬੀਜਾਂ ਦਾ ਫ਼ਲ ਹੈ। ਇਸ ਤਰ੍ਹਾਂ ਉਮੀਦ ਫੈਲ ਸਕਦੀ ਹੈ, ਜੜ੍ਹ ਫੜ ਸਕਦੀ ਹੈ ਅਤੇ ਭਾਈਚਾਰੇ ਅਤੇ ਇਕਜੁੱਟਤਾ ਦੇ ਸੰਸਾਰ ਨੂੰ ਉਸਾਰਨ ਲਈ ਪ੍ਰੇਰਕ ਸ਼ਕਤੀ ਬਣ ਸਕਦੀ ਹੈ। ਅਸੀਂ ਅਜੋਕੇ ਸਮੇਂ ਦੀਆਂ ਅਜ਼ਮਾਇਸ਼ਾਂ, ਨਾਕਾਰਨ ਅਤੇ ਨਿਰਾਸ਼ਾਵਾਦ ਅੱਗੇ ਝੁਕਣਾ ਬਰਦਾਸ਼ਤ ਨਹੀਂ ਕਰ ਸਕਦੇ। ਆਓ ! ਅਸੀਂ ਹਰ ਸੰਭਵ ਤਰੀਕੇ ਨਾਲ ਉਮੀਦ ਦੇ ਬੀਜ ਬੀਜਣ ਦੀ ਜੋਰਦਾਰ ਇੱਛਾ ਕਰੀਏ ਕਿਉਂਕਿ ਸ਼ਾਂਤੀ ਸੰਭਵ ਹੈ, ਅਤੇ ਅਸੀਂ ਇਸ ਨੂੰ ਇਕੱਠੇ ਰਲ ਮਿਲ ਕੇ ਹੀ ਸਫਲ ਕਰ ਸਕਦੇ ਹਾਂ।

ਉਮੀਦ ਸੁਨਹਿਰੇ ਭਵਿੱਖ ਲਈ ਇੱਕ ਮਜ਼ਬੂਤ ਨੀਂਹ ਹੈ। ਇਹ "ਆਉਣ ਵਾਲੀਆਂ ਚੰਗੀਆਂ ਵਸਤਾਂ ਦੀ ਇੱਛਾ ਅਤੇ ਖਵਾਇਸ਼" ਹੈ (ਪੋਪ ਫਰਾਂਸਿਸ, *Spes non confundit-bull* of indication of the ordinary jubilee of the year 2025, 9 may 2024, 1 ਦੀ ਸਾਧਾਰਨ ਜੁਬਲੀ ਦਾ ਬਲਦ)। ਉਮੀਦ ਸਾਨੂੰ ਦ੍ਰਿੜਤਾ, ਧੀਰਜ ਅਤੇ ਲਗਨ ਨਾਲ, ਆਪਣੇ ਲਈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਿਤ ਕਰਦੀ ਹੈ। ਉਮੀਦ ਉਹ ਇਲਾਹੀ ਸ਼ਕਤੀ ਹੈ, ਜੋ ਇਨਸਾਨਾਂ ਨੂੰ ਪਰਮੇਸ਼ਰ ਦੀ ਪ੍ਰੇਮਪੂਰਨ ਯੋਜਨਾ ਵਿਚ ਸਹਿਯੋਗ ਕਰਨ ਦਾ ਮੌਕਾ ਦਿੰਦੀ ਹੈ। ਇਸੇ ਤਰ੍ਹਾਂ ਉਮੀਦ ਉਹ ਖੇਤ ਹੈ ਜਿਸ ਵਿਚ ਸ਼ਾਂਤੀ ਦਾ ਫ਼ਲ ਹਮੇਸ਼ਾ ਉਤਪੰਨ ਰਹਿੰਦਾ ਹੈ ਅਤੇ ਨੇਕੀ ਉਹ ਹੈ ਜੋ ਸਾਨੂੰ ਖ਼ੁਦਾ ਦੇ ਅਟੁੱਟ ਭਰੋਸੇ ਵਿਚ ਕਾਇਮ ਰੱਖਦੀ ਹੈ, ਉਹ ਜਿਸ ਨੇ ਸਾਨੂੰ ਸਿਰਜਿਆ ਅਤੇ ਸੰਭਾਲਿਆ ਹੈ, ਸ਼ਾਂਤੀ ਦੀ ਵਾਢੀ ਇਕੱਠੀ ਕਰਨ ਦੀ ਸਾਡੀ ਇੱਛਾ ਵਿਚ ਸਾਨੂੰ ਕਦੇ ਛੱਡੇਗਾ ਨਹੀਂ।

ਫਿਰ ਸਾਨੂੰ ਬੇਹੱਦ ਲੋੜ ਹੈ ਅਜਿਹੇ ਇਨਸਾਨ ਬਣਨ ਦੀ ਜੋ ਨੇਕ ਕਾਰਜਾਂ ਰਾਹੀਂ ਉਮੀਦ ਨੂੰ ਪੈਦਾ ਕਰ ਸਕਣ। ਉਮੀਦ ਦੇ ਜ਼ਰੀਏ ਅਸੀਂ ਬੇਬਸੀ ਅਤੇ ਨਿਰਾਸ਼ਾ ਦਾ ਅਨੁਭਵ ਕਰਨ ਵਾਲਿਆਂ ਵਿਚ ਵੀ ਉਮੀਦ ਦੀ ਕਿਰਨ ਪੈਦਾ ਕਰ ਸਕਦੇ ਹਾਂ। ਆਓ! ਵਿਅਕਤੀਗਤ ਅਤੇ ਸਮੁਦਾਏ ਵਜੋਂ ਜ਼ਿੰਦਗੀ ਦੀ ਵਿਸ਼ੇਸ਼ ਸਥਿਤੀ ਅਨੁਸਾਰ, ਹਰ ਪਾਸੇ ਉਮੀਦ ਦੇ ਬੀਜ ਬੀਜਣ ਲਈ ਯੋਗਦਾਨ ਪਾਈਏ ਅਤੇ ਸ਼ਾਂਤੀ ਦੀ ਫ਼ਸਲ ਪੈਦਾ ਕਰੀਏ।

ਵਿਸ਼ੇਸ਼ ਤੌਰ ਤੇ ਪਰਵਾਰ "ਉਮੀਦ ਦੀ ਨਰਸਰੀ ਹੈ"। ਇਸ ਲਈ ਮਾਪਿਆਂ ਦੀ ਪ੍ਰਮੁੱਖ ਭੂਮਿਕਾ ਹੈ ਕਿ ਉਹ ਸ਼ਾਂਤੀ ਦੀਆਂ ਚੁਣੌਤੀਆਂ ਅਤੇ ਰੁਕਾਵਟਾਂ ਦੇ ਬਾਵਜੂਦ, ਆਪਣੇ ਬੱਚਿਆਂ ਨੂੰ ਉਮੀਦ ਦੇ ਨੇਕ ਗੁਣ ਵਿਚ ਸਿੱਖਿਆ ਦਿੰਦੇ ਰਹਿਣ।

ਧਾਰਮਿਕ ਨੇਤਾਵਾਂ ਦੀ ਮਹੱਤਵਪੂਰਨ ਜ਼ਿੰਮੇਵਾਰੀ ਹੈ ਕਿ ਉਹ ਧਰਮ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਯਤਨਸ਼ੀਲ ਰਹਿਣ ਤਾਂ ਜੋ ਉਮੀਦ ਅਤੇ ਸ਼ਾਂਤੀ ਨੂੰ ਬਰਕਰਾਰ ਰੱਖਿਆ ਜਾ ਸਕੇ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਿੱਖਿਆ ਅਤੇ ਮੀਡੀਆ ਦੋਵਾਂ ਦੀ ਨਾ ਸਿਰਫ਼ ਇੱਕ ਬਿਹਤਰ ਭਵਿੱਖ ਲਈ, ਸਗੋਂ ਸਾਡੇ ਸਮੁੱਚੇ ਮਨੁੱਖੀ ਪਰਵਾਰ ਦੀ ਖ਼ਾਤਰ ਇੱਕ ਵਧੇਰੇ ਸ਼ਾਂਤੀਪੂਰਨ ਅਤੇ ਭਾਈਚਾਰਕ ਸੰਸਾਰ ਲਈ ਉਮੀਦ ਦੇ ਬੀਜ ਬੀਜਣ ਵਿਚ ਮਹੱਤਵਪੂਰਨ ਭੂਮਿਕਾ ਹੈ।

ਵਿਸ਼ਵਾਸੀ ਹੋਣ ਦੇ ਨਾਤੇ ਅਸੀਂ "ਉਮੀਦ ਦੇ ਯਾਤਰੀ" ਹਾਂ, ਅਸੀਂ ਆਪੋ ਆਪਣੀਆਂ ਧਾਰਮਿਕ ਪਰੰਪਰਾਵਾਂ ਵਿਚ ਦ੍ਰਿੜ੍ਹ ਰਹਿੰਦੇ ਹੋਏ ਸਰਬੱਤ ਦੇ ਭਲੇ ਲਈ ਵਚਨਬੱਧਤ ਹਾਂ। ਆਓ! ਅਸੀਂ, ਈਸਾਈ ਅਤੇ ਸਿੱਖ ਭਾਈਚਾਰਾ ਦੂਜੇ ਧਾਰਮਿਕ ਪਰੰਪਰਾਵਾਂ ਦੇ ਲੋਕਾਂ ਨਾਲ ਮਿਲ ਕੇ ਸਭਨਾਂ ਵਿਚਕਾਰ ਸਾਂਝੀਵਾਲਤਾ, ਸਦਭਾਵਨਾ ਅਤੇ ਖੁਸ਼ਹਾਲੀ ਨੂੰ ਵਧਾਉਣ ਲਈ ਅਤੇ ਸਾਰਿਆਂ ਨੂੰ ਉਮੀਦ ਅਤੇ ਸ਼ਾਂਤੀ ਦੇ ਬੀਜ ਬੀਜਣ ਲਈ ਉਤਸ਼ਾਹਿਤ ਕਰੀਏ, ਅਤੇ ਸਰਬੱਤ ਦੇ ਭਲੇ ਦੇ ਲੋਕਾਂ ਨਾਲ ਹੱਥ ਮਿਲਾਈਏ।

(Pope francis, Message for the 61st World Day of Prayer for Vocations, 21 april, 2024)

ਅਸੀਂ ਆਪ ਸਭ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੰਦੇ ਹਾਂ।

Miguel Angel Cardinal Ayuso Guixot, MCCJ, Prefect

Rev . Msgr. Indunil Kodithuwakku Janakaratne Kankanamalage (Secretary)

■

***ਪਰਮਾਤਮਾ ਦੀ ਬਖਸ਼ੀ ਸਰਵਉੱਚ...*** ***ਸਫਾ ੮੩ ਦਾ ਬਾਕੀ***

ਗੁਰਸਿੱਖ ਇੱਕ ਸੰਕਲਪ ਹੈ ਤੇ ਗੁਰਸਿੱਖੀ ਉਸ ਸੰਕਲਪ ਦੀ ਸਾਧਨਾ ਹੈ। ਗੁਰਸਿੱਖ ਦਾ ਸੰਕਲਪ ਹੀ ਉਸ ਨੂੰ ਅੰਮ੍ਰਿਤ ਵੇਲੇ ਉਠਾ ਕੇ ਗੁਰਬਾਣੀ ਨਾਲ ਜੋੜਦਾ ਹੈ ਤੇ ਸਾਰਾ ਦਿਨ ਗੁਰੂ ਦੇ ਹੁਕਮ ਅੰਦਰ ਬਤੀਤ ਕਰਨ ਦੀ ਸਮਰੱਥਾ ਦਿੰਦਾ ਹੈ। ਪੂਰੇ ਦਿਨ, ਪੂਰੇ ਜੀਵਨ ਦੀ ਮਰਯਾਦਾ ਸੱਚੀ ਟਕਸਾਲ ਵਿਚ ਗੁਰ ਸ਼ਬਦ ਦੇ ਖਰੇ ਸੋਨੇ ਦੇ ਸਿੱਕੇ ਢਾਲਣ ਜਿਹਾ ਹੈ। ਇੱਕ ਖਰਾ ਸੋਨਾ ਹੈ, ਇੱਕ ਗੁਰਸਿੱਖ ਹੈ। ਸੋਨਾ ਰਾਜ ਦੀ ਲੋੜ ਹੈ, ਗੁਰਸਿੱਖ ਮਨੁੱਖਤਾ ਦੀ ਲੋੜ ਹੈ। ਪਰਮਾਤਮਾ ਨੇ ਗੁਰੂ ਨੂੰ ਧਰਮ ਚਲਾਉਣ ਦੀ ਆਗਿਆ ਦੇ ਕੇ ਧਰਤੀ 'ਤੇ ਭੇਜਿਆ। ਗੁਰੂ ਨੇ ਗੁਰਸਿੱਖ ਕੋਲੋਂ ਆਪ ਅੰਮ੍ਰਿਤ-ਪਾਨ ਕਰ ਗੁਰੂ ਤੇ ਸਿੱਖ ਦਾ ਭੇਦ ਮਿਟਾ ਦਿੱਤਾ। ਗੁਰੂ ਦਾ ਮਿਸ਼ਨ ਗੁਰਸਿੱਖ ਦਾ ਮਿਸ਼ਨ ਹੋ ਗਿਆ। ਗੁਰਸਿੱਖ ਵੀ ਪਰਮਾਤਮਾ ਤੋਂ ਬਖ਼ਸ਼ਿਸ਼ ਪ੍ਰਾਪਤ ਹੋ ਗਿਆ।

■

# ਰਾਗੁ ਆਸਾ

*-ਮਾ. ਬਲਬੀਰ ਸਿੰਘ ਹੰਸਪਾਲ**

ਰਾਗੁ ਆਸਾ ਗੁਰਬਾਣੀ ਸੰਗੀਤ ਦਾ ਮਹੱਤਵਪੂਰਨ ਰਾਗ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਵਿਧਾਨ ਦੀ ਤਰਤੀਬ ਅਨੁਸਾਰ ਰਾਗੁ ਆਸਾ ਨੂੰ ਚੌਥਾ ਸਥਾਨ ਦਿੱਤਾ ਹੈ। ਇਸ ਰਾਗ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਭਗਤ ਸਾਹਿਬਾਨ ਵਿਚ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਭਗਤ ਧੰਨਾ ਜੀ ਅਤੇ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਦਰਜ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਵਿਚ 'ਜਪੁ' ਬਾਣੀ ਤੋਂ ਬਾਅਦ ਸਭ ਤੋਂ ਪਹਿਲਾ ਸ਼ਬਦ "ਸੋਦਰੁ ਰਾਗੁ ਆਸਾ ਮਹਲਾ ੧" ਸਿਰਲੇਖ ਹੇਠ ਦਰਜ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਰਾਗੁ ਆਸਾ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਮੁੱਖ ਸਥਾਨ ਦੇ ਕੇ ਨਿਵਾਜਿਆ ਹੈ। ਗੁਰੂ-ਕਾਲ ਵਿਚ ਅਸਰਾਜ ਰਾਜੇ ਦੀ ਉਪਮਾ 'ਤੇ ਆਧਾਰਿਤ ਵਾਰ ਦੀ ਪ੍ਰਚਲਿਤ ਲੋਕ ਸੰਗੀਤਕ ਧੁਨ ਰਾਗ ਆਸਾ 'ਤੇ ਆਧਾਰਿਤ ਹੋਣ ਕਾਰਨ ਗੁਰੂ ਸਾਹਿਬ ਆਸਾ ਦੀ ਵਾਰ ਦਾ ਗਾਇਨ "ਟੁੰਡੇ ਅਸ ਰਾਜੈ ਕੀ ਧੁਨੀ" ਉੱਪਰ ਗਾਇਨ ਕਰਨ ਲਈ ਆਦੇਸ਼ ਕਰਦੇ ਹਨ। ਇਸ ਤਰ੍ਹਾਂ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਗਾਇਨ ਅਤੇ ਸ਼ਾਮ ਨੂੰ ਸੋਦਰੁ ਦੀ ਬਾਣੀ ਦਾ ਸ਼ਬਦ ਰਾਗੁ ਆਸਾ ਵਿਚ ਹੀ ਗਾਇਨ ਕਰਨਾ ਗੁਰਬਾਣੀ ਸੰਗੀਤ ਦੀ ਮਰਯਾਦਾ ਹੈ। ਜਿਸ ਕਾਰਨ ਇਹ ਰਾਗ ਸੰਗੀਤ ਜਗਤ ਵਿਚ ਆਪਣੀ ਵਿਲੱਖਣ ਪਹਿਚਾਣ ਰੱਖਦਾ ਹੈ।

ਰਾਗ ਆਸਾ ਦਾ ਸ਼ਾਸਤਰੀ ਸੰਗੀਤ ਦੇ ਪੁਰਾਤਨ ਗ੍ਰੰਥਾਂ ਵਿਚ ਕੋਈ ਵਰਣਨ ਨਹੀਂ ਮਿਲਦਾ। ਸੰਗੀਤ ਵਿਦਵਾਨਾਂ ਦੇ ਵਿਚਾਰ ਅਨੁਸਾਰ ਸੰਗੀਤ ਦੇ ਕੁਝ ਰਾਗਾਂ ਦੇ ਸਰੂਪ ਕਿਸੇ ਖਾਸ ਖੇਤਰ ਦੇ ਲੋਕਾਂ ਦੀਆਂ ਲੋਕ ਸੰਗੀਤਕ ਧੁਨਾਂ ਅਤੇ ਪ੍ਰਚਲਿਤ ਲੋਕ ਰੀਤਾਂ 'ਤੇ ਆਧਾਰਿਤ ਹਨ ਜਿਵੇਂ- ਰਾਗ ਪਹਾੜੀ, ਰਾਗ ਤਿਲੰਗ, ਰਾਗ ਭੁਪਾਲੀ ਅਤੇ ਸਾਰੰਗ ਆਦਿ। ਇਸੇ ਤਰ੍ਹਾਂ ਹੀ ਰਾਗੁ ਆਸਾ ਵੀ ਪੁਰਾਤਨ ਸਮੇਂ ਪੰਜਾਬ ਦੀ ਪ੍ਰਚਲਿਤ ਲੋਕ ਸੰਗੀਤ ਦੀ ਧੁਨ ਦਾ ਹੀ ਰੂਪ ਹੈ।

ਗੁਰਬਾਣੀ ਸੰਗੀਤ ਦੇ ਵੱਖ-ਵੱਖ ਵਿਦਵਾਨਾਂ ਅਤੇ ਗ੍ਰੰਥਕਾਰਾਂ ਅਨੁਸਾਰ ਰਾਗੁ ਆਸਾ ਨੂੰ ਬਿਲਾਵਲ ਥਾਟ ਦੇ ਅੰਤਰਗਤ ਬਣਦੇ ਸਰੂਪ ਨੂੰ ਪ੍ਰਵਾਨਿਤ ਮੰਨਿਆ ਗਿਆ

** ਸੰਗੀਤ ਅਧਿਆਪਕ, ਸ੍ਰੀ ਗੁਰੂ ਰਾਮਦਾਸ ਖਾਲਸਾ ਸੀ: ਸੈ: ਸਕੂਲ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੧੪੯-੪੯੪੪੮*

ਹੈ। ਰਾਗੁ ਆਸਾ ਵਿਚ ਸਾਰੇ ਸਵਰ ਸ਼ੁੱਧ ਲਗਦੇ ਹਨ। ਇਸ ਦੇ ਅਰੋਹ ਵਿਚ ਗਾ (ਗੰਧਾਰ) ਅਤੇ ਨੀ (ਨਿਸ਼ਾਦ) ਸਵਰ ਨਹੀਂ ਲਗਾਏ ਜਾਂਦੇ, ਕਹਿਣ ਤੋਂ ਭਾਵ ਇਹ ਦੋਵੇਂ ਸਵਰ, ਵਰਜਿਤ ਸਵਰ ਹਨ। ਇਸ ਰਾਗ ਦੀਆਂ ਕੁਝ ਵਿਸ਼ੇਸ਼ ਸਵਰ ਸੰਗਤੀਆਂ (ਸਵਰ ਚਲਨ) ਜੋ ਕਿ ਇਸ ਰਾਗ ਨਾਲ ਰਲਦੇ-ਮਿਲਦੇ ਸਮਪ੍ਰਕ੍ਰਿਤਕ ਰਾਗਾਂ ਤੋਂ ਇਸ ਨੂੰ ਵੱਖ ਕਰ ਕੇ ਆਪਣਾ ਮੂਲ ਸਰੂਪ ਨਿਖਾਰ ਕੇ ਪੇਸ਼ ਕਰਨ ਵਿਚ ਲਾਹੇਵੰਦ ਸਾਬਤ ਹੁੰਦੀਆਂ ਹਨ, ਅੱਗੇ ਦਿੱਤੀਆਂ ਜਾ ਰਹੀਆਂ ਹਨ ਤਾਂ ਜੋ ਸੰਗੀਤ ਦੇ ਸਿਖਿਆਰਥੀ ਇਨ੍ਹਾਂ ਸਵਰ ਸੰਗਤੀਆਂ ਨੂੰ ਧਿਆਨ ਵਿਚ ਰੱਖ ਕੇ ਰਾਗੁ ਆਸਾ ਦੇ ਮੂਲ ਸਰੂਪ ਨੂੰ ਯਾਦ ਕਰਦੇ ਹੋਏ ਗਾਇਨ ਅਤੇ ਵਾਦਨ ਕਰਨ ਵਿਚ ਸਫਲਤਾ ਹਾਸਲ ਕਰ ਸਕਣ।

ਸਾ ਰੇ ਸਾ, ਨ਼ੀ ਧ਼ਾ ਪ਼ਾ, ਪ਼ਾ ਧ਼ਾ ਨ਼ੀ ਧ਼ਾ ਸਾ, ਰੇ ਗਾ ਸਾ, ਸਾ ਰੇ ਮਾ, ਮਾ ਪਾ, ਮਾ ਪਾ ਧਾ ਪਾ, ਧਾ ਨੀ ਧਾ ਪਾ, ਪਾ ਧਾ ਸਾਂ, ਸਾਂ ਰੇਂ ਸਾਂ, ਸਾਂ ਰੇਂ ਮਾਂ, ਗਾਂ ਰੇਂ ਗਾਂ ਸਾਂ, ਸਾਂ ਰੇਂ ਸਾਂ ਨੀ ਧਾ ਪਾ, ਪਾ ਧਾ ਸਾਂ ਨੀ ਧਾ ਪਾ, ਮਾ, ਪਾ ਧਾ ਪਾ ਮਾ, ਗਾ ਰੇ, ਸਾ ਰੇ ਗਾ ਸਾ।

**ਰਾਗ ਦਾ ਸਧਾਰਨ ਪਰਿਚਯ**

**ਰਾਗੁ-** ਆਸਾ

**ਥਾਟ-** ਬਿਲਾਵਲ

**ਵਾਦੀ ਸਵਰ-** ਮਾ (ਮਧਿਅਮ) ਸਵਰ

**ਸੰਵਾਦੀ ਸਵਰ-** ਸਾ (ਸ਼ਡਜ) ਸਵਰ

**ਗਾਇਨ ਸਮਾਂ-** ਸਵੇਰ ਦਾ (ਅੰਮ੍ਰਿਤ ਵੇਲਾ) ਅਤੇ ਸ਼ਾਮ ਦਾ।

**ਸਵਰ-** ਸਾਰੇ ਸਵਰ ਸ਼ੁੱਧ।

**ਵਰਜਿਤ ਸਵਰ-** ਅਰੋਹ ਵਿਚ ਗਾ (ਗੰਧਾਰ) ਸਵਰ ਅਤੇ ਨੀ (ਨਿਸ਼ਾਦ) ਸਵਰ।

**ਜਾਤੀ-** ਔੜਵ-ਸੰਪੂਰਨ

**ਅਰੋਹ-** ਸਾ, ਰੇ ਮਾ, ਪਾ, ਧਾ ਸਾਂ।

**ਅਵਰੋਹ-** ਸਾਂ ਨੀ ਧਾ ਪਾ, ਮਾ, ਗਾ ਰੇ, ਸਾ ਰੇ ਗਾ ਸਾ।

**ਪਕੜ-** ਰੇ ਮਾ, ਪਾ, ਧਾ ਸਾਂ, ਨੀ ਧਾ ਪਾ ਮਾ, ਗਾ ਰੇ, ਸਾ ਰੇ ਗਾ ਸਾ।

**ਚਲਦਾ...**

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ ੧੨-੧੧-੨੦੨੪ (੨੭ ਕੱਤਕ ਸੰਮਤ ਨਾਨਕਸ਼ਾਹੀ ੫੫੬) ਦੇ ਮਤੇ :-

### ਮਤਾ ਨੰ. ੫੩

ਕੈਨੇਡਾ ਅੰਦਰ ਸਿੱਖਾਂ ਖ਼ਿਲਾਫ ਸਿਰਜੇ ਜਾ ਰਹੇ ਬਿਰਤਾਂਤ ਦਾ ਮਾਮਲਾ: ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਪ੍ਰਧਾਨ ਸਾਹਿਬ ਦੀ ਆਗਿਆ ਤੇ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਅੱਜ ਦੀ ਇਕੱਤਰਤਾ ਕੈਨੇਡਾ ਅੰਦਰ ਸਿੱਖਾਂ ਖ਼ਿਲਾਫ਼ ਸਿਰਜੇ ਜਾ ਰਹੇ ਬਿਰਤਾਂਤ ਦੀ ਨਿਖੇਧੀ ਕਰਦੀ ਹੈ। ਅੰਤ੍ਰਿੰਗ ਕਮੇਟੀ ਮਹਿਸੂਸ ਕਰਦੀ ਹੈ ਕਿ ਬੀਤੇ ਦਿਨੀਂ ਆਪਸੀ ਵਿਚਾਰਾਂ ਦੇ ਵਖਰੇਵੇਂ ਅਤੇ ਟਕਰਾਅ ਨੂੰ ਹਿੰਦੂ ਧਰਮ ਦੇ ਮੰਦਰ 'ਤੇ ਸਿੱਖਾਂ ਵੱਲੋਂ ਹਮਲਾ ਪ੍ਰਚਾਰ ਕੇ ਸਿੱਖਾਂ ਦੇ ਅਕਸ ਨੂੰ ਢਾਅ ਲਗਾਉਣ ਦੀ ਨੀਵੇਂ ਪੱਧਰ ਦੀ ਕੋਸ਼ਿਸ਼ ਕੀਤੀ ਗਈ ਹੈ। ਸਿੱਖ ਕੌਮ ਸਭ ਧਰਮਾਂ ਦਾ ਸਤਿਕਾਰ ਕਰਦੀ ਹੈ ਅਤੇ ਕਦੇ ਵੀ ਕਿਸੇ ਦੇ ਧਾਰਮਿਕ ਅਸਥਾਨ 'ਤੇ ਹਮਲੇ ਬਾਰੇ ਸਿੱਖ ਸੋਚ ਵੀ ਨਹੀਂ ਸਕਦੇ। ਸਿੱਖਾਂ ਦਾ ਇਤਿਹਾਸ ਸਰਬੱਤ ਦੇ ਭਲੇ ਦੀ ਰੋਸ਼ਨੀ ਵਿਚ ਦੂਸਰੇ ਧਰਮਾਂ ਦੀ ਰਖਵਾਲੀ ਕਰਨ ਵਾਲਾ ਰਿਹਾ ਹੈ। ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਇਸ ਦੀ ਉਘੜਵੀਂ ਮਿਸਾਲ ਹੈ।

ਹਾਲ ਹੀ ਅੰਦਰ ਕੈਨੇਡਾ 'ਚ ਵਾਪਰੀ ਘਟਨਾ ਨੂੰ ਲੈ ਕੇ ਜਿਸ ਤਰ੍ਹਾਂ ਸਿੱਖਾਂ ਖ਼ਿਲਾਫ਼ ਨਫ਼ਰਤੀ ਪ੍ਰਚਾਰ ਕੀਤਾ ਗਿਆ ਹੈ, ਇਹ ਸਿੱਧੇ ਤੌਰ 'ਤੇ ਇਕ ਸੋਚੀ ਸਮਝੀ ਨੀਤੀ ਹੈ। ਬੀਤੇ ਸਮੇਂ ਜਿਸ ਤਰ੍ਹਾਂ ਸਿੱਖਾਂ ਨੂੰ ਨਿਸ਼ਾਨੇ 'ਤੇ ਲਿਆ ਗਿਆ ਅਤੇ ਵਿਦੇਸ਼ਾਂ ਅੰਦਰ ਭਾਈ ਹਰਦੀਪ ਸਿੰਘ ਨਿਝਰ, ਭਾਈ ਅਵਤਾਰ ਸਿੰਘ ਖੰਡਾ, ਸ. ਰਿਪੁਦਮਨ ਸਿੰਘ ਮਲਿਕ ਤੇ ਸ. ਪਰਮਜੀਤ ਸਿੰਘ ਪੰਜਵੜ ਦੇ ਕਤਲ ਦੇ ਦੋਸ਼ ਸਰਕਾਰਾਂ ਅਤੇ ਏਜੰਸੀਆਂ 'ਤੇ ਲੱਗੇ ਇਹ ਕਈ ਸਵਾਲ ਪੈਦਾ ਕਰਦੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਪੱਸ਼ਟ ਕਰਨਾ ਚਾਹੁੰਦੀ ਹੈ ਕਿ ਦੇਸ਼-ਵਿਦੇਸ਼ ਅੰਦਰ ਹਰ ਸਿੱਖ ਦੀ ਜਾਨ ਕੌਮ ਲਈ ਕੀਮਤੀ ਹੈ। ਜੇਕਰ ਕਿਸੇ ਦਾ ਕੋਈ ਜੁਰਮ ਹੈ ਤਾਂ ਉਸ ਵਿਰੁੱਧ ਕਾਨੂੰਨੀ ਢੰਗ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ।

### ਮਤਾ ਨੰ. ੫੪

ਭਾਰਤ ਅੰਦਰ ਹਵਾਈ ਅੱਡਿਆਂ 'ਤੇ ਸਿੱਖ ਕਰਮਚਾਰੀਆਂ ਨੂੰ ਕਿਰਪਾਨ ਪਹਿਨ ਕੇ ਡਿਊਟੀ ਕਰਨ ਤੋਂ ਰੋਕਣ ਦਾ ਮਾਮਲਾ: ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਪ੍ਰਧਾਨ ਸਾਹਿਬ ਦੀ ਆਗਿਆ ਤੇ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ

ਦੀ ਇਹ ਇਕੱਤਰਤਾ ਭਾਰਤ ਅੰਦਰ ਹਵਾਈ ਅੱਡਿਆਂ 'ਤੇ ਸਿੱਖ ਕਰਮਚਾਰੀਆਂ ਨੂੰ ਕਿਰਪਾਨ ਪਹਿਨ ਕੇ ਡਿਊਟੀ ਕਰਨ ਤੋਂ ਰੋਕਣ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦੀ ਹੈ। ਆਪਣੇ ਹੀ ਦੇਸ਼ ਅੰਦਰ ਇਹ ਵਿਤਕਰਾ ਸਿੱਖਾਂ ਦੀ ਧਾਰਮਿਕ ਅਜ਼ਾਦੀ 'ਤੇ ਹਮਲਾ ਹੈ। ਇਹ ਭਾਰਤੀ ਸੰਵਿਧਾਨ ਦੀ ਵੀ ਉਲੰਘਣਾ ਹੈ, ਕਿਉਂਕਿ ਇਸ ਵਿਚ ਸਿੱਖਾਂ ਨੂੰ ਕਕਾਰਾਂ ਸਮੇਤ ਦੇਸ਼ ਅੰਦਰ ਹਵਾਈ ਸਫ਼ਰ ਕਰਨ ਅਤੇ ਆਪਣੀਆਂ ਧਾਰਮਿਕ ਮਾਨਤਾਵਾਂ ਨਿਭਾਉਣ ਦਾ ਪੂਰਾ ਅਧਿਕਾਰ ਪ੍ਰਾਪਤ ਹੈ।

ਦੁੱਖ ਦੀ ਗੱਲ ਹੈ ਕਿ ਸਿੱਖਾਂ ਨੂੰ ਪਹਿਲਾਂ ਵੀ ਦੇਸ਼ ਅੰਦਰ ਕਕਾਰ ਪਹਿਨ ਕੇ ਪ੍ਰੀਖਿਆਵਾਂ ਦੇਣ ਅਤੇ ਡਿਊਟੀ ਕਰਨ ਸਮੇਂ ਕਈ ਵਾਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕਰ ਕੇ ਸਰਕਾਰਾਂ ਨੂੰ ਦਿਸ਼ਾ-ਨਿਰਦੇਸ਼ ਦੇਣ ਦੀ ਵੀ ਮੰਗ ਕੀਤੀ ਹੋਈ ਹੈ।

ਅੰਤ੍ਰਿੰਗ ਕਮੇਟੀ ਇਸ ਬੇਹੱਦ ਗੰਭੀਰ ਮਾਮਲੇ 'ਤੇ ਹਰ ਪੱਧਰ 'ਤੇ ਅਵਾਜ਼ ਉਠਾਉਣ ਅਤੇ ਸਿੱਖਾਂ ਦੀ ਧਾਰਮਿਕ ਅਜ਼ਾਦੀ ਲਈ ਖੜ੍ਹਨ ਦੀ ਵਚਨਬੱਧਤਾ ਪ੍ਰਗਟਾਉਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਸੰਬੰਧ ਵਿਚ ਸਰਕਾਰ ਨਾਲ ਗੱਲਬਾਤ ਕਰਨ ਲਈ ਵਫ਼ਦ ਭੇਜਿਆ ਜਾਵੇਗਾ। ■

---

ਕਵਿਤਾ:

# ਦਸਮ ਪਾਤਸ਼ਾਹ ਦੇ ਵਾਰੀ ਜੇਰਿਆਂ ਤੋਂ...

*-ਸ. ਸਤਿਨਾਮ ਸਿੰਘ ਕੋਮਲ**

*ਖ਼ਾਬ ਕੌਮ ਦੇ ਬਸ, ਆਪਣਾ ਖ਼ਾਬ ਕੋਈ ਨਾ,*
*ਅਮਾਨਤ ਜ਼ਿੰਦਗੀ ਜਿਊਣਾ ਰਜ਼ਾਅ ਉਸ ਦੀ।*
*ਦਰਦ ਮਾਨਵਤਾ ਦੇ, ਆਪਣੇ ਲਾ ਸੀਨੇ,*
*ਸਮਰਪਣ ਪ੍ਰਭੂ ਨੂੰ, ਵਰਤੇ ਸਭ ਕਲਾ ਉਸ ਦੀ।*
*ਵਰਤੇ ਸਮੇਂ ਦੇ ਕਹਿਰ ਨੂੰ ਹੁਕਮ ਮੰਨਣਾ,*
*ਸਬਰ, ਸਿਦਕ ਵੀ ਹੈ ਦਇਆ ਉਸ ਦੀ।*
*ਦਸਮ ਪਾਤਸ਼ਾਹ ਦੇ ਵਾਰੀ ਜੇਰਿਆਂ ਤੋਂ,*
*ਅਦਾਇਗੀ ਕਰਜ਼ ਦੀ ਹੋਈ ਅਦਾਅ ਉਸ ਦੀ।*

■

** #੨੪੮, ਅਰਬਨ ਅਸਟੇਟ, ਫ਼ੇਜ਼ ੧, ਚੰਡੀਗੜ੍ਹ ਰੋਡ, ਲੁਧਿਆਣਾ-੧੦ ਮੋ. ੯੫੦੧੦-੩੦੯੨੧*

ਖ਼ਬਰਨਾਮਾ

# ਮਾਤਾ ਗੁਜਰ ਕੌਰ ਜੀ ਦੀ ੪੦੦ ਸਾਲਾ ਜਨਮ ਸ਼ਤਾਬਦੀ ਪੰਥਕ ਜਾਹੋ-ਜਲਾਲ ਨਾਲ ਮਨਾਈ

ਸ੍ਰੀ ਅੰਮ੍ਰਿਤਸਰ, ੨੨ ਨਵੰਬਰ- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਤਿਕਾਰਤ ਮਾਤਾ ਗੁਜਰ ਕੌਰ ਜੀ ਦੇ ੪੦੦ ਸਾਲਾ ਜਨਮ ਦਿਹਾੜੇ ਦੀ ਸ਼ਤਾਬਦੀ ਦੇ ਸਮਾਗਮ ਗੁਰਦੁਆਰਾ ਸ੍ਰੀ ਗੰਗਸਰ ਸਾਹਿਬ, ਕਰਤਾਰਪੁਰ ਵਿਖੇ ਪੰਥਕ ਜਾਹੋ-ਜਲਾਲ ਨਾਲ ਸੰਪੂਰਨ ਹੋਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਯੋਜਿਤ ਕੀਤੇ ਗਏ ਸ਼ਤਾਬਦੀ ਦੇ ਮੁੱਖ ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਲ ਪੰਥ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰ ਸਿੰਘ, ਤਰਨਾ ਦਲ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ, ਪਦਮਸ੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਸਮੇਤ ਪ੍ਰਮੁੱਖ ਪੰਥਕ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ ਅਤੇ ਮਾਤਾ ਗੁਜਰ ਕੌਰ ਜੀ ਦੇ ਜੀਵਨ ਅਤੇ ਕੁਰਬਾਨੀ ਦੀ ਸੇਧ ਵਿਚ ਸਿੱਖ ਜਗਤ ਨੂੰ ਆਦਰਸ਼ਕ ਜੀਵਨ-ਜਾਚ ਦੇ ਧਾਰਨੀ ਬਣਨ ਦੀ ਪ੍ਰੇਰਨਾ ਕੀਤੀ। ਬੁਲਾਰਿਆਂ ਨੇ ਵਿਸ਼ੇਸ਼ ਕਰਕੇ ਸਿੱਖ ਮਾਵਾਂ ਨੂੰ ਮਾਤਾ ਗੁਜਰ ਕੌਰ ਜੀ ਦੇ ਅਦੁੱਤੀ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣੇ ਬੱਚਿਆਂ ਦੀ ਸੰਸਾਰੀ ਅਤੇ ਆਤਮਿਕ ਪਰਵਰਿਸ਼ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਸਮਾਗਮ ਦੌਰਾਨ ਸੰਬੋਧਨ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਮਾਤਾ ਗੁਜਰ ਕੌਰ ਜੀ ਉਹ ਮਹਾਨ ਸ਼ਖ਼ਸੀਅਤ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਨਿਖਾਰਨ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਬਾਲ ਉਮਰੇ ਆਪਣੇ ਅਕੀਦੇ ਉੱਪਰ ਕਾਇਮ ਰਹਿੰਦਿਆਂ ਵੱਡੀ ਸ਼ਹਾਦਤ ਦੇਣ ਲਈ ਦ੍ਰਿੜ੍ਹ ਕੀਤਾ। ਉਨ੍ਹਾਂ ਕਿਹਾ ਕਿ ਅੱਜ ਸੰਸਾਰ ਧਰਮ ਨਿਰਪੇਖਤਾ ਤੇ ਜਮਹੂਰੀਅਤ ਦੀ ਗੱਲ ਕਰਦਾ ਹੈ, ਪਰ ਮਾਤਾ ਗੁਜਰੀ ਜੀ ਦੇ ਸਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਈ. ਵਿਚ ਖਾਲਸੇ ਦੀ ਸਾਜਨਾ ਕਰ ਕੇ ਵਿਸ਼ਵ ਦਾ ਅਦੁੱਤੀ ਇਨਕਲਾਬ ਲਿਆਂਦਾ, ਜਿਸ ਵਿਚ ਮਨੁੱਖੀ ਬਰਾਬਰੀ, ਭਰਾਤਰੀ ਭਾਵ ਅਤੇ ਜਮਹੂਰੀਅਤ ਦੀ ਸਿਖ਼ਰ ਦਾ ਪ੍ਰਗਟਾਵਾ ਕੀਤਾ। ਐਡਵੋਕੇਟ ਧਾਮੀ ਨੇ ਕਿਹਾ ਕਿ ਅੱਜ ਇਸ ਗੱਲ ਦੀ ਵੱਡੀ ਲੋੜ ਹੈ ਕਿ ਸਿੱਖ ਕੌਮ ਮਾਤਾ ਗੁਜਰ ਕੌਰ ਜੀ ਦੇ ਜੀਵਨ ਆਦਰਸ਼ਾਂ ਅਨੁਸਾਰ ਤਰਜੀਹਾਂ ਨਿਰਧਾਰਿਤ ਕਰੇ। ਉਨ੍ਹਾਂ ਸੋਸ਼ਲ ਮੀਡੀਆ 'ਤੇ ਸਿੱਖ ਵਿਰੋਧੀ ਵਰਤਾਰੇ ਦੀ ਵੀ ਕਰੜੀ ਅਲੋਚਨਾ ਕਰਦਿਆਂ ਕਿਹਾ ਕਿ ਪੰਥ-ਵਿਰੋਧੀਆਂ ਵੱਲੋਂ ਸੋਸ਼ਲ ਮੀਡੀਆ ਦੀ ਦੁਰਵਰਤੋਂ ਕਰ ਕੇ ਸਿੱਖ ਕੌਮ ਦੀ ਅੱਡਰੀ ਹੋਂਦ ਹਸਤੀ ਨੂੰ ਰਲਗੱਡ ਕਰਨ ਦੀਆਂ

ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕੌਮ ਨੂੰ ਅਜਿਹੇ ਹਮਲਿਆਂ ਤੋਂ ਸੁਚੇਤ ਹੋਣ ਲਈ ਕਿਹਾ।

ਇਸੇ ਦੌਰਾਨ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਮਾਤਾ ਗੁਜਰ ਕੌਰ ਸਬਰ, ਸਿਦਕ, ਸਹਿਣਸ਼ੀਲਤਾ ਦਾ ਮਹਾਨ ਸੋਮਾ ਅਤੇ ਵਿਸ਼ਾਲ ਜਿਗਰੇ ਵਾਲੇ ਸਨ, ਜਿਨ੍ਹਾਂ ਦੀ ਕੁੱਖੋਂ ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ਮਾਨ ਹੋਏ। ਉਨ੍ਹਾਂ ਆਖਿਆ ਕਿ ਇਹ ਅਦਰਸ਼ਕ ਸ਼ਖ਼ਸੀਅਤ ਹਰ ਮਾਂ ਲਈ ਪ੍ਰੇਰਨਾ ਸਰੋਤ ਬਣਨੀ ਚਾਹੀਦੀ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੰਥ ਦੀ ਮਜ਼ਬੂਤੀ ਲਈ ਇਕਜੁਟ ਹੋਣ ਦਾ ਵੀ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਪੰਥ ਨੂੰ ਧਾਰਮਿਕ ਤੇ ਰਾਜਸੀ ਤੌਰ 'ਤੇ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਤੋਂ ਚੇਤੰਨ ਰਹਿਣਾ ਜ਼ਰੂਰੀ ਹੈ। ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਗੱਲ ਕਰਦਿਆਂ ਕਿਹਾ ਕਿ ਇਹ ਇਕ ਇਮਾਰਤ ਨਹੀਂ, ਸਗੋਂ ਇਕ ਸਿਧਾਂਤ ਹੈ। ਇਮਾਰਤ ਨੂੰ ਤਾਂ ਢਾਹਿਆ ਜਾ ਸਕਦਾ ਹੈ, ਲੇਕਿਨ ਸਿਧਾਂਤ ਅਤੇ ਸੰਕਲਪ ਮੇਟੇ ਨਹੀਂ ਜਾ ਸਕਦੇ। ਉਨ੍ਹਾਂ ਕਿਹਾ ਕਿ ਏਸੇ ਕਰਕੇ ਹੀ ਦੁਸ਼ਮਣਾਂ ਦੀ ਸਦਾ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਕਮਜ਼ੋਰ ਕਰਨ ਦੀ ਤਾਕ ਰਹਿੰਦੀ ਹੈ। ਅਬਦਾਲੀ ਅਤੇ ਇੰਦਰਾ ਵੀ ਇਸੇ ਭੁੱਲ ਵਿਚ ਹੀ ਰਹੇ। ਉਨ੍ਹਾਂ ਕੌਮ ਨੂੰ ਆਪਣੀਆਂ ਸੰਸਥਾਵਾਂ ਦੇ ਸਿਧਾਂਤ 'ਤੇ ਪਹਿਰਾ ਦੇਣ ਲਈ ਕਿਹਾ।

ਇਸ ਮੌਕੇ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ, ਦਲ ਪੰਥ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰ ਸਿੰਘ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਤੇਜਾ ਸਿੰਘ ਖੁਡਾ ਕੁਰਾਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸ. ਰਣਜੀਤ ਸਿੰਘ ਕਾਹਲੋਂ ਅਤੇ ਗਿਆਨੀ ਭਗਵਾਨ ਸਿੰਘ ਜੌਹਲ ਨੇ ਵੀ ਸੰਗਤ ਨਾਲ ਵਿਚਾਰ ਸਾਂਝੇ ਕੀਤੇ। ਸਮਾਗਮ ਦੌਰਾਨ ਕਵੀਸ਼ਰ ਗਿਆਨੀ ਗੁਰਮੁੱਖ ਐਮ.ਏ. ਦੀ ਪੁਸਤਕ ਵੀ ਰੀਲੀਜ਼ ਕੀਤੀ ਗਈ ਅਤੇ ਪੁੱਜੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਨਮਾਨਿਤ ਕੀਤਾ। ਵਿਸ਼ੇਸ਼ ਕਰਕੇ ਸਮਾਜ ਸੇਵਾ ਦੇ ਖੇਤਰ ਵਿਚ ਯੋਗਦਾਨ ਪਾਉਣ ਵਾਲੀਆਂ ਪ੍ਰਮੁੱਖ ਬੀਬੀਆਂ ਨੂੰ ਵੀ ਸਨਮਾਨ ਦਿੱਤੇ ਗਏ। ਇਸ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਪੰਥ ਪ੍ਰਸਿੱਧ ਰਾਗੀ ਢਾਡੀ ਤੇ ਕਵੀਸ਼ਰ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰ-ਇਤਿਹਾਸ ਨਾਲ ਜੋੜਿਆ।

ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਸ ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਸ ਅਮਰੀਕ ਸਿੰਘ ਵਿਛੋਆ, ਸ ਪਰਮਜੀਤ ਸਿੰਘ ਰਾਏਪੁਰ, ਮੈਂਬਰ ਸ. ਰਣਜੀਤ ਸਿੰਘ (ਕਾਹਲੋਂ), ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ (ਚਾਵਲਾ), ਬੀਬੀ ਗੁਰਮੀਤ ਕੌਰ ਭਟਨੂਰਾ, ਭਾਈ ਰਾਮ ਸਿੰਘ, ਸ. ਬਲਜੀਤ ਸਿੰਘ ਜਲਾਲਉਸਮਾ, ਸ. ਜਰਨੈਲ ਸਿੰਘ ਡੋਗਰਾਂਵਾਲਾ, ਸ. ਪ੍ਰਿਤਪਾਲ

ਸਿੰਘ, ਸ. ਰਣਜੀਤ ਸਿੰਘ ਮੰਗਲੀ, ਸ. ਅਮਰੀਕ ਸਿੰਘ ਸ਼ਾਹਪੁਰ, ਸ. ਕੁਲਬੀਰ ਸਿੰਘ, ਬੀਬੀ ਦਵਿੰਦਰ ਕੌਰ (ਕਾਲੜਾ), ਬੀਬੀ ਨਰਿੰਦਰ ਕੌਰ, ਬੀਬੀ ਸਵਰਨ ਕੌਰ ਤੇੜਾ, ਬੀਬੀ ਰਾਜਿੰਦਰ ਕੌਰ, ਸਾਬਕਾ ਮੈਂਬਰ ਸ. ਸਰੂਪ ਸਿੰਘ, ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਗੁਰਿੰਦਰ ਸਿੰਘ ਮਥਰੇਵਾਲ, ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ, ਬਾਬਾ ਜੀਤ ਸਿੰਘ ਜੋਹਲਾਂਵਾਲੇ, ਸੁਆਮੀ ਜੀ ਹੁਸ਼ਿਆਰਪੁਰ ਵਾਲੇ, ਬਾਬਾ ਅਵਤਾਰ ਸਿੰਘ ਧੱਤਲ, ਬਾਬਾ ਸਤਨਾਮ ਸਿੰਘ ਕਿਲਾ ਅਨੰਦਗੜ੍ਹ, ਬਾਬਾ ਗੁਰਮੇਜ ਸਿੰਘ ਬਿਲੀਵੜੈਚ, ਬਾਬਾ ਬਲਬੀਰ ਸਿੰਘ ਹਰਚੋਵਾਲ, ਬਾਬਾ ਬਲਵਿੰਦਰ ਸਿੰਘ ਤਿੰਮੋਵਾਲ, ਬਾਬਾ ਗੁਰਦੇਵ ਸਿੰਘ ਤਰਸਿੱਕਾ, ਮਨਿੰਦਰਪਾਲ ਸਿੰਘ ਗੁੰਬਰ, ਸ. ਰਣਜੀਤ ਸਿੰਘ ਰਾਣਾ, ਬਾਬਾ ਕਰਨੈਲ ਸਿੰਘ, ਬਾਬਾ ਹੀਰਾ ਸਿੰਘ ਸਰਹਾਲੀ, ਬਾਬਾ ਲਾਲ ਸਿੰਘ ਰਾੜਾ ਸਾਹਿਬ, ਡਾ. ਧਰਮਵੀਰ ਸਿੰਘ, ਬਾਬਾ ਬਲਦੇਵ ਸਿੰਘ ਤਰਨਾ ਦਲ, ਬਾਬਾ ਸ਼ਮਸ਼ੇਰ ਸਿੰਘ, ਸ. ਬਲਦੇਵ ਸਿੰਘ ਵਧਾਇਕ, ਬਾਬਾ ਪ੍ਰਿਤਪਾਲ ਸਿੰਘ, ਸ. ਸਤਨਾਮ ਸਿੰਘ ਨੀਲਾ ਮਹਿਲ, ਸੇਵਾ ਸਿੰਘ ਸ਼ਹਿਰੀ ਪ੍ਰਧਾਨ, ਬੀਬੀ ਮਨਜਿੰਦਰ ਕੌਰ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ, ਪ੍ਰਚਾਰਕ ਭਾਈ ਹਰਜੀਤ ਸਿੰਘ ਸਮੇਤ ਵੱਡੀ ਗਿਣਤੀ ਵਿਚ ਸੰਗਤ ਹਾਜ਼ਰ ਸੀ।

## ਸੱਚਖੰਡ ਵਾਸੀ ਬਾਬਾ ਦਯਾ ਸਿੰਘ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਸ਼੍ਰੋਮਣੀ ਪੰਥ ਸੇਵਕ' ਦੀ ਉਪਾਧੀ ਨਾਲ ਸਨਮਾਨ

ਸ੍ਰੀ ਅੰਮ੍ਰਿਤਸਰ, ੨੫ ਨਵੰਬਰ– ਸੰਪ੍ਰਦਾਇ ਦਲ ਪੰਥ ਬਾਬਾ ਬਿਧੀ ਚੰਦ ਜੀ ਦੇ ਮੁਖੀ ਰਹੇ ਸੱਚਖੰਡ ਵਾਸੀ ਬਾਬਾ ਦਯਾ ਸਿੰਘ ਸੁਰਸਿੰਘ ਵਾਲਿਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਪੰਥ ਸੇਵਕ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਗੁਰਬਾਣੀ ਕੀਰਤਨ ਅਤੇ ਅਰਦਾਸ ਮਗਰੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਬਾਬਾ ਦਯਾ ਸਿੰਘ ਸੁਰਸਿੰਘ ਵਾਲਿਆਂ ਨੂੰ 'ਸ਼੍ਰੋਮਣੀ ਪੰਥ ਸੇਵਕ' ਦੀ ਉਪਾਧੀ ਨਾਲ ਸਨਮਾਨਿਤ ਕੀਤੇ ਜਾਣ ਦਾ ਐਲਾਨ ਕੀਤਾ ਅਤੇ ਪੰਜ ਸਿੰਘ ਸਾਹਿਬਾਨ ਵੱਲੋਂ ਇਹ ਸਨਮਾਨ ਦਲ ਪੰਥ ਦੇ ਮੌਜੂਦਾ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਨੂੰ ਸੌਂਪਿਆ ਗਿਆ। ਜ਼ਿਕਰਯੋਗ ਹੈ ਕਿ ੧੫ ਜੁਲਾਈ, ੨੦੨੪ ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਬਾਬਾ ਦਯਾ ਸਿੰਘ ਜੀ ਨੂੰ ਇਹ ਸਨਮਾਨ ਦੇਣ ਦਾ ਫੈਸਲਾ ਹੋਇਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਹੋਏ ਸਨਮਾਨ ਸਮਾਗਮ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ

ਸੁਲਤਾਨ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ੯੬ਵੇਂ ਕਰੋੜੀ, ਤਰਨਾ ਦਲ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਕਸ਼ਮੀਰ ਸਿੰਘ ਭੂਰੀਵਾਲੇ ਸਮੇਤ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

ਇਸ ਮੌਕੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਬਾਬਾ ਦਯਾ ਸਿੰਘ ਵੱਲੋਂ ਕੌਮ ਪ੍ਰਤੀ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬਾਬਾ ਦਯਾ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੁੰਦਿਆਂ ਸਿੱਖ ਪੰਥ ਲਈ ਵਡਮੁੱਲੀਆਂ ਸੇਵਾਵਾਂ ਕੀਤੀਆਂ ਅਤੇ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਹਮੇਸ਼ਾ ਤਤਪਰ ਰਹੇ। ਉਨ੍ਹਾਂ ਦੀਆਂ ਪੰਥਕ ਸੇਵਾਵਾਂ ਬਦਲੇ ਇਹ ਸਨਮਾਨ ਦਿੱਤਾ ਜਾ ਰਿਹਾ ਹੈ।

ਇਸ ਮੌਕੇ ਦਲ ਪੰਥ ਬਿਧੀ ਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ ਨੇ ਇਸ ਸਨਮਾਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ, ਸਿੰਘ ਸਾਹਿਬਾਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਾ ਧੰਨਵਾਦ ਕੀਤਾ। ਉਨ੍ਹਾਂ ਸਮਾਗਮ ਵਿਚ ਪੁੱਜੀਆਂ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਤੇ ਸੰਗਤ ਦਾ ਵੀ ਧੰਨਵਾਦ ਕੀਤਾ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਦਿੱਲੀ ਦੇ ਮੈਟਰੋ ਸਟੇਸ਼ਨ ’ਤੇ ਸਿੱਖ ਨੂੰ ਕਿਰਪਾਨ ਪਾ ਕੇ ਜਾਣ ਤੋਂ ਰੋਕਣ ਦੀ ਕੀਤੀ ਸਖ਼ਤ ਨਿੰਦਾ

ਸ੍ਰੀ ਅੰਮ੍ਰਿਤਸਰ, ੨੮ ਨਵੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਲੀ ਦੇ ਝਿਲਮਿਲ ਮੈਟਰੋ ਸਟੇਸ਼ਨ ’ਤੇ ਇਕ ਅੰਮ੍ਰਿਤਧਾਰੀ ਸਿੱਖ ਨੂੰ ਕਿਰਪਾਨ ਸਮੇਤ ਅੰਦਰ ਜਾਣ ਤੋਂ ਰੋਕਣ ਦੀ ਘਟਨਾ ਦਾ ਨੋਟਿਸ ਲੈਂਦਿਆਂ ਕਿਹਾ ਕਿ ਇਹ ਦੇਸ਼ ਦੇ ਸੰਵਿਧਾਨ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਦੇ ਵਾਰ-ਵਾਰ ਮਾਮਲੇ ਸਾਹਮਣੇ ਆ ਰਹੇ ਹਨ ਅਤੇ ਦੁੱਖ ਦੀ ਗੱਲ ਹੈ ਕਿ ਸਰਕਾਰਾਂ ਅਜਿਹਾ ਕਰਨ ਵਾਲਿਆਂ ’ਤੇ ਕੋਈ ਮਿਸਾਲੀ ਕਾਰਵਾਈ ਨਹੀਂ ਕਰ ਰਹੀਆਂ। ਉਨ੍ਹਾਂ ਕਿਹਾ ਕਿ ਭਾਰਤ ਦੇ ਸੰਵਿਧਾਨ ਅੰਦਰ ਦੇਸ਼ ਦੇ ਹਰ ਨਾਗਰਿਕ ਨੂੰ ਆਪਣੀਆਂ ਧਾਰਮਿਕ ਮਾਨਤਾਵਾਂ ’ਤੇ ਪਹਿਰਾ ਦੇਣ ਦੀ ਖੁੱਲ੍ਹ ਹੈ। ਅੰਮ੍ਰਿਤਧਾਰੀ ਸਿੱਖ ਲਈ ਪੰਜ ਕਕਾਰ ਧਾਰਨ ਕਰਨਾ ਲਾਜ਼ਮੀ ਹੈ ਅਤੇ ਇਸ ਦੀ ਇਜਾਜ਼ਤ ਭਾਰਤ ਦਾ ਸੰਵਿਧਾਨ ਵੀ ਦਿੰਦਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਹਾਲ ਹੀ ਵਿਚ ਨਾਗਰਿਕ ਹਵਾਬਾਜ਼ੀ ਮੰਤਰਾਲੇ ਵੱਲੋਂ ਵੀ ਭਾਰਤ ਦੇ ਹਵਾਈ ਅੱਡਿਆਂ ’ਤੇ ਅੰਮ੍ਰਿਤਧਾਰੀ ਸਿੱਖ ਕਰਮਚਾਰੀਆਂ ਨੂੰ ਕਿਰਪਾਨ ਪਹਿਣ ਕੇ ਜਾਣ ’ਤੇ ਪਾਬੰਦੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਜਿਸ ’ਤੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਖ਼ਤ ਇਤਰਾਜ਼ ਪ੍ਰਗਟਾਇਆ ਗਿਆ ਸੀ। ਐਡਵੋਕੇਟ ਧਾਮੀ

ਨੇ ਕਿਹਾ ਕਿ ਹੁਣ ਦਿੱਲੀ ਦੇ ਇਕ ਝਿਲਮਿਲ ਮੈਟਰੋ ਸਟੇਸ਼ਨ ’ਤੇ ਅੰਮ੍ਰਿਤਧਾਰੀ ਸਿੱਖ ਨੂੰ ਸੀ.ਆਈ.ਐਸ.ਐਫ. ਦੇ ਇਕ ਕਰਮਚਾਰੀ ਵੱਲੋਂ ਕਿਰਪਾਨ ਸਮੇਤ ਅੰਦਰ ਜਾਣ ਤੋਂ ਰੋਕਣਾ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲਾ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਦੀ ਇਕ ਵੀਡੀਓ ਵੀ ਸੋਸ਼ਲ ਮੀਡੀਆ ’ਤੇ ਵਾਇਰਲ ਹੋਈ ਹੈ, ਜਿਸ ਦਾ ਨੋਟਿਸ ਲੈਂਦਿਆਂ ਸਰਕਾਰ ਨੂੰ ਦੋਸ਼ੀ ਕਰਮਚਾਰੀ ਖ਼ਿਲਾਫ਼ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਇਹ ਯਕੀਨੀ ਬਣਾਵੇ ਕਿ ਅੰਮ੍ਰਿਤਧਾਰੀ ਸਿੱਖਾਂ ਨਾਲ ਦੇਸ਼ ਅੰਦਰ ਕਕਾਰ ਪਹਿਨਣ ਕਰਕੇ ਕਿਸੇ ਕਿਸਮ ਦਾ ਵਿਤਕਰਾ ਨਾ ਕੀਤਾ ਜਾਵੇ। ਐਡਵੋਕੇਟ ਧਾਮੀ ਨੇ ਇਸ ਮਾਮਲੇ ਵਿਚ ਭਾਰਤ ਦੇ ਗ੍ਰਹਿ ਮੰਤਰਾਲੇ ਅਤੇ ਦਿੱਲੀ ਸਰਕਾਰ ਨੂੰ ਤੁਰੰਤ ਕਾਰਵਾਈ ਕਰਦਿਆਂ ਸਿੱਖਾਂ ਦੇ ਹੱਕ ਹਕੂਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ।

## ਗੁਰਦੁਆਰਾ ਸ੍ਰੀ ਕੌਲਸਰ ਸਾਹਿਬ ਦੇ ਸਰੋਵਰ ਦੀ ਕਾਰ-ਸੇਵਾ ਅਰੰਭ

ਸ੍ਰੀ ਅੰਮ੍ਰਿਤਸਰ ੨੯ ਨਵੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਈ ਗੁਰਇਕਬਾਲ ਸਿੰਘ ਬੀਬੀ ਕੌਲਾਂ ਜੀ ਭਲਾਈ ਕੇਂਦਰ ਵਾਲਿਆਂ ਅਤੇ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਕੌਲਸਰ ਸਾਹਿਬ ਜੀ ਦੇ ਪਵਿੱਤਰ ਸਰੋਵਰ ਦੀ ਕਾਰ-ਸੇਵਾ ਪੰਥਕ ਰਵਾਇਤ ਅਨੁਸਾਰ ਅਰੰਭ ਕੀਤੀ ਗਈ। ਇਸ ਕਾਰ-ਸੇਵਾ ਦੀ ਅਰੰਭਤਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ, ਗਿਆਨੀ ਬਲਜੀਤ ਸਿੰਘ, ਗਿਆਨੀ ਕੇਵਲ ਸਿੰਘ, ਦਲ ਬਾਬਾ ਬਿਧੀ ਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ ਅਤੇ ਭਾਈ ਗੁਰਇਕਬਾਲ ਸਿੰਘ ਨੇ ਸਮੂਹ ਸੰਗਤ ਦੇ ਸਹਿਯੋਗ ਨਾਲ ਟੱਪ ਲਗਾ ਕੇ ਕੀਤੀ। ਇਸ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਕੌਲਸਰ ਸਾਹਿਬ ਵਿਖੇ ਸਮਾਗਮ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਰੂਪ ਸਿੰਘ ਦੇ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ। ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ ਤੇ ਹੁਕਮਨਾਮਾ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਲਿਆ।

ਇਸ ਮੌਕੇ ਗੱਲਬਾਤ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰਦੁਆਰਾ ਸਾਹਿਬਾਨ ਦੀਆਂ ਸੇਵਾਵਾਂ ਵਿਚ ਹਿੱਸਾ ਲੈਣਾ ਵੱਡੇ ਭਾਗਾਂ ਦੀ ਨਿਸ਼ਾਨੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸ੍ਰੀ ਕੌਲਸਰ ਸਾਹਿਬ ਦੇ ਪਾਵਨ ਸਰੋਵਰ ਦੀ ਇਸ ਤੋਂ ਪਹਿਲਾਂ ਸੰਨ ੨੦੧੯ ਵਿਚ ਸੇਵਾ ਕਰਵਾਈ ਗਈ ਸੀ ਅਤੇ ਸੰਗਤ ਦੀ ਮੰਗ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਦੀ ਮੁੜ ਸੇਵਾ ਕਰਵਾਉਣ ਲਈ ਭਾਈ ਗੁਰਇਕਬਾਲ ਸਿੰਘ ਬੀਬੀ ਕੌਲਾਂ ਜੀ ਭਲਾਈ

ਕੇਂਦਰ ਵਾਲਿਆਂ ਨੂੰ ਜ਼ਿੰਮੇਵਾਰੀ ਸੌਂਪੀ ਹੈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਇਸ ਸੇਵਾ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ ਤੇ ਆਪਣਾ ਜੀਵਨ ਸਫਲਾ ਕਰਨ।

ਇਸੇ ਦੌਰਾਨ ਭਾਈ ਗੁਰਇਕਬਾਲ ਸਿੰਘ ਨੇ ਇਸ ਕਾਰਜ ਦੀ ਸੇਵਾ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਦੀ ਵੱਡੀ ਬਖ਼ਸ਼ਿਸ਼ ਹੈ ਕਿ ਇਹ ਸੇਵਾ ਸਾਡੀ ਝੋਲੀ ਪਈ ਹੈ। ਉਨ੍ਹਾਂ ਕਿਹਾ ਕਿ ਗੁਰੂ-ਘਰ ਦੀ ਸੇਵਾ ਕਿਸੇ ਕਰਮਾਂ-ਭਾਗਾਂ ਵਾਲੇ ਮਨੁੱਖ ਨੂੰ ਹੀ ਮਿਲਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਸੰਗਤ ਨੂੰ ਵੀ ਬੇਨਤੀ ਕੀਤੀ ਕਿ ਉਹ ਇਸ ਕਾਰ-ਸੇਵਾ ਵਿਚ ਵੱਧ ਤੋਂ ਵੱਧ ਹਾਜ਼ਰੀਆਂ ਭਰਨ। ਇਸ ਮੌਕੇ ਪੁੱਜੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਤੁਗਲਵਾਲ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਰਾਮ ਸਿੰਘ, ਸ. ਹਰਜਾਪ ਸਿੰਘ ਸੁਲਤਾਨਵਿੰਡ, ਭਾਈ ਮਨਜੀਤ ਸਿੰਘ, ਸ. ਬਲਵਿੰਦਰ ਸਿੰਘ ਵੇਈਂਪੂਈਂ, ਸਕੱਤਰ ਸ. ਪ੍ਰਤਾਪ ਸਿੰਘ, ਓ.ਐਸ.ਡੀ. ਸ. ਸਤਬੀਰ ਸਿੰਘ ਧਾਮੀ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਤਰਨਾ ਦਲ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ, ਬਾਬਾ ਹਰੀ ਸਿੰਘ ਹਰੀਕੇ ਪੱਤਣ, ਬਾਬਾ ਨਾਹਰ ਸਿੰਘ ਸਾਧ ਜੀ, ਬਾਬਾ ਰਮਨ ਸਿੰਘ, ਬਾਬਾ ਅਮਰ ਸਿੰਘ, ਡਾ. ਧਰਮਜੀਤ ਸਿੰਘ, ਸ. ਤੇਜਿੰਦਰ ਸਿੰਘ, ਸ. ਗੁਰਦੀਪ ਸਿੰਘ ਸਲੂਜਾ, ਵਧੀਕ ਮੈਨੇਜਰ ਸ. ਜਸਪਾਲ ਸਿੰਘ ਢੱਡੇ, ਸ. ਬਿਕਰਮਜੀਤ ਸਿੰਘ ਝੰਗੀ, ਸ. ਜੁਗਰਾਜ ਸਿੰਘ, ਸ. ਲਖਬੀਰ ਸਿੰਘ, ਭਾਈ ਗੁਰਵਿੰਦਰ ਸਿੰਘ ਗ੍ਰੰਥੀ ਗੁਰਦੁਆਰਾ ਸ੍ਰੀ ਕੌਲਸਰ ਸਾਹਿਬ ਅਤੇ ਭਾਰੀ ਗਿਣਤੀ ਵਿਚ ਸੰਗਤ ਹਾਜ਼ਰ ਸੀ।

## ਗੁਰਦੁਆਰਾ ਸ੍ਰੀ ਟਾਹਲੀ ਸਾਹਿਬ ਸੰਤੋਖਸਰ ਸਾਹਿਬ ਦੇ ਸਰੋਵਰ ਦੀ ਕਾਰ-ਸੇਵਾ ਅਰੰਭ

ਸ੍ਰੀ ਅੰਮ੍ਰਿਤਸਰ ੯ ਦਸੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਟਾਹਲੀ ਸਾਹਿਬ ਸੰਤੋਖਸਰ ਸਾਹਿਬ ਦੇ ਸਰੋਵਰ ਵਿੱਚੋਂ ਗਾਰ ਕੱਢਣ ਦੀ ਕਾਰ-ਸੇਵਾ ਪੰਥਕ ਰਵਾਇਤ ਅਨੁਸਾਰ ਅਰੰਭ ਕੀਤੀ ਗਈ। ਕਾਰ ਸੇਵਾ ਦੀ ਅਰੰਭਤਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਗ੍ਰੰਥੀ ਗਿਆਨੀ ਕੇਵਲ ਸਿੰਘ, ਬਾਬਾ ਬਚਨ ਸਿੰਘ ਤੇ ਬਾਬਾ ਮਹਿੰਦਰ ਸਿੰਘ ਕਾਰ-

ਸੇਵਾ ਦਿੱਲੀ ਵਾਲੇ, ਪ੍ਰਦਮਸ੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਜਗਤਾਰ ਸਿੰਘ ਤਰਨ ਤਾਰਨ ਵਾਲੇ, ਬਾਬਾ ਸੁਖਵਿੰਦਰ ਸਿੰਘ ਭੂਰੀਵਾਲਿਆਂ ਨੇ ਟੱਪ ਲਗਾ ਕੇ ਕੀਤੀ। ਇਸ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਟਾਹਲੀ ਸਾਹਿਬ ਸੰਤੋਖਸਰ ਵਿਖੇ ਹੋਏ ਸਮਾਗਮ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਦੇਵ ਸਿੰਘ ਖ਼ਾਲਸਾ ਦੇ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ। ਅਰਦਾਸ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਗ੍ਰੰਥੀ ਗਿਆਨੀ ਕੇਵਲ ਸਿੰਘ ਨੇ ਸਰਵਣ ਕਰਵਾਇਆ।

ਇਸ ਮੌਕੇ ਗੱਲਬਾਤ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੰਗਤ ਦੀ ਮੰਗ ਅਨੁਸਾਰ ਗੁਰਦੁਆਰਾ ਸ੍ਰੀ ਟਾਹਲੀ ਸਾਹਿਬ ਸੰਤੋਖਸਰ ਸਾਹਿਬ ਦੇ ਸਰੋਵਰ ਦੀ ਸੇਵਾ ਬਾਬਾ ਬਚਨ ਸਿੰਘ ਤੇ ਬਾਬਾ ਮਹਿੰਦਰ ਸਿੰਘ ਕਾਰ-ਸੇਵਾ ਦਿੱਲੀ ਵਾਲਿਆਂ ਨੂੰ ਸੌਂਪੀ ਗਈ ਸੀ। ਉਨ੍ਹਾਂ ਕਿਹਾ ਕਿ ਅੱਜ ਕਾਰ-ਸੇਵਾ ਦੀ ਆਰੰਭਤਾ ਸਮੇਂ ਜਿੱਥੇ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ ਹੈ, ਉੱਥੇ ਸੰਗਤ ਅੰਦਰ ਵੱਡਾ ਉਤਸ਼ਾਹ ਹੈ। ਉਨ੍ਹਾਂ ਕਿਹਾ ਕਿ ਵੱਡੇ ਭਾਗਾਂ ਦੇ ਨਾਲ ਗੁਰੂ-ਘਰ ਦੀਆਂ ਸੇਵਾਵਾਂ ਵਿਚ ਹਿੱਸਾ ਲਿਆ ਜਾਂਦਾ ਹੈ ਅਤੇ ਸੰਗਤ ਨੂੰ ਅਪੀਲ ਹੈ ਕਿ ਉਹ ਸਰੋਵਰ ਦੀ ਚੱਲ ਰਹੀ ਸੇਵਾ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ ਤੇ ਆਪਣਾ ਜੀਵਨ ਸਫਲਾ ਕਰਨ। ਇਸ ਮੌਕੇ ਪੁੱਜੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਬਾਬਾ ਸੁਰਿੰਦਰ ਸਿੰਘ ਦਿੱਲੀ ਵਾਲੇ, ਵਧੀਕ ਮੈਨੇਜਰ ਸ. ਬਿਕਰਮਜੀਤ ਸਿੰਘ ਝੰਗੀ, ਸ. ਸ਼ਮਸ਼ੇਰ ਸਿੰਘ, ਮੀਤ ਮੈਨੇਜਰ ਸ. ਅਜੈ ਸਿੰਘ ਸਮੇਤ ਵੱਡੀ ਗਿਣਤੀ ਸੰਗਤ ਹਾਜ਼ਰ ਸੀ।

## ਸਰਕਾਰਾਂ ਹਠੀ ਰਵੱਈਆ ਛੱਡ ਕੇ ਕਿਸਾਨਾਂ ਦੀਆਂ ਹੱਕੀ ਮੰਗਾਂ ਮੰਨਣ- ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੧੨ ਦਸੰਬਰ- ਕਿਸਾਨਾਂ ਦੀਆਂ ਹੱਕੀ ਮੰਗਾਂ ਲਈ ਪੰਜਾਬ-ਹਰਿਆਣਾ ਦੇ ਬਾਰਡਰ ਉੱਤੇ ਸੰਘਰਸ਼ ਕਰ ਰਹੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਪ੍ਰਧਾਨ ਸ. ਜਗਜੀਤ ਸਿੰਘ ਡੱਲੇਵਾਲ ਦੀ ਲਗਾਤਾਰ ਵਿਗੜ ਰਹੀ ਸਿਹਤ ਬਾਰੇ ਚਿੰਤਾ ਪ੍ਰਗਟ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਆਪਣਾ ਹਠੀ ਰਵੱਈਆ ਛੱਡ ਕੇ ਕਿਸਾਨਾਂ ਦੀਆਂ ਮੰਗਾਂ ਨੂੰ ਮੰਨ ਲੈਣਾ ਚਾਹੀਦਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਇੱਕ ਪਾਸੇ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਕਿਸਾਨਾਂ ਨੂੰ ਅੰਨਦਾਤਾ ਕਹਿ ਕੇ ਸੰਬੋਧਨ ਕਰਦੇ ਹਨ ਜਦਕਿ ਜ਼ਮੀਨੀ ਸਥਿਤੀ ਇਹ ਹੈ ਕਿ ਦੇਸ਼ ਦੇ ਅੰਨਦਾਤਾ ਨੂੰ ਅੱਜ ਸੜਕਾਂ ਉੱਤੇ ਸੰਘਰਸ਼ ਕਰਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ ਅਤੇ ਸਰਕਾਰਾਂ ਉਨ੍ਹਾਂ ਉੱਤੇ ਕਈ ਤਰ੍ਹਾਂ ਦੇ ਤਸ਼ੱਦਦ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਾਰੀਆਂ ਫਸਲਾਂ ਉੱਤੇ ਘੱਟੋ-ਘੱਟ ਸਮਰਥਨ ਮੁੱਲ ਕਿਸਾਨਾਂ ਦੀ ਹੱਕੀ ਅਤੇ ਜਾਇਜ਼ ਮੰਗ ਹੈ ਅਤੇ ਜੇਕਰ ਕੇਂਦਰ ਸਰਕਾਰ ਚਾਹੁੰਦੀ ਹੈ ਕਿ ਕਿਸਾਨ ਸੰਘਰਸ਼ ਦਾ ਰਾਹ ਛੱਡ ਕੇ ਆਪਣੇ ਘਰਾਂ ਨੂੰ ਜਾਣ ਤਾਂ ਘੱਟੋ-ਘੱਟ ਸਮਰਥਨ ਮੁੱਲ ਦੀ ਗਰੰਟੀ ਦਾ ਕਾਨੂੰਨ ਸੰਸਦ ਅੰਦਰ ਬਿਨਾਂ ਦੇਰੀ ਪਾਸ ਕਰਨਾ ਚਾਹੀਦਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਕਿਸਾਨ ਆਗੂ ਸ. ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਲਗਾਤਾਰ ਵਿਗੜ ਰਹੀ ਹੈ ਅਤੇ ਜੇਕਰ ਉਨ੍ਹਾਂ ਨੂੰ ਕੁਝ ਹੁੰਦਾ ਹੈ ਤਾਂ ਇਸ ਦੀ ਸਿੱਧੀ ਜ਼ਿੰਮੇਵਾਰੀ ਕੇਂਦਰ ਦੇ ਨਾਲ-ਨਾਲ ਪੰਜਾਬ ਅਤੇ ਹਰਿਆਣਾ ਦੀਆਂ ਸੂਬਾ ਸਰਕਾਰਾਂ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਸਿੱਖ ਰਵਾਇਤ ਅਤੇ ਸਿਧਾਂਤ ਵਿਚ ਭੁੱਖ ਹੜਤਾਲ ਨੂੰ ਕੋਈ ਥਾਂ ਨਹੀਂ, ਇਸ ਲਈ ਕਿਸਾਨ ਆਗੂਆਂ ਅਤੇ ਖ਼ਾਸਕਰ ਸ. ਜਗਜੀਤ ਸਿੰਘ ਡੱਲੇਵਾਲ ਨੂੰ ਅਪੀਲ ਹੈ ਕਿ ਉਹ ਚੜ੍ਹਦੀ ਕਲਾ ਨਾਲ ਕਿਸਾਨੀ ਸੰਘਰਸ਼ ਨੂੰ ਅਗਾਂਹ ਵਧਾਉਣ ਤਾਂ ਜੋ ਸਰਕਾਰਾਂ ਤੋਂ ਹੱਕੀ ਮੰਗਾਂ ਮਨਵਾਈਆਂ ਜਾ ਸਕਣ। ■

## ਸਿੱਖ ਰੈਫ਼ਰੈਂਸ ਲਾਇਬ੍ਰੇਰੀ

ਸਮੂਹ ਜਗਤ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਜਿਸ ਸੱਜਣ ਪਾਸ ਕੋਈ ਵੀ ਦੁਰਲੱਭ ਇਤਿਹਾਸਿਕ ਪੁਸਤਕ/ਹੱਥ-ਲਿਖਤ ਗ੍ਰੰਥ/ਪੋਥੀ ਜਾਂ ਕੋਈ ਹੋਰ ਇਤਿਹਾਸਿਕ ਵਸਤੂ ਹੋਵੇ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਭੇਟਾ-ਰਹਿਤ ਜਾਂ ਭੇਟਾ-ਸਹਿਤ ਦੇਣ ਲਈ ਸੰਪਰਕ ਕਰਨ ਜੀ।

## ਫ਼ਿਲਮ ਵਿਭਾਗ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਆਧੁਨਿਕ ਤਕਨੀਕ ਨੂੰ ਅਪਣਾਉਂਦਿਆਂ ਸਿੱਖੀ ਦੇ ਪ੍ਰਚਾਰ-ਪਸਾਰ ਲਈ ਫ਼ਿਲਮਾਂ ਵਿਖਾਉਣ ਵਾਲੀਆਂ ਗੱਡੀਆਂ ਤਿਆਰ ਕਰਵਾਈਆਂ ਗਈਆਂ ਹਨ। ਇਨ੍ਹਾਂ ਗੱਡੀਆਂ ਰਾਹੀਂ ਵੱਖ-ਵੱਖ ਪਿੰਡਾਂ / ਸ਼ਹਿਰਾਂ ਵਿਚ ਜਾ ਕੇ ਸਿੱਖੀ ਦੇ ਪ੍ਰਚਾਰ ਹਿੱਤ ਫ਼ਿਲਮਾਂ ਵਿਖਾਈਆਂ ਜਾਂਦੀਆਂ ਹਨ। ਸੰਗਤ ਦੀ ਮੰਗ 'ਤੇ ਇਨ੍ਹਾਂ ਗੱਡੀਆਂ ਰਾਹੀਂ ਭਾਰਤ ਦੇ ਦੂਰ-ਦੁਰਾਡੇ ਥਾਵਾਂ 'ਤੇ ਜਾ ਕੇ ਪ੍ਰਚਾਰ ਕੀਤਾ ਜਾਂਦਾ ਹੈ।

ਗੁਰਦੁਆਰਾ ਰਾਇਪੁਰ ਰਾਣੀ, ਪੰਚਕੂਲਾ (ਹਰਿਆਣਾ)



Registered with Registrar of Newspaper at No. 354/57

Postal Regd.No.L-I/PB-ASR/007/2025-2027 Without Pre-payment of Postage under License no. PB/0370/2025-2027

**GURMAT PARKASH** January 2025

Dharam Parchar Committee, Shiromani Gurdwara Parbandhak Committee, Sri Amritsar Sahib

ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਸ੍ਰੀ ਮੁਕਤਸਰ ਸਾਹਿਬ
(ਟੁੱਟੀ ਗੰਢੀ ਸਾਹਿਬ)



Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh

Date: 2-1-2025